हमारे ज़िले की डिस्ट्रिक्ट कांग्रेस कमेटी के प्रेज़ीडेन्ट की इलेक्शन होनी थी तो उसके लिए श्री राम चन्दर खड़े हुए। वह वकील भी हैं और इन्टक के सैक्रेटरी भी रहे हैं। तो यहां से एक मन्त्री महोदय वहां पर तशरीफ ले गए। मैं उनका नाम नहीं लेना चाहता क्योंकि वह हमारे ज़िला के रहने वाले हैं। (विघ्न) मैं इनकी कौमप्रस्ती की मिसाल देना चाहता हूं, तो वह कहने लगे कि भाई तुम इस परसराम की औलाद को क्यों सिर पर बिठा रहे हो। (विरोधी दल की ओर से शेम शेम) तो यह आज कौमपरस्ती के नाम से फिरकाप्रस्ती खुद करते हैं (प्रशंसा)।

एक और मिसाल, डिप्टी स्पीकर साहिब, आपको दूं कि मास्टर तारा सिंह ने कुछ अर्सा हुआ भूख हड़ताल की थी और इनके मुकाबला में श्री सूर्य देव ने भी

भूख हड़ताल की थी। जब भूख हड़ताल खत्म हो गई तो हकूमत की तरफ से सब महकमों को इन्स्ट्रक्शन चली गईं कि तमाम जगहों पर जहां श्री सूर्य देव जाएं वहां पर सरकारी जलसे किए जाएं। मैं श्री सूर्य देव के खिलाफ नहीं लेकिन मैं यह पूछना चाहता हूं कि अगर यह फिरकाप्रस्ती की निशानी नहीं और कौमपरस्ती का ढौंग नहीं तो मास्टर तारा सिंह के लिए इस तरह की इन्स्ट्रक्शन्ज़ क्यों जारी नहीं की गई? अगर आप कौम परस्ती का दम भरते हैं तो जहां श्री सूर्य देव को कौम प्रस्त कहा जा सकता है वहां मास्टर तारा सिंह को भी कहा जा सकता है। (घंटी) (विघ्न)

(विरोधी पक्ष की ओर से प्रशंसा)

पंडित चिरंजी लाल शर्मा : बातें तो और बहुत सी थीं लेकिन आप का हुक्म है इस लिए यहीं पर अपनी स्पीच को खत्म करता हूं और इस धन्यवाद के प्रस्ताव का विरोध करता हूं।

ਕੈਪਟਨ ਰਤਨ ਸਿੰਘ (ਗੜ੍ਹ ਸ਼ੰਕਰ) : ਡਿਪਟੀ ਸਪੀਕਰ ਸਾਹਿਬਾ, ਮੈਂ ਤੁਹਾਡੀ ਵਸਾਤਤ ਨਾਲ ਜੋ ਐਡਰਸ ਗਵਰਨਰ ਸਾਹਿਬ ਨੇ ਇਸ ਹਾਉਸ ਵਿਚ ਪੇਸ਼ ਕੀਤਾ ਹੈ ਉਸ ਦੀਆਂ ਸਾਰੀਆਂ ਖੂਬੀਆਂ ਦਾ ਬਿਆਨ ਕਰਾਂ ਤਾਂ ਬਹੁਤ ਵਕਤ ਲਗ ਜਾਵੇਗਾ। ਇਸ ਲਈ ਉਸ ਐਡਰਸ ਵਿਚੋਂ ਕੁਝ ਚੀਜ਼ਾਂ ਦਾ ਹੀ ਜ਼ਿਕਰ ਆਪ ਦੀ ਰਾਹੀਂ ਇਸ ਹਾਉਸ ਵਿਚ ਕਰਾਂਗਾ।

ਡਿਪਟੀ ਸਪੀਕਰ ਸਾਹਿਬਾ, ਕਿਸੇ ਹਕੂਮਤ ਜਾਂ ਕਿਸੇ ਸੂਬੇ ਦੇ ਕੰਮ ਨੂੰ ਵੇਖਣ ਵਾਸਤੇ ਦੋ ਚਾਰ ਚੀਜ਼ਾਂ ਹੀ ਹੁੰਦੀਆਂ ਹਨ ਜਿਨ੍ਹਾਂ ਚੀਜਾਂ ਨੂੰ ਵੇਖ ਕੇ ਅਸੀਂ ਇਹ ਅੰਦਾਜ਼ਾ ਲਗਾ ਸਕਦੇ ਹਾਂ ਕਿ ਕਿਸੇ ਸੂਬੇ ਨੇ ਕਿਸ ਹਦ ਤਕ ਤਰੱਕੀ ਕੀਤੀ ਹੈ। ਜੇਕਰ ਮੈਂ ਪੰਜਾਬ ਦੇ ਸੂਬੇ ਦਾ ਮੁਕਾਬਲਾ ਜਰਮਨੀ ਨਾਲ ਕਰਾਂ ਜਾਂ ਜਾਪਾਨ ਨਾਲ ਕਰਾਂ ਤਾਂ ਉਹ ਗਲ ਤਾਂ ਹੈ ਨਹੀਂ, ਪਰ ਹੋਰਨਾਂ ਸੂਬਿਆਂ ਨਾਲ ਜੇਕਰ ਪੰਜਾਬ ਦੀ ਤਰੱਕੀ ਦਾ ਮੁਕਾਬਲਾ ਕਰਾਂ ਤਾਂ........ (ਵਿਘਣ)

ਸਰਦਾਰ ਗੁਰਚਰਨ ਸਿੰਘ : ਤੂੰ ਜਿੰਨੀ ਬਲੈਕ ਮਾਰਕਿਟ ਕਰਕੇ ਤਰੱਕੀ ਕੀਤੀ ਹੈ ਸਾਨੂੰ ਪਤਾ ਹੈ।

ਕੈਪਟਨ ਰਤਨ ਸਿੰਘ : ਮੈਂ ਬਲੈਕ ਮਾਰਕਿਟ ਨਹੀਂ ਕੀਤੀ ਹੈ ਪਰ ਤੂੰ ਸਮਗਲਿੰਗ ਬਹੁਤ ਕੀਤੀ ਹੈ। ਡਿਪਟੀ ਸਪੀਕਰ ਸਾਹਿਬਾ, ਜੇਕਰ ਇਹ ਇਸ ਤਰ੍ਹਾਂ ਕਰਨਗੇ ਤਾਂ ਮੈਨੂੰ ਵੀ ਇਸ ਦਾ ਜਵਾਬ ਪੱਥਰ ਨਾਲ ਦੇਣਾ ਪਏਗਾ।

ਡਿਪਟੀ ਸਪੀਕਰ ਸਾਹਿਬਾ, ਮੈਂ ਤੁਹਾਨੂੰ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਗਰ ਮੈਂਬਰ ਸਾਹਿਬਾਨ ਦੋਹਾਈ ਕਰਦੇ ਰਹਿਣਗੇ ਤਾਂ ਮੈਨੂੰ ਵੀ ਇਟ ਦਾ ਜਵਾਬ ਪੱਥਰ ਵਿੱਚ ਹੀ ਦੇਣਾ ਪਵੇਗਾ ਨਹੀਂ ਤਾਂ ਮੈਂ ਆਰਾਮ ਨਾਲ ਹੀ ਬੋਲਦਾ ਜਾਵਾਂਗਾ।

उपाध्यक्षा : आपने जो कुछ भी कहना है कहें। जो यह कहेंगे वह मैं समझूंगी। (The hon. Member should continue his speech. I will see if there is any interruption.)

ਕੈਪਟਨ ਰਤਨ ਸਿੰਘ : ਜੇ ਕਰ ਅਜ ਮੈਂ ਪੰਜਾਬ ਦਾ ਮੁਕਾਬਲਾ ਹੋਰਨਾਂ ਸੂਬਿਆਂ ਦੇ ਨਾਲ ਕਰਾਂ ਤਾਂ ਮੇਰਾ ਸਿਰ ਹਮੇਸ਼ਾ ਉੱਚਾ ਰਹੇਗਾ (ਤਾੜੀਆਂ)। ਪੰਜਾਬੀ ਸਾਰੀਆਂ ਗੱਲਾਂ ਨੂੰ ਸਹੀ ਤੌਰ ਤੇ ਜਾਣਦੇ ਹਨ। ਤੁਸੀਂ ਅਜ ਜਿਥੇ ਕਿਧਰੇ ਵੀ ਚਲੇ ਜਾਉ ਕਿਸੇ ਬਾਹਰਲੇ ਮੁਲਕ ਵਿਚ ਚਲੇ ਜਾਉ ਹਰ ਇਕ

[ਕੈਪਟਨ ਰਤਨ ਸਿੰਘ]

ਦੀ ਜ਼ਬਾਨ ਇਹੋ ਕਹੇਗੀ ਕਿ ਪੰਜਾਬ ਬੜੀ ਹੀ ਤਰੱਕੀ ਕਰ ਰਿਹਾ ਹੈ। ਪਰ ਜਿਥੇ ਇਹ ਅੱਜ ਇਤਨੀ ਤਰੱਕੀ ਕਰ ਰਿਹਾ ਹੈ ਉਥੇ ਇਹ ਪੁਲੀਟੀਕਲੀ ਲੜਦਾ ਵੀ ਬੜਾ ਹੈ ਇਹ ਮਿਸਾਲ ਅੱਜ ਸਾਡੇ ਸਾਹਮਣੇ ਹੈ ਜੇ ਇਹ ਕੋਆਪਰੇਸ਼ਨ ਕਰਨ ਤਾਂ ਅਜ ਪੰਜਾਬੀ ਸਾਰਿਆਂ ਨਾਲੋਂ ਅੱਗੇ ਨਿਕਲ ਸਕਦੇ ਹਨ। ਜੇ ਕਰ ਪੰਜਾਬੀ ਸਾਰਿਆਂ ਨਾਲ ਕੁਆਪਰੇਸ਼ਨ ਦਾ ਸਬੂਤ ਦੇਣ ਤਾਂ ਮੈਂ ਕਹਿ ਸਕਦਾ ਹਾਂ ਕਿ ਪੰਜਾਬ 5—7 ਸਾਲ ਤਕ ਜਰਮਨੀ ਅਤੇ ਜਾਪਾਨ ਦਾ ਵੀ ਮੁਕਾਬਲਾ ਕਰ ਸਕਦਾ ਹੈ।

ਸਰਦਾਰ ਗੁਰਨਾਮ ਸਿੰਘ: ਕਾਗਜ਼ਾਂ ਵਿਚ ਤਾਂ ਜ਼ਰੂਰ ਤਰੱਕੀ ਹੋ ਜਾਵੇਗੀ ਪਰ ਅਮਲੀ ਤੌਰ ਤੇ ਇਹ ਬੜਾ ਹੀ ਮੁਸ਼ਕਲ ਹੈ।

ਕੈਪਟਨ ਰਤਨ ਸਿੰਘ: ਏਥੇ ਮੈਂ ਇਕ ਜ਼ਿਕਰ ਐਗਰੀਕਲਚਰ ਦਾ ਵੀ ਕਰਨਾ ਚਾਹੁੰਦਾ ਹਾਂ। ਐਗਰੀਕਲਚਰ ਇਕ ਐਸਾ ਪਹਿਲੂ ਹੈ ਕਿ ਜਿਸ ਵਿੱਚ ਜੇ ਕਰ ਸਾਰੇ ਪੰਜਾਬੀਆਂ ਵਲੋਂ ਕੁਆਪਰੇਸ਼ਨ ਕੀਤੀ ਜਾਵੇ ਤਾਂ ਸਾਡੀ ਪੈਦਾਵਾਰ ਦੁਗਣੀ ਹੋ ਸਕਦੀ ਹੈ। ਦੁਗਣੀ ਹੀ ਨਹੀਂ ਬਲਕਿ ਇਹ ਤਿਗਣੀ ਹੋ ਸਕਦੀ ਹੈ। ਜਿਹੜੀ ਪਾਲੀਸੀ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿੱਚ ਬਿਆਨ ਕੀਤੀ ਹੈ ਮੈਂ ਕਹਾਂਗਾ ਕਿ ਇਸ ਦੇ ਨਾਲ ਤਰੱਕੀ ਲਾਜ਼ਮੀ ਹੈ। ਐਗਰੀਕਲਚਰ ਸਬੰਧੀ ਉਨ੍ਹਾਂ ਨੇ 2-3 ਚੀਜ਼ਾਂ ਦਾ ਜ਼ਿਕਰ ਕੀਤਾ ਹੈ। ਮੈਂ ਇਨ੍ਹਾਂ ਬਾਰੇ ਆਪ ਜੀ ਦੀ ਵਸਾਤਤ ਨਾਲ ਕੁਝ ਅਰਜ਼ ਕਰਨਾ ਚਾਹੁੰਦਾ ਹਾਂ। ਸ੍ਰੀ ਚਿਰੰਜੀ ਲਾਲ ਨੇ ਵੀ ਏਥੇ ਗਰੇਪ-ਵਾਈਨ ਦੀ ਗੱਲ ਕੀਤੀ। ਜੇ ਕਰ ਕੋਈ ਹੋਰ ਇਹ ਗੱਲ ਕਹਿੰਦਾ ਤਾਂ ਮੈਂ ਵੀ ਯਕੀਨ ਕਰ ਲੈਂਦਾ। (ਵਿਘਨ)

ਡਿਪਟੀ ਸਪੀਕਰ: ਜੋ ਕੁਝ ਤੁਸੀਂ ਕਹਿਣਾ ਸੀ ਕਿਹਾ ਪਰ ਤੁਸੀਂ ਉਨ੍ਹਾਂ ਦੀ ਗੱਲ ਦਾ ਜਵਾਬ ਤਾਂ ਨਾ ਦਿਉ। (The hon. Member has had his say, but he should not reply to what Pandit Chiranji Lal Sharma had said.)

ਕੈਪਟਨ ਰਤਨ ਸਿੰਘ: ਗਰੇਪ-ਵਾਈਨ ਦੇ ਬਾਰੇ ਜੇ ਕਰ ਕੋਈ ਐਗਰੀਕਲਚਰਿਸਟ ਗੱਲ ਕਰਦਾ, ਤਾਂ ਮੈਂ ਜ਼ਰੂਰ ਗੌਰ ਨਾਲ ਸੁਣਦਾ। ਮੈਂ ਉਨ੍ਹਾਂ ਨੂੰ ਇਹ ਗੱਲ ਦੱਸਣੀ ਚਾਹੁੰਦਾ ਹਾਂ ਕਿ ਜੇਕਰ ਇਕ ਏਕੜ ਵਿਚ ਗਰੇਪਸ ਕਾਮਿਆਬ ਹੋ ਜਾਣ ਤਾਂ ਉਥੇ ਸੱਤ-ਅੱਠ ਸੌ ਮਣ ਦਾਣਿਆਂ ਦੇ ਮੁੱਲ ਦੀ ਪੈਦਾਵਾਰ ਕੀਤੀ ਜਾ ਸਕਦੀ ਹੈ। ਅਤੇ ਇਸ ਫ਼ਸਲ ਨੂੰ ਬੜੀ ਤੇਜ਼ੀ ਨਾਲ ਵਧਾਇਆ ਵੀ ਜਾ ਸਕਦਾ ਹੈ। (ਵਿਘਨ)। ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਨੇ ਜੋ ਕੁਝ ਵੀ ਕੀਤਾ ਹੈ 5-6 ਮਹੀਨੇ ਵਿਚ ਫਰਟੀਲਾਈਜ਼ਿੰਗ ਦੀ ਮੁਹਿਮ, ਇਸ ਦੀ ਖਪਤ ਅਗੇ ਨਾਲੋਂ $1\frac{1}{2}$ ਜਾਂ ਕਹੋ ਦੁਗਣੀ ਕਰ ਦਿੱਤੀ ਹੈ। ਫਸਲਾਂ ਅਗੇ ਨਾਲੋਂ ਕਈ ਗੁਣਾ ਜ਼ਿਆਦਾ ਹੋਣੀਆਂ ਚਾਹੀਦੀਆਂ ਸਨ ਜਿਵੇਂ ਫਰਟੀਲਾਈਜ਼ਰ ਦੀ ਵਰਤੋਂ ਏਥੇ ਕੀਤੀ ਜਾ ਰਹੀ ਹੈ। ਪਰ ਬਦਕਿਸਮਤੀ ਨਾਲ ਐਤਕੀ ਕੋਰਾ ਪੈ ਗਿਆ ਜਿਸ ਨਾਲ ਇਤਨਾ ਨੁਕਸਾਨ ਹੋਇਆ ਹੈ। ਪਰ ਮੇਰੇ ਸਾਹਮਣੇ ਬੈਠੇ ਸਾਥੀ ਤਾਂ ਇਹੋ ਕਹਿਣਗੇ ਕਿ ਇਹ ਕੋਰਾ ਵੀ ਪੰਜਾਬ ਗਵਰਨਮੈਂਟ ਨੇ ਹੀ ਪਾਇਆ ਹੈ (ਹਾਸਾ)। ਮੈਂ ਮੰਨਦਾ ਹਾਂ ਕਿ ਅਜ ਸਾਡੇ ਪੰਜਾਬ ਦੇ ਕਿਸਾਨ ਦਾ ਬੜਾ ਹੀ ਨੁਕਸਾਨ ਹੋਇਆ ਹੈ। ਇਤਨੇ ਨੁਕਸਾਨ ਦੇ ਬਾਵਜੂਦ ਵੀ ਪੰਜਾਬ ਪਾਸ ਇਤਨਾ ਅਨਾਜ ਹੈ ਕਿ ਜੇਕਰ ਇਹ ਬਾਹਰ ਨੂੰ ਵੀ ਭੇਜੇ ਤਾਂ ਇਸ ਪਾਸ ਕਾਫੀ ਅਨਾਜ ਬਚ ਸਕਦਾ ਹੈ। ਪਰ ਮੈਨੂੰ ਇਥੇ ਇਕ ਪੰਜਾਬੀ ਦਾ ਮਹਾਵਰਾ ਕਹਿਣਾ ਪੈਂਦਾ ਹੈ ਕਿ ਜਿਵੇਂ ਸਾਉਣ ਦੇ ਅੰਨ੍ਹੇ ਨੂੰ ਹਰਾ ਹੀ ਹਰਾ ਦਿਸਦਾ ਹੈ, ਏਸੇ ਤਰ੍ਹਾਂ ਆਪੋਜ਼ੀਸ਼ਨ ਵਾਲਿਆਂ ਨੂੰ ਜੇਕਰ ਕੋਈ ਚੰਗੀ ਚੀਜ਼ ਵੀ ਦੱਸੀ ਜਾਂਦੀ ਹੈ ਤਾਂ ਉਸ ਨੂੰ ਵੀ ਇਹ ਭਰਾ ਸ਼ਕ ਭਰੀਆਂ ਨਜ਼ਰਾਂ ਨਾਲ ਤਕਦੇ ਹਨ। ਅੱਜ ਇਹ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਮੈਂ ਅਰਜ਼ ਕਰਾਂ ਕਿ ਅੱਜ ਪੰਜਾਬ ਦੇ ਜ਼ਿਮੀਂਦਾਰ ਕੋਲ ਇਤਨਾ ਅਨਾਜ ਹੈ ਕਿ ਜੇ ਉਹ

ਮੰਡੀਆਂ ਵਿਚ ਲੈ ਜਾ ਕੇ ਵੇਚਦਾ ਹੈ ਤਾਂ ਉਸ ਨੂੰ ਉਸ ਦਾ ਮੁਲ 70 ਰੁਪਏ ਕੁਇੰਟਲ ਮਿਲਦਾ ਹੈ। ਇਸ ਦੇ ਨਾਲ ਹੀ ਸਿਵਿਲ ਸਪਲਾਈ ਦੇ ਮਹਿਕਮੇ ਨੇ ਪੰਜਾਬ ਵਿਚ ਹਰ ਗਰੀਬ ਆਦਮੀ ਨੂੰ ਬਚਾਇਆ ਹੈ। (ਵਿਘਨ) ਇਸ ਮਹਿਕਮੇ ਨੇ 50 ਹਜ਼ਾਰ ਟਨ ਗੱਲਾ ਲੋਕਾਂ ਨੂੰ ਸਪਲਾਈ ਕੀਤਾ ਜਿਸ ਦਾ ਬਣਿਆ ਹੋਇਆ ਆਟਾ 44 ਪੈਸੇ ਫੀ ਕਿਲੋ ਦੇ ਭਾਉ ਨਾਲ ਸਾਰੇ ਪੰਜਾਬ ਵਿੱਚ ਮਿਲਦਾ ਹੈ। ਜੇ ਕਰ ਇਹ ਇੰਤਜ਼ਾਮ ਨਾ ਕੀਤਾ ਹੁੰਦਾ ਤਾਂ ਪਤਾ ਨਹੀਂ ਕੀ ਹੋ ਜਾਣਾ ਸੀ। ਮੈਨੂੰ ਇਹ ਵੇਖ ਕੇ ਬੜਾ ਦੁਖ ਹੋਇਆ ਹੈ ਕਿ ਮੇਰੇ ਵੀਰ ਸਰਦਾਰ ਲਛਮਣ ਸਿੰਘ ਬਜਾਏ ਇਸ ਦੇ ਕਿ ਉਹ ਤਾਰੀਫ ਕਰਨ, ਉਨ੍ਹਾਂ ਨੇ ਇਸ ਤੇ ਉਲਟਾ ਇਤਰਾਜ਼ ਕੀਤਾ ਹੈ। ਇਹ ਚੀਜ਼ ਅਸੀਂ ਖੁਦ ਦੇਖ ਸਕਦੇ ਹਾਂ। ਜੇਕਰ ਅਸੀਂ ਜਮਹੂਰੀਅਤ ਨੂੰ ਵਧਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਜ਼ਰੂਰ ਹੋਣਾ ਚਾਹੀਦਾ ਹੈ। ਇਸ ਮੁਲਕ ਵਿਚ ਉਦੋਂ ਤਕ ਤਰੱਕੀ ਨਹੀਂ ਹੋ ਸਕਦੀ ਜਦੋਂ ਤਕ ਕਿ ਅਸੀਂ ਸਚਾਈ ਨਾਲ ਕੰਮ ਨਾ ਕਰੀਏ; ਐਵੇਂ ਝੂਠ ਤੂਫਾਨ ਖੜ੍ਹਾ ਕਰਕੇ ਅਸੀਂ ਕਿਸੇ ਮਿਸ਼ਨ ਵਿਚ ਕਾਮਿਆਬ ਨਹੀਂ ਹੋ ਸਕਦੇ।

ਬਾਬੂ ਬਚਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਕੋਈ ਆਨਰੇਬਲ ਮੈਂਬਰ ਇਹ ਲਫਜ਼ ਕਹਿ ਸਕਦਾ ਹੈ ਕਿ ਇਨ੍ਹਾਂ ਨੇ ਬੜਾ ਝੂਠ ਤੂਫਾਨ ਖੜ੍ਹਾ ਕੀਤਾ ਹੈ? ਕੀ ਇਹ ਲਫਜ਼ ਪਾਰਲੀਮੈਂਟਰੀ ਹਨ?

उपाध्यक्षा : जो भी कहा जाये उसके लिए नरमाई के शब्द इस्तेमाल होने चाहिए। (The hon. Members should speak politely.)

(*Interruption by Sardar Gurcharan Singh*)

Deputy Speaker : Sardar Gurcharan Singh, let me perform my duties. Capt. Rattan Singh may please continue his speech.

कैप्टन रतन सिंह : मैंने कहा है कि हमें अपना फर्ज़ पहिचानना चाहिए। और मैं यह बात सच कहता हूं कि हम जो पालिटीशन्ज हैं लोगों को धोखा देते हैं। हमें धोके बाज़ी से बाज़ आना चाहिए अगर हम ने इस देश को बचाना है।

Sardar Gurnam Singh : Madam, he should be asked not to use such unparliamentary expressions. Rather he should withdraw the unparliamentary expression used by him.

उपाध्यक्षा : कैप्टेन रतन सिंह जो बात नामुनासिब हो, चाहे यह किसी से भी ताल्लुक रखती हो, उसे विदड्रा कर लीजिए। (I would ask Captain Rattan Singh to please withdraw the undesirable expression whom soever it may concern.)

ਕੈਪਟਨ ਰਤਨ ਸਿੰਘ ; ਜਨਾਬ, ਮੈਂ ਜਜ਼ਬਾਤ ਵਿਚ ਆਕੇ ਜਿਹੜੀ ਗੱਲ ਕਹੀ ਹੈ, ਉਹ ਸਹੀ ਸਮਝ ਕੇ ਕਹੀ ਹੈ ਲੇਕਿਨ ਜੇਕਰ ਇਸ ਨਾਲ ਕਿਸੇ ਨੂੰ ਦੁਖ ਹੋਇਆ ਹੈ ਤਾਂ ਮੈਂ ਵਿਦਡਰਾ ਕਰਦਾ ਹਾਂ।

ਡਿਪਟੀ ਸਪੀਕਰ ਸਾਹਿਬਾ, ਜਿਹੜੀ ਫੂਡ ਪ੍ਰਾਈਸਿਸ ਦੀ ਗਲ ਹੈ ਇਸਦਾ ਮੈਨੂੰ ਵੀ ਸਖਤ ਅਫਸੋਸ ਹੈ। ਇਹ ਮੈਂ ਮੰਨਦਾ ਹਾਂ ਕਿ ਇਨ੍ਹਾਂ ਪ੍ਰਾਈਸਿਜ਼ ਨੂੰ ਚੈਕ ਕਰਨ ਲਈ

[ਕੈਪਟਨ ਰਤਨ ਸਿੰਘ]

ਸਰਕਾਰ ਨੂੰ ਇਫੈਕਟਿਵ ਇਕਦਾਮਾਤ ਲੈਣੇ ਪੈਣਗੇ ਲੇਕਿਨ ਡੈਮੋਕਰੇਟਿਕ ਢੰਗ ਨਾਲ ਤਰੀਕਾ ਅਖਤਿਆਰ ਕਰਕੇ ਇਹ ਕੀਮਤਾਂ ਰੋਕਣੀਆਂ ਚਾਹੀਦੀਆਂ ਹਨ । ਡਿਪਟੀ ਸਪੀਕਰ ਸਾਹਿਬਾ, ਇਕ ਮੁਸ਼ਕਿਲ ਇਹ ਹੈ ਕਿ ਜਦ ਸਰਕਾਰ ਇਨ੍ਹਾਂ ਕੀਮਤਾਂ ਨੂੰ ਰੋਕਣ ਲਈ ਕਦਮ ਚੁਕਦੀ ਹੈ ਤਾਂ ਆਪੋਜ਼ੀਸ਼ਨ ਵਾਲੇ ਸਾਥੀ ਰੁਕਾਵਟ ਪਾਉਂਦੇ ਹਨ ਔਰ ਕੀਮਤਾਂ ਵਧਾਉਣ ਵਾਲਿਆਂ ਦੀ ਮਦਦ ਕਰਦੇ ਹਨ । ਮੈਂ ਲੁਧਿਆਣੇ ਦਾ ਵਾਕਿਆ ਪੇਸ਼ ਕਰਨਾ ਚਾਹੁੰਦਾ ਹਾਂ ਕਿ ਉਥੇ ਪੁਲਿਸ ਨੇ ਇਕ ਰੇਡ ਕੀਤਾ, ਅਤੇ ਕੁਝ ਲੋਕ ਗ੍ਰਿਫਤਾਰ ਕੀਤੇ ਮਗਰ ਉਸ ਦਾ ਨਤੀਜਾ ਇਹ ਹੋਇਆ ਕਿ ਹਜ਼ਾਰਾਂ ਦੀ ਤਾਦਾਦ ਵਿਚ ਲੋਕਾਂ ਨੇ ਹੜਤਾਲ ਕਰ ਦਿੱਤੀ । ਆਪੋਜ਼ੀਸ਼ਨ ਵਾਲੇ ਸਾਥੀਆਂ ਵਲੋਂ ਹੜਤਾਲੀਆਂ ਦੀ ਮਦਦ ਕੀਤੀ ਗਈ। ਇਸ ਕਰਕੇ, ਡਿਪਟੀ ਸਪੀਕਰ ਸਾਹਿਬਾ, ਸਰਕਾਰ ਨੂੰ ਮੁਸ਼ਕਿਲ ਪੇਸ਼ ਆਉਂਦੀ ਹੈ। ਜੇ ਇਹ ਹਾਊਸ ਸਰਕਾਰ ਨੂੰ ਪੂਰੇ ਅਖਤਿਆਰ ਦੇ ਦੇਵੇ ਤਾਂ ਹਾਲਾਤ ਛੇਤੀ ਦਰੁਸਤ ਹੋ ਸਕਦੇ ਹਨ ।

Deputy Speaker : Please wind up within two minutes.

ਕੈਪਟਨ ਰਤਨ ਸਿੰਘ : ਬਹੁਤ ਅੱਛਾ ਜੀ। ਹੁਣ ਮੈਂ ਇਕ ਗੱਲ ਕਹਿ ਕੇ ਖਤਮ ਕਰ ਦੇਵਾਂਗਾ। ਉਹ ਇਹ ਕਿ ਜਿਹੜੇ ਫੌਜੀ ਭਾਈ ਪਹਾੜਾਂ ਉੱਤੇ ਸਾਡੇ ਫਰੰਟੀਅਰ ਨੂੰ ਡਿਫੈਂਡ ਕਰ ਰਹੇ ਹਨ, ਉਨ੍ਹਾਂ ਦੇ ਇਹ ਵਿਚਾਰ ਹਨ ਕਿ ਜਿਉਂਦੀ ਰਹੇ ਪੰਜਾਬ ਸਰਕਾਰ, ਅਤੇ ਪੰਜਾਬ ਦਾ ਚੀਫ ਮਨਿਸਟਰ ਜਿਸ ਨੇ ਉਨ੍ਹਾਂ ਦੇ ਫੈਮਿਲ਼ੀਜ਼ ਨੂੰ ਸਹੂਲਤਾਂ ਦਿੱਤੀਆਂ ਹਨ ।

ਆਖਿਰ ਵਿਚ ਮੈਂ ਗਵਰਨਰ ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਡੀ ਸਰਕਾਰ ਦੀ ਸਰਾਹਨਾ ਕੀਤੀ ਹੈ ।

उपाध्यक्षा : मैं इस हाउस की मदद चाहती हूं । हरएक मेम्बर यह चाहता है कि बोलने के लिए टाईम दिया जाये । इसलिए ग्रुप लीडर्स और लीडर्स आफ दी ओपोजीशन मिलकर सलाह दें कि कुछ टाईम परोपोरशनेटली फिक्स कर दिया जाये। (I want to seek the help of the Leader of the Opposition and the Group Leaders in fixing up the time for every hon. Member who want to speak.)

ਸਰਦਾਰ ਗੁਰਨਾਮ ਸਿੰਘ : 20 ਮਿੰਟ ਗਰੁਪ ਲੀਡਰਾਂ ਨੂੰ ਅਤੇ 15 ਮਿੰਟ ਦੂਸਰੇ ਮੈਂਬਰਾਂ ਨੂੰ ਦੇ ਦਿਉ, ਤਾਂ ਠੀਕ ਰਹੇਗਾ ।

Deputy Speaker : Agreed.

ਸ੍ਰੀ ਬਲਰਾਮਜੀ ਦਾਸ ਟੰਡਨ : ਡਿਪਟੀ ਸਪੀਕਰ ਸਾਹਿਬਾ, ਅਗਰ ਤੁਹਾਡੀ ਅਜਾਜ਼ਤ ਹੋਵੇ ਤਾਂ ਮੈਂ

12.00 noon

ਤੁਹਾਨੂੰ ਰਾਏ ਦਿਆਂ। ਮੇਰੀ ਇਹ ਰਾਏ ਹੈ ਕਿ ਯਾ ਤਾਂ ਤੁਸੀਂ ਗਰੁਪ ਲੀਡਰਜ਼ ਨੂੰ 25, 25 ਮਿੰਟ ਦੇ ਦਿਉ ਅਤੇ ਮੈਂਬਰਾਂ ਨੂੰ 15, 15 ਮਿਨਟ ਦੇ ਦਿਉ। ਜੇ ਇਸ ਤਰ੍ਹਾਂ ਨਹੀਂ ਕਰਨਾ ਤਾਂ ਟੋਟਲ ਟਾਈਮ ਜਿਤਨਾ ਬਣਦਾ ਹੈ ਉਹ ਪਰੋਪੋਰਸ਼ਨੇਟਲੀ ਤੁਸੀਂ ਆਪਣੀਆਂ ਆਪਣੀਆਂ ਪਾਰਟੀਆਂ ਦੇ ਲੀਡਰਾਂ ਨੂੰ ਦੇ ਦਿਉ, ਉਹ ਚਾਹੇ ਸਾਰਾ ਟਾਈਮ ਆਪਣੇ ਇਕ ਮੈਂਬਰ ਨੂੰ ਦੇ ਦੇਣ, ਚਾਹੇ ਵੰਡ ਕੇ ਬੋਲਣ।

Deputy Speaker : But the hon. Members do not adhere to that arrangement.

ਸਰਦਾਰ ਗੁਰਦਿਆਲ ਸਿੰਘ ਢਿਲੋਂ (ਤਰਨਤਾਰਨ) : ਡਿਪਟੀ ਸਪੀਕਰ ਸਾਹਿਬਾ, ਗਵਰਨਰ ਸਾਹਿਬ ਦੇ ਭਾਸ਼ਣ ਤੇ ਕਾਫੀ ਮੈਂਬਰ ਸਾਹਿਬਾਨ ਨੇ ਬਹਿਸ ਕੀਤੀ ਹੈ ਅਤੇ ਸਰਕਾਰੀ ਬੈਂਚਾਂ ਵਲੋਂ ਮਾੜੀਆਂ

ਗਲਾਂ ਨੂੰ ਵੀ ਚੰਗਾ ਹੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ । (ਵਿਘਨ) ਗਲ ਵੀ ਠੀਕ ਹੈ, ਇਹ ਆਪਣੀ ਪੇਸ਼ ਕੀਤੀ ਹੋਈ ਚੀਜ਼ ਨੂੰ ਬੁਰਾ ਵੀ ਕਿਸ ਤਰ੍ਹਾਂ ਕਹਿ ਸਕਦੇ ਹਨ। ਜੇਕਰ ਇਹ ਬੁਰਾ ਕਹਿਣਗੇ ਤਾਂ ਇਹ ਵੀ ਏਸ ਪਾਸੇ ਵਲ ਆ ਕੇ ਬੈਠਣਗੇ । ਏਸ ਹਾਊਸ ਦੇ ਵਿਚ ਕਈ ਸਾਲਾਂ ਤੋਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਸੁਣਨ ਦਾ ਮੌਕਾ ਮਿਲਿਆ ਹੈ । ਹੁਣ ਜੋ ਐਡਰੈਸ ਪੇਸ਼ ਕੀਤਾ ਗਿਆ ਹੈ ਮੈਂ ਇਸ ਨੂੰ ਵੀ ਸੁਣਿਆ ਹੈ । ਮੈਂ ਇਹ ਅਰਜ਼ ਕਰਾਂਗਾ ਕਿ ਕੋਈ ਮੈਂਬਰ ਸਾਹਿਬ ਇਹ ਨਾ ਸਮਝ ਲਏ ਕਿ ਮੇਰਾ ਉਧਰੋਂ ਇਧਰ ਆ ਕੇ ਕੁਝ ਨਜ਼ਰਿਆ ਬਦਲ ਗਿਆ ਹੋਵੇਗਾ । ਐਸੀ ਚੀਜ਼ ਨਹੀਂ। ਮੈਂ ਇਸ ਨੂੰ ਇਸ ਦੇ ਮੈਰਿਟਸ ਤੋਂ ਦੇਖਿਆ ਹੈ । ਇਤਨਾ ਫਿੱਕਾ ਔਰ ਬੇਮਜ਼ਾ ਐਡਰੈਸ ਮੈਂ ਅੱਜ ਤਕ ਨਹੀਂ ਦੇਖਿਆ । ਇਹ ਬਿਲਕੁਲ ਉਸੇ ਤਰ੍ਹਾਂ ਮਾਲੂਮ ਹੁੰਦਾ ਹੈ ਜਿਸ ਤਰ੍ਹਾਂ ਰੁਟੀਨ ਦੇ ਵਿਚ ਦਫਤਰਾਂ ਵਿਚ ਕੋਈ ਕਾਰਵਾਈ ਕੀਤੀ ਜਾਂਦੀ ਹੈ । ਸਾਡੇ ਵਿਧਾਨ ਦੇ ਵਿਚ ਇਹ ਦੱਸਿਆ ਗਿਆ ਹੈ ਕਿ ਸਾਲ ਦੇ ਸ਼ੁਰੂ ਦੇ ਵਿੱਚ ਜਿਹੜਾ ਵੀ ਪਹਿਲਾ ਸੈਸ਼ਨ ਹੋਵੇਗਾ ਉਸ ਨੂੰ ਗਵਰਨਰ ਸਾਹਿਬ ਐਡਰੈਸ ਕਰਨਗੇ ਅਤੇ ਆਉਣ ਵਾਲੇ ਸਾਲ ਦੀ ਜੋ ਪਾਲੀਸੀ ਹੈ, ਜੋ ਲੈਜਿਸਲੇਸ਼ਨ ਹੈ ਤੇ ਜੋ ਪਿਛਲੇ ਸਾਲ ਨਾਲੋਂ ਵੱਧ ਗੱਲਾਂ ਕਰਨੀਆਂ ਹੋਣ ਉਨ੍ਹਾਂ ਦੀ ਉਸ ਐਡਰੈਸ ਵਿਚ ਕੁਝ ਝਲਕ ਨਜ਼ਰ ਆਵੇਗੀ। ਇਸ ਤੋਂ ਇਲਾਵਾ ਜੋ ਹਕੂਮਤ ਕਰਨ ਵਾਲੀ ਪਾਰਟੀ ਹੈ ਉਸ ਦਾ ਤਬਦੀਲ ਸ਼ੁਦਾ ਨਜ਼ਰੀਆ ਜੋ ਹੋਵੇਗਾ ਉਸ ਦੇ ਬਾਰੇ ਵੀ ਕੁਝ ਨਾ ਕੁਝ ਦਸਣਗੇ । ਸਾਰੀਆਂ ਅੱਛੀਆਂ ਗੱਲਾਂ ਤਾਂ ਪੰਡਿਤ ਅਮਰ ਨਾਥ ਹੋਰਾਂ, ਗਿਆਨੀ ਜ਼ੈਲ ਸਿੰਘ ਹੋਰਾਂ ਅਤੇ ਕੈਪਟਨ ਰਤਨ ਸਿੰਘ ਹੋਰਾਂ ਨੇ ਦੱਸੀਆਂ ਹਨ । ਅਤੇ ਜੇ ਕੋਈ ਕਸਰ ਰਹਿ ਗਈ ਹੋਵੇਗੀ ਤਾਂ ਉਹ ਸਾਹਮਣੇ ਬੈਠੇ ਦੋ ਸਜਣ ਪੂਰੀ ਕਰ ਦੇਣਗੇ । ਲੇਕਿਨ ਉਨ੍ਹਾਂ ਨੇ, ਮੇਰਾ ਮਤਲਬ ਹੈ ਕੈਪਟਨ ਸਾਹਿਬ ਨੇ, ਜੋ ਕੁਝ ਫਰਮਾਇਆ ਉਸ ਨੂੰ ਸੁਣ ਕੇ ਮੈਂ ਹੈਰਾਨ ਹੋਇਆ ਹਾਂ । ਉਨ੍ਹਾਂ ਨੇ ਸਵਾਏ ਇਸ ਕਿਸਮ ਦੇ ਰੀਮਾਰਕਸ ਕਰਨ ਦੇ ਕਿ ਅਸੀਂ ਪਾਲੀਟੀਸ਼ਨ ਹਾਂ, ਜਨਤਾ ਨੂੰ ਬੁੱਧੂ ਬਣਾਉਂਦੇ ਹਾਂ ਅਤੇ ਅਸਲੀ ਡਿਊਟੀ ਨਹੀਂ ਦੇ ਸਕਦੇ, ਹੋਰ ਕੋਈ ਚੱਜ ਦੀ ਗਲ ਨਹੀਂ ਕੀਤੀ । ਜਦੋਂ ਉਹ ਬੋਲ ਰਹੇ ਸਨ ਤਾਂ ਸਾਡੇ ਵਲੋਂ ਜਜ ਸਾਹਿਬ ਨੇ ਕਿਹਾ ਸੀ ਕਿ ਜੇਕਰ ਤੁਸੀਂ ਇਹ ਕੰਮ ਕਰਦੇ ਹੋ ਤਾਂ ਸਾਨੂੰ ਉਸ ਦੇ ਵਿਚ ਸ਼ਾਮਲ ਨਾ ਕਰੋ । ਮੇਰਾ ਇਹ ਖਿਆਲ ਸੀ ਕਿ ਭਾਉ ਵਧਣ ਦੇ ਨਾਲ ਥਲੇ ਦੀ ਕਲਾਸ ਦੇ ਵਿਚ ਇਕਤਸਾਦੀ ਤੌਰ ਤੇ ਜੋ ਡਿਪਰੈਸ਼ਨ ਆਇਆ ਹੈ ਅਤੇ ਉਨ੍ਹਾਂ ਦੇ ਜੋ ਮੁਤਾਲਬਾਤ ਵਧੇ ਹਨ ਉਸ ਦੇ ਬਾਰੇ ਸਰਕਾਰ ਜ਼ਰੂਰ ਕੁਝ ਨਾ ਕੁਝ ਦੱਸੇਗੀ । ਇਨ੍ਹਾਂ ਨੂੰ ਚਾਹੀਦਾ ਸੀ ਕਿ ਇਹ ਦੱਸਦੇ ਕਿ ਅਸੀਂ ਕੀਮਤਾਂ ਨੂੰ ਕਿਸ ਤਰ੍ਹਾਂ ਕੰਟਰੋਲ ਕਰਾਂਗੇ । ਹੋਰ ਤਾਂ ਹੋਰ ਚੰਡੀਗੜ੍ਹ ਦੇ ਵਿਚ ਛੋਟੇ ਮੁਲਾਜ਼ਮਾਂ ਨੇ ਯੂਨੀਅਨਜ਼ ਬਣਾਈਆਂ ਹੋਇਆਂ ਹਨ । ਉਨ੍ਹਾਂ ਨੇ ਦੋ ਦਫਾ ਇਕੱਠੇ ਹੋ ਕੇ ਰੈਜ਼ੋਲਿਊਸ਼ਨਜ਼ ਪਾਸ ਕੀਤੇ ਅਤੇ ਇਹ ਮੰਗ ਕੀਤੀ ਕਿ ਸਾਡੀਆਂ ਤਨਖਾਹਾਂ ਵਧਾਈਆਂ ਜਾਣ । ਤੁਸੀਂ ਆਪ ਅੰਦਾਜ਼ਾ ਲਗਾਉ ਕਿ ਜਿਸ ਆਦਮੀ ਦੀ ਤਨਖਾਹ 60, 65 ਰੁਪਏ ਹੋਵੇ ਅਤੇ ਉਸ ਦੇ ਮੁਕਾਬਲੇ ਵਿਚ ਕੁਇੰਟਲ ਕਣਕ ਦਾ ਮੁਲ ਇਸ ਤੋਂ ਵੱਧ ਹੋਵੇ ਤਾਂ ਉਹ ਆਪਣਾ ਗੁਜ਼ਾਰਾ ਕਿਸ ਤਰ੍ਹਾਂ ਕਰ ਸਕਦਾ ਹੈ ? ਅੱਜ ਸਵਾਲਾਂ ਦੇ ਮੌਕੇ ਤੇ ਇਹ ਚੀਜ਼ ਆਈ ਕਿ ਇਸ ਮਾਮਲੇ ਤੇ ਖਾਸ ਬਹਿਸ ਹੋਵੇ ਲੇਕਿਨ ਉਸ ਨੂੰ ਮੁਨਾਸਿਬ ਨਹੀਂ ਸਮਝਿਆ ਗਿਆ।

(ਇਸ ਸਮੇਂ ਸ੍ਰੀ ਮਤੀ ਡਾਕਟਰ ਪ੍ਰਕਾਸ਼ ਕੌਰ ਪੈਨਲ ਆਫ ਚੇਅਰਮੈਨ ਦੀ ਮੈਂਬਰ, ਚੇਅਰ ਤੇ ਬੈਠੀ)

ਖੰਡ ਦੇ ਬਾਰੇ ਮੈਂ ਅਰਜ਼ ਕਰਾਂਗਾ ਕਿ ਦੇਹਾਤਾਂ ਦੇ ਵਿਚ ਕੀ ਕੋਟਾ ਮਿਲਦਾ ਹੈ, ਬਲੈਕ ਦੀ ਕੀਮਤ ਕੀ ਹੈ ਅਤੇ ਕੰਟਰੋਲ ਦੀ ਕੀਮਤ ਕੀ ਹੈ। ਤੁਸੀਂ, ਚੇਅਰਮੈਨ ਸਾਹਿਬਾ, ਅੰਮ੍ਰਿਤਸਰ ਦੇ ਜ਼ਿਲ੍ਹੇ ਦੇ ਹੋ, ਤੁਸੀਂ ਜਾਣਦੇ ਹੋ ਕਿ ਪਿੰਡਾਂ ਦੇ ਵਿਚ ਸਾਰੇ ਮਹੀਨੇ ਦੇ ਵਿਚ ਅੱਧੇ ਕਿਲੋ ਤੋਂ ਘਟ ਵੀ ਕੁਨਬਾ ਖੰਡ ਨਹੀਂ ਮਿਲੀ। ਜਦੋਂ ਇਸ ਤਰ੍ਹਾਂ ਦੇ ਹਾਲਾਤ ਹੋਣ ਤਾਂ ਮੈਨੂੰ ਸਮਝ ਨਹੀਂ ਆਉਂਦੀ

[ਸਰਦਾਰ ਗੁਰਦਿਆਲ ਸਿੰਘ ਢਿੱਲੋਂ]

ਕਿ ਇਹ ਸਾਹਮਣੇ ਬੈਠੇ ਸੱਜਣ ਕਿਸ ਤਰ੍ਹਾਂ ਤਾਰੀਫਾਂ ਕਰ ਨਹੀਂ ਥਕਦੇ। ਮੈਂ ਇਸ ਗਲ ਨੂੰ ਮੰਨਦਾ ਹਾਂ ਕਿ ਹੰਗਾਮੀ ਹਾਲਾਤ ਦੇ ਵਿਚ ਕਈ ਐਸੀਆਂ ਚੀਜ਼ਾਂ ਹਨ ਜਿਹੜੀਆਂ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਦੇ ਵਿਚ ਚਲ ਰਹੀਆਂ ਹਨ। ਉਨ੍ਹਾਂ ਦਾ ਇਥੇ ਜ਼ਿਕਰ ਕਰਨਾ ਠੀਕ ਨਹੀਂ ਲੇਕਿਨ ਜਿਹੜੀਆਂ ਗਲਾਂ ਸਿਵਲ ਦੇ ਨਾਲ ਤਅੱਲੁਕ ਰਖਦੀਆਂ ਹਨ ਉਨ੍ਹਾਂ ਦਾ ਤਾਂ ਅਸੀਂ ਜ਼ਿਕਰ ਕਰ ਸਕਦੇ ਹਾਂ।

ਬਾਰਡਰ ਏਰੀਆਜ਼ ਬਾਰੇ ਇਕ ਸਵਾਲ ਰਾਹੀਂ ਪੁਛਿਆ ਸੀ ਕਿ ਉਥੇ ਕਿਤਨੀਆਂ ਡਰੇਨਾਂ ਪਿਛਲੇ ਫਲੱਡਾਂ ਵਿਚ ਟੁਟੀਆਂ, ਕਿਤਨੀਆਂ ਪੁਲੀਆਂ ਟੁਟੀਆਂ ਅਤੇ ਕਿਤਨੇ ਰਸਤੇ ਬੰਦ ਹੋਏ। ਜਵਾਬ ਦਿਤਾ ਗਿਆ ਕਿ ਬਾਰਡਰ ਏਰੀਆਜ਼ ਬਾਰੇ ਕੋਈ ਗਲ ਦਸਣਾ ਪਬਲਿਕ ਇੰਟਰੈਸਟ ਵਿਚ ਨਹੀਂ ਹੈ। ਉਥੇ ਜ਼ਮੀਨਾਂ ਲੋਕਾਂ ਦੀਆਂ ਡਰੇਨਾਂ ਦੇ ਦੂਜੇ ਪਾਸੇ ਹਨ ਲੇਕਿਨ ਜਾਣ ਲਈ ਕੋਈ ਰਾਹ ਨਹੀਂ। ਮੈਨੂੰ ਬਾਕੀ ਥਾਵਾਂ ਦਾ ਪਤਾ ਨਹੀਂ ਪਰ ਸਾਡੇ ਤਾਂ ਕਮਊਨੀਕੇਸ਼ਨ ਦਾ ਟੈਂਪਰੇਰੀ ਜ਼ਰੀਆ ਨਹੀਂ। ਸਾਡੇ ਹੁਡਿਆਰਾ ਡਰੇਨ ਦੇ 3, 4, ਪੁਲ ਟੁਟੇ ਹਨ ਪਰ ਲੰਘਣ ਦਾ ਅਜੇ ਤਕ ਕੋਈ ਜ਼ਰੀਆ ਨਹੀਂ ਅਤੇ ਲੋਕਾਂ ਨੂੰ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਐਜੂਕੇਸ਼ਨ ਦਾ ਵੀ ਜੋ ਹਾਲ ਹੈ ਉਸਦੀ ਵੀ ਗਲ ਨਾ ਪੁਛੋ। ਪਰੋਵਿੰਸ਼ਲਾਈਜ਼ੇਸ਼ਨ ਆਫ ਸਕੂਲਜ਼ ਜੋ ਕੀਤੀ ਗਈ ਹੈ ਉਹ ਐਕਸਪੀਡੀਐਂਸੀ ਜਾਂ ਜਰੂਰਤ ਨੂੰ ਮੁਖ ਰਖਕੇ ਨਹੀਂ ਕੀਤੀ ਗਈ ਬਲਕਿ ਪੁਲੀਟੀਕਲ ਨਜ਼ਰੀਏ ਨਾਲ ਕੀਤੀ ਗਈ ਹੈ। ਪਾਰਲੀਮੈਂਟ ਦੇ ਪਿਛਲੇ ਸ਼ੈਸ਼ਨ ਵਿਚ ਕਈ ਚੀਜ਼ਾਂ ਆਈਆਂ ਅਤੇ 3 ਆਨੇ ਤੇ 15 ਆਨੇ ਦਾ ਕਾਫੀ ਝਗੜਾ ਚਲਿਆ। ਪੰਜਾਬ ਬਾਰੇ ਵੀ ਕਿਹਾ ਗਿਆ ਹੈ ਕਿ ਉਸ ਦੀ ਪਰ ਕੈਪਿਟਾ ਇਨਕਮ ਬਾਕੀ ਸੂਬਿਆਂ ਨਾਲੋਂ ਬਹੁਤ ਵਧ ਹੈ ਇਸ ਕਰਕੇ ਪੰਜਾਬ ਬਹੁਤ ਖੁਸ਼ਹਾਲ ਹੈ। ਇਸ ਲਈ ਹੀ ਪੰਜਾਬ ਨੇ ਸਭ ਤੋਂ ਵਧ ਚੰਦਾ ਡੀਫੈਂਸ ਫੰਡ ਵਿਚ ਦਿਤਾ ਹੈ। ਚੰਦੇ ਦੀ ਵੀ ਗਲ ਸੁਣ ਲਓ। ਇਸ ਐਡਰੈਸ ਵਿਚ ਕਿਹਾ ਗਿਆ ਹੈ ਕਿ ਪੰਜਾਬ ਨੇ 5 ਕਰੋੜ 66 ਲੱਖ ਰੁਪਿਆ ਇਸ ਵਿਚ ਦਿਤਾ ਹੈ। ਮੈਂ ਇਸੇ ਹਾਊਸ ਵਿਚ ਇਕ ਸਵਾਲ ਰਾਹੀਂ ਪੁਛਿਆ ਸੀ ਕਿ ਮਾਰਕਿਟ ਕਮੇਟੀਆਂ, ਜ਼ਿਲ੍ਹਾ ਪਰੀਸ਼ਦਾਂ, ਬਲਾਕ ਸੰਮਤੀਆਂ ਤੇ ਪੰਚਾਇਤਾਂ ਵਲੋਂ ਕਿਤਨਾ ਰੁਪਿਆ ਇਸ ਫੰਡ ਵਿਚ ਆਇਆ ਹੈ ਅਤੇ ਸਕੂਲਾਂ ਦੇ ਅਮੈਲਗਾਮੇਟਿਡ ਫੰਡ ਵਿਚੋਂ ਕਿਤਨੇ ਰੁਪਏ ਲਏ ਗਏ ਹਨ। ਉਸ ਦੇ ਜਵਾਬ ਵਿਚ ਮੈਨੂੰ ਦਸਿਆ ਗਿਆ ਕਿ 4 ਕਰੋੜ 47 ਲੱਖ ਦੇ ਕਰੀਬ ਰੁਪਿਆ ਇਨ੍ਹਾਂ ਬਾਡੀਜ਼ ਕੋਲੋਂ ਲਿਆ ਗਿਆ ਹੈ। ਇਸ ਤੋਂ ਤੁਸੀਂ ਅੰਦਾਜ਼ਾ ਲਾ ਲਉ ਕਿ ਕਿਤਨਾ ਪੈਸਾ ਇਨ੍ਹਾਂ ਨੇ ਇਕੱਠਾ ਕੀਤਾ ਹੈ ਜਿਸ ਤੇ ਇਹ ਫਖਰ ਕਰਦੇ ਹਨ ਅਤੇ ਜਿਸ ਤੇ ਅਸੀਂ ਫਖਰ ਕਰੀਏ। ਮੇਰੇ ਆਪਣੇ ਹਲਕੇ ਵਿਚ ਅਤੇ ਇਸੇ ਤਰ੍ਹਾਂ ਦੂਜਿਆਂ ਹਲਕਿਆਂ ਵਿਚ ਸਕੂਲਾਂ ਨੂੰ ਗਰਾਂਟਾਂ ਮਿਲੀਆਂ ਹਨ। ਪੰਚਾਇਤਾਂ ਪਾਸ ਉਹ ਜਮ੍ਹਾਂ ਹਨ ਲੇਕਿਨ ਇਸੇ ਗੌਰਮਿੰਟ ਨੇ ਖੁਦ ਉਹ ਗਰਾਂਟਾਂ ਦੇ ਕੇ ਉਨ੍ਹਾਂ ਦੀ ਨੈਸ਼ਨਲ ਡੀਫੈਂਸ ਫੰਡ ਵਿਚ ਬੁਕ ਟਰਾਂਸਫਰ ਕਰ ਦਿਤੀ ਹੈ। ਬਾਕੀ ਰਹਿ ਗਈ ਗਲ ਸੋਨੇ ਦੀ; ਉਹ ਵੀ ਸੁਣ ਲਉ। ਇਹ ਗਲ ਇਨ੍ਹਾਂ ਦੇ ਐਫੀਡੇਵਿਟ ਵਿਚ ਵੀ ਆ ਚੁਕੀ ਹੈ ਕਿ 144 ਪੌਂਡ ਸੋਨਾ ਜਿਸ ਨਾਲ ਪੰਡਿਤ ਜਵਾਹਰ ਲਾਲ ਜੀ ਨੂੰ ਤੋਲਿਆ ਗਿਆ ਉਹ ਕਿਥੋਂ ਆਇਆ ਹੈ। ਇਹ ਗਲ ਚੰਗੀ ਤਰ੍ਹਾਂ ਵਾਜ਼ਹ ਹੋ ਚੁਕੀ ਹੈ ਕਿ 144 ਪੌਂਡ ਵਿਚੋਂ 140 ਪੌਂਡ ਸੋਨਾ ਪਟਿਆਲੇ ਦੇ ਖਜ਼ਾਨੇ ਵਿਚੋਂ ਲਿਆ ਗਿਆ ਹੈ। ਚਲੋ ਇਹ ਗਲ ਤਾਂ ਇਨ੍ਹਾਂ ਦੇ ਆਪਣੇ ਬਸ ਦੀ ਸੀ, ਲੇਕਿਨ ਅਫਸੋਸ ਇਸ ਗਲ ਦਾ ਹੈ ਕਿ ਇਨ੍ਹਾਂ ਨੇ ਗਵਰਨਰ ਸ਼੍ਰੀ ਥਾਨੂੰ ਪਿਲੇ ਸਾਹਿਬ ਨੂੰ ਵੀ ਵਿਚ ਲੈ ਆਂਦਾ ਅਤੇ ਉਨ੍ਹਾਂ ਤੋਂ ਵੀ ਇਹ ਗਲ ਕਹਾ ਦਿਤੀ ਕਿ ਉਨ੍ਹਾਂ ਦੀ ਸਰਕਾਰ ਨੇ ਐਨਾਂ ਰੁਪਿਆ ਅਤੇ ਸੋਨਾ ਇਕੱਠਾ ਕੀਤਾ ਹੈ। ਪਤਾ ਨਹੀਂ ਇਹ ਫਖਰ ਕਿਸ ਗਲ ਦਾ ਕਰਦੇ ਹਨ ਜਦੋਂ ਕਿ ਇਹ ਖੁਦ ਜਾਣਦੇ ਹਨ ਕਿ

ਇਨ੍ਹਾਂ ਨੇ ਸਿਰਫ ਚਾਰ ਪੌਂਡ ਸੋਨਾ ਇਕੱਠਾ ਕੀਤਾ ਹੈ। ਪਿਛਲੀ ਦਫਾ ਸਰਦਾਰ ਦਰਬਾਰਾ ਸਿੰਘ ਹੋਰਾਂ ਨੇ ਇਕ ਸਵਾਲ ਦੇ ਜਵਾਬ ਵਿਚ ਦੱਸ ਦਿਤਾ ਸੀ ਕਿ ਇਤਨਾਂ ਪੈਸਾ ਕੋਆਪਰੇਟਿਵਜ਼ ਵਲੋਂ ਆਇਆ ਹੈ ਅਤੇ ਇਸ ਗਲ ਤੇ ਬੜੀ ਲੈ ਦੇ ਹੋਈ ਕਿ ਉਨ੍ਹਾਂ ਨੇ ਕਿਉਂ ਇਹ ਇਨਫਰਮੇਸ਼ਨ ਦੇ ਦਿਤੀ ਹੈ। ਮੈਂ ਕਹਿੰਦਾ ਹਾਂ ਕਿ ਉਹ ਸਹੀ ਇਨਫਰਮੇਸ਼ਨ ਕਿਵੇਂ ਲੁਕਾ ਕੇ ਰਖ ਸਕਦੇ ਸਨ ਜਦੋਂ ਕਿ ਸਾਰੇ ਇਸ ਗਲ ਨੂੰ ਜਾਣਦੇ ਸਨ।

ਲਾ ਐਂਡ ਆਰਡਰ ਬਾਰੇ ਵੀ ਬਹੁਤ ਕੁਝ ਕਿਹਾ ਗਿਆ ਹੈ ਕਿ ਅਗੇ ਨਾਲੋਂ ਐਨੇ ਕੇਸ ਘਟ ਗਏ ਹਨ ਅਤੇ ਐਨੇ ਵਧ ਗਏ ਹਨ। ਵਧੇ ਹੋਇਆਂ ਬਾਰੇ ਵੀ ਇਹ ਐਕਸਪਲਾਨੇਸ਼ਨ ਦਿਤੀ ਗਈ ਹੈ ਕਿ ਐਕਸਾਈਜ਼ ਰੇਡਜ਼ ਬਹੁਤ ਕੀਤੇ ਗਏ ਹਨ। ਲੇਕਿਨ ਇਹ ਨਹੀਂ ਦਸਿਆ ਗਿਆ ਕਿ ਇਹ ਛਾਪੇ ਪਹਿਲਾਂ ਕਿਉਂ ਨਹੀਂ ਮਾਰੇ ਅਤੇ ਹੁਣ ਹੀ ਕਿਉਂ ਮਾਰੇ ਗਏ ਹਨ। ਮੈਂ ਇਹ ਗਲ ਛਡਦਾ ਹਾਂ ਅਤੇ ਸਿਰਫ ਲਾ ਐਂਡ ਆਰਡਰ ਦੀ ਹੀ ਗਲ ਕਰਦਾ ਹਾਂ ਜਿਹੜੀ ਕਿ ਸਾਫ ਨਜ਼ਰ ਆਉਂਦੀ ਹੈ ਅਤੇ ਸੜਕਾਂ ਤੇ ਨਜ਼ਰ ਆਉਂਦੀ ਹੈ। ਕੀ ਇਹ ਲਾ ਐਂਡ ਆਰਡਰ ਦਾ ਹੀ ਨਮੂਨਾ ਹੈ ਕਿ ਸਰਦਾਰ ਚੰਨਨ ਸਿੰਘ ਦੋਰਾਹਾ ਨੂੰ ਆਪਣੇ ਖੇਤ ਵਿਚ ਕੰਮ ਕਰਦੇ ਹੋਏ ਨੂੰ ਮੁਲਜ਼ਮ ਆ ਕੇ ਦਿਨ ਦਿਹਾੜੇ ਮਾਰ ਕੇ ਚਲੇ ਗਏ ਅਤੇ ਪੁਲਿਸ ਨੇ ਉਸ ਵਕਤ ਤਕ ਦਖਲ ਨਹੀਂ ਦਿਤਾ ਜਦੋਂ ਤੱਕ ਕਿ ਹੋਮ ਮਨਿਸਟਰੀ ਵਲੋਂ ਹਦਾਇਤ ਨਹੀਂ ਆਈ ? ਕੀ ਇਹ ਲਾ ਐਂਡ ਆਰਡਰ ਹੈ ਕਿ ਸਰਹਾਲੀ ਵਿਚ ਜਿਥੋਂ ਕਿ ਚੀਫ ਮਨਿਸਟਰ ਸਾਹਿਬ ਆਏ ਹਨ, ਬਸ ਵਿਚ ਚੜ੍ਹ ਕੇ ਇਕ ਆਦਮੀ ਨੂੰ 40 ਸਵਾਰੀਆਂ ਦੇ ਸਾਹਮਣੇ ਸ਼ੂਟ ਕਰ ਦਿਤਾ ਗਿਆ ਅਤੇ ਇਹ ਵੀ ਲਾ ਐਂਡ ਆਰਡਰ ਹੀ ਹੈ ਕਿ ਇਤਨੀ ਈਵ ਟੀਜ਼ਿੰਗ ਵਧ ਗਈ ਹੈ ਕਿ ਲੜਕੀਆਂ ਦਾ ਸਕੂਲ ਜਾਣਾ ਮੋਹਾਲ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਖੁਦ ਛਿਤਰਾਂ ਨਾਲ ਉਨ੍ਹਾਂ ਗੁੰਡਿਆਂ ਦੀ ਮੁਰੰਮਤ ਕਰਨੀ ਪਈ ਹੈ ?

ਇਨ੍ਹਾਂ ਨੇ ਇਕ ਪੁਲਿਸ ਕਮਿਸ਼ਨ ਬਠਾਇਆ ਅਤੇ ਉਸ ਨੇ ਆਪਣੀਆਂ ਸਿਫਾਰਸ਼ਾਤ ਵੀ ਕੀਤੀਆਂ ਲੇਕਿਨ ਇਨ੍ਹਾਂ ਨੇ ਉਨ੍ਹਾਂ ਦੀ ਪਾਰਸ਼ਲ ਇੰਮਲੀਮੈਂਟੇਸ਼ਨ ਕੀਤੀ ਹੈ। ਉਨ੍ਹਾਂ ਨੇ ਸਿਫਾਰਸ਼ ਕੀਤੀ ਕਿ ਰਜਿਸਟਰੇਸ਼ਨ ਤੇ ਚਾਲਾਨ ਕਰਨ ਵਾਲੀ ਏਜੰਸੀ ਤੋਂ ਇਨਵੈਸਟੀਗੇਸ਼ਨ ਏਜੰਸੀ ਅਲਹਿਦਾ ਕਰ ਦਿਤੀ ਜਾਵੇ ਪਰ ਅਜੇ ਤੱਕ ਕੁਝ ਨਹੀਂ ਹੋਇਆ ਅਤੇ ਨਾ ਕੁਝ ਹੋਣ ਦੀ ਕੋਈ ਉਮੀਦ ਹੀ ਹੈ। ਸੈਪੇਰੇਸ਼ਨ ਆਫ ਜੁਡੀਸ਼ਰੀ ਬਾਰੇ ਦਿਮਾਗ ਸੋਜ਼ੀ ਕਰਦਿਆਂ ਤਾਂ ਕਈ ਸਾਲ ਹੋ ਗਏ ਹਨ। ਆਈਨੀ ਤੌਰ ਤੇ ਇਹ ਹੋ ਜਾਣੀ ਚਾਹੀਦੀ ਸੀ ਲੇਕਿਨ 16-17 ਸਾਲ ਹੋ ਗਏ ਹਨ ਪਰ ਇਸਦੇ ਅਲਹਿਦਾ ਕਰਨ ਦੀ ਕੋਈ ਸਕੀਮ ਨਜ਼ਰ ਨਹੀਂ ਆ ਰਹੀ। ਪਿਛਲੇ ਸਾਲ ਤੱਕ ਤਾਂ ਇਹ ਮੰਨਦੇ ਹੀ ਨਹੀਂ ਰਹੇ, ਕਹਿੰਦੇ ਸਨ ਕਿ ਸੈਪੇਰੇਸ਼ਨ ਤਾਂ ਕਰ ਦਿਤੀ ਹੋਈ ਹੈ ਵਰਕ ਟਰਾਂਸਫਰ ਕਰਕੇ । ਸੈਪੇਰੇਸ਼ਨ ਆਫ ਜੁਡੀਸ਼ਰੀ ਕਾਂਸਟੀਚੂਸ਼ਨ ਦਾ ਬੁਨਿਆਦੀ ਅਸੂਲ ਹੈ ਜੋ ਕਿ ਸਦੀਆਂ ਤੋਂ ਆ ਰਿਹਾ ਹੈ । ਸਾਡੇ ਦੇਸ਼ ਦਾ ਇਹ ਬੁਨਿਆਦੀ ਅਸੂਲ ਰਿਹਾ ਹੈ ਅਤੇ ਇਸਤੇ ਲਿਖਾਰੀਆਂ ਨੇ ਲੇਖ ਲਿਖੇ ਹਨ ਕਿ ਇਹ ਚੀਜ਼ ਲਾਜ਼ਮੀ ਹੈ । ਹੁਣ ਇਹ ਮੰਨਣ ਤਾਂ ਲਗ ਪਏ ਹਨ ਕਿ ਸੈਪੇਰੇਸ਼ਨ ਕਰਾਂਗੇ ਲੇਕਿਨ ਬਹਾਨਾਸਾਜ਼ੀ ਇਹ ਕੀਤੀ ਜਾ ਰਹੀ ਹੈ ਕਿ ਚੂੰਕਿ ਇਥੇ ਫਸਾਦ ਬਹੁਤ ਹੁੰਦੇ ਹਨ ਅਤੇ ਐਜੀਟੇਸ਼ਨਾਂ ਬਹੁਤ ਹੁੰਦੀਆਂ ਹਨ ਇਸ ਲਈ ਸੈਪੇਰੇਸ਼ਨ ਛੇਤੀ ਨਹੀਂ ਹੋ ਸਕਦੀ। ਮੈਂ ਅਰਜ਼ ਕਰਦਾ ਹਾਂ ਕਿ ਜੇ ਇਸ ਸੂਬੇ ਵਿਚ ਸੈਪੇਰੇਸ਼ਨ ਆਫ ਜੁਡੀਸ਼ਰੀ ਹੁੰਦੀ ਤਾਂ ਮਿਸਟਰ ਕਪੂਰ ਤੇ ਮਿਸਟਰ ਗਰੇਵਾਲ ਉਤੇ ਇਸ ਤਰ੍ਹਾਂ ਦੇ ਕੇਸ ਨਾ ਬਣਦੇ, ਸਰਦਾਰ ਮੋਹਨ ਸਿੰਘ ਤੁੜ ਉਤੇ ਮਰਡਰ ਦੇ ਤੇ ਹੋਰ ਸੰਗੀਨ ਕਿਸਮ ਦੇ 50 ਕੇਸ ਨਾ ਬਣਦੇ ਜਿਹੜੇ ਕਿ ਬਾਦ ਵਿਚ ਸਾਰੇ ਦੇ ਸਾਰੇ ਬੜੀ ਬਹਾਦਰੀ ਨਾਲ ਵਾਪਿਸ ਲੈ ਲਏ ਗਏ ਅਤੇ ਇਸੇ ਤਰ੍ਹਾਂ ਸ੍ਰੀ ਰਾਮ ਪਿਆਰਾ ਦਾ ਇਹ ਹਾਲ ਨਾ ਹੁੰਦਾ ਜਿਹੜਾ ਕਿ ਸਭ ਨੂੰ ਮਾਲੂਮ ਹੈ। ਜੇਕਰ ਇਥੇ ਸੈਪੇਰੇਸ਼ਨ ਹੁੰਦੀ ਤਾਂ ਇਤਨੇ ਸਾਰੇ ਲੋਕ ਹਾਈ ਕੋਰਟ ਪਾਸ ਦਰਖਾਸਤਾਂ ਲੈ ਕੇ ਨਾ ਜਾਂਦੇ ਕਿ ਸਾਡੇ ਕੇਸ ਕਿਸੇ ਦੂਜੇ ਸੂਬੇ ਵਿਚ

[ਸਰਦਾਰ ਗੁਰਦਿਆਲ ਸਿੰਘ ਢਿੱਲੋਂ]

ਭੇਜ ਦਿਤੇ ਜਾਣ। (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਤਕ ਇਸ ਕੁਰਸੀ ਤੇ ਮੌਜੂਦਾ ਚੀਫ ਮਨਿਸਟਰ ਸਾਹਿਬ ਬਿਰਾਜਮਾਨ ਹਨ, ਪੰਡਤ ਮੋਹਨ ਲਾਲ ਜੀ ਤੁਸੀਂ ਜਿਤਨੀਆਂ ਮਰਜ਼ੀ ਅੱਡੀਆਂ ਰਗੜ ਲਓ ਇਥੇ ਕਦੇ ਵੀ ਸੈਪੇਰੇਸ਼ਨ ਆਫ ਜੁਡੀਸ਼ਰੀ ਨਹੀਂ ਹੋ ਸਕੇਗੀ। ਇਥੇ ਤਾਂ ਰੂਲ ਆਫ ਲਾ ਦਾ ਗਲਾ ਹੀ ਘੁਟ ਦਿਤਾ ਗਿਆ ਹੈ। (ਚੀਅਰਜ਼) ਸੈਪੇਰੇਸ਼ਨ ਆਫ ਜੁਡੀਸ਼ਰੀ ਇਹ ਨਹੀਂ ਹੁੰਦੀ ਜਿਸ ਤਰ੍ਹਾਂ ਇਹ ਕਰਦੇ ਹਨ ਕਿ ਦਫਤਰ ਵਿਚ ਬੈਠੇ ਚੀਫ ਸੈਕਟਰੀ ਨੇ ਕਹਿ ਦਿਤਾ ਕਿ ਫਲਾਣਾ ਮੈਜਿਸਟਰੇਟ ਐਗਜ਼ੈਕਟਿਵ ਦੇ ਕੇਸ ਕਰੇਗਾ ਅਤੇ ਫਲਾਣਾ ਜੁਡੀਸ਼ਰੀ ਦੇ ਕੇਸ ਕਰੇਗਾ। ਠੀਕ ਹੈ ਇਨ੍ਹਾਂ ਵਲੋਂ ਸੈਪੇਰੇਸ਼ਨ ਹੋ ਗਈ ਪਰ ਇਹ ਜੋ ਵਿਜ਼ੀਲੈਂਸ ਦਾ ਮਹਿਕਮਾਂ ਬਣਾਇਆ ਹੋਇਆ ਹੈ ਇਹ ਤਾਂ ਸਾਰੇ ਐਡਮਿਨਿਸਟਰੇਸ਼ਨ ਦੀਆਂ ਜੜ੍ਹਾਂ ਕਟਣ ਵਾਲਾ ਹੈ। ਇਥੇ ਕਿਹਾ ਗਿਆ ਹੈ ਕਿ ਸਾਰੇ 405 ਕੇਸ ਇਸ ਮਹਿਕਮੇ ਨੇ ਪਕੜੇ ਜਿਨ੍ਹਾਂ ਵਿਚੋਂ 161 ਦਰੁਸਤ ਕਰ ਦਿਤੇ ਗਏ। ਜੇਕਰ ਇਸ ਸਾਰੀ ਚੀਜ਼ ਦੀ ਪੜਤਾਲ ਕੀਤੀ ਜਾਵੇ ਤਾਂ ਤੁਸੀਂ ਹੈਰਾਨ ਹੋਵੋਗੇ ਕਿ ਵਰਸਟ ਟਾਈਪ ਆਫ ਵਿਕਟੇਮਾਈ-ਜ਼ੇਸ਼ਨ ਹੋਈ ਹੈ ਅਤੇ ਇਨੋਸੈਂਟ ਆਦਮੀਆਂ ਨੂੰ ਰਗੜਿਆ ਗਿਆ ਹੈ। ਜਿਸ ਨੂੰ ਰਗੜਨਾ ਹੋਇਆ ਇਸ ਗਲ ਕੱਟੂ ਮਹਿਕਮੇ ਨੂੰ ਇਸ਼ਾਰਾ ਕਰ ਦਿਤਾ ਕਿ ਇਸ ਨੂੰ ਕਿਸੇ ਤਰ੍ਹਾਂ ਫਸਾ ਲਓ। ਮੇਰੇ ਇਲਮ ਵਿਚ ਐਸੇ ਇਨੋਸੈਂਟ ਅਫਸਰ ਹਨ ਜਿਨ੍ਹਾਂ ਨੂੰ ਇਸ ਤਰ੍ਹਾਂ ਖਰਾਬ ਕੀਤਾ ਗਿਆ ਹੈ ਅਤੇ ਕਹੋ ਤਾਂ ਮੈਂ ਉਨ੍ਹਾਂ ਦੇ ਨਾਮ ਦਸ ਸਕਦਾ ਹਾਂ, ਲੇਕਿਨ ਇਹ ਚੀਜ਼ ਉਨ੍ਹਾਂ ਦੇ ਖਿਲਾਫ ਜਾਵੇਗੀ, ਇਸ ਲਈ ਨਾਮ ਨਹੀਂ ਲੈਂਦਾ। ਮੈਨੂੰ ਇਸ ਚੀਜ਼ ਦਾ ਵੀ ਇਲਮ ਹੈ ਕਿ ਕਿਸ ਤਰ੍ਹਾਂ ਬਦ-ਦਿਆਨਤ ਅਫਸਰਾਂ ਨੂੰ ਪਰੋਟੈਕਟ ਕੀਤਾ ਗਿਆ ਹੈ। ਮੈਂ ਕਹਿੰਦਾ ਹਾਂ ਕਿ ਇਸ ਵਿਜੀਲੈਂਸ ਦੇ ਮਹਿਕਮੇ ਦੀ ਕੀ ਲੋੜ ਹੈ ਜਦੋਂ ਕਿ ਮਰਕਜ਼ੀ ਸਰਕਾਰ ਨੇ ਵਿਜੀਲੈਂਸ ਕਮਿਸ਼ਨ ਬਣਾ ਦਿਤਾ ਹੈ ਅਤੇ ਬਾਕੀ ਸਾਰੀਆਂ ਸਟੇਟਸ ਨੂੰ ਵੀ ਉਨ੍ਹਾਂ ਨੇ ਕਿਹਾ ਹੈ ਕਿ ਉਹ ਵੀ ਇਸ ਤਰ੍ਹਾਂ ਦੇ ਵਿਜੀਲੈਂਸ ਕਮਿਸ਼ਨ ਬਣਾਨ। ਲੇਕਿਨ ਇਹ ਕਮਿਸ਼ਨ ਇਥੇ ਕਿਸ ਤਰ੍ਹਾਂ ਬਣੇਗਾ, ਮੈਨੂੰ ਇਸ ਗਲ ਦੀ ਬੜੀ ਪਰੇਸ਼ਾਨੀ ਹੈ। ਮੈਂ ਇਕ ਸਵਾਲ ਵੀ ਕੀਤਾ ਕਿ ਇਸ ਕਮਿਸ਼ਨ ਦੀ ਬਣਤਰ ਕੀ ਹੋਵੇਗੀ ਅਤੇ ਇਹ ਕਿਸ ਤਰ੍ਹਾਂ ਬਣੇਗਾ। ਜੇਕਰ ਇਹ ਕਮਿਸ਼ਨ ਪਬਲਿਕ ਸਰਵਿਸ ਕਮਿਸ਼ਨ, ਸੁਬਾਰਡੀਨੇਟ ਸਰਵਿਸਿਜ਼ ਸੀਲੈਕਸ਼ਨ ਬੋਰਡ ਅਤੇ ਇਸ ਵਿਜੀਲੈਂਸ ਦੇ ਮਹਿਕਮੇ ਦੀ ਤਰ੍ਹਾਂ ਹੀ ਬਣਨਾ ਹੈ ਤਾਂ ਇਸ ਸਟੇਟ ਦੀ ਪਰਮਾਤਮਾਂ ਹੀ ਰਾਖੀ ਕਰ ਸਕਦਾ ਹੈ। ਮੈਨੂੰ ਅਫਸੋਸ ਹੈ ਕਿ ਇਸ ਮਹਿਕਮੇ ਦੀ ਤਾਰੀਫ ਕੀਤੀ ਗਈ ਹੈ ਕਿ ਇਸ ਨੇ 405 ਕੇਸ ਪਕੜੇ ਜਿਨ੍ਹਾਂ ਵਿਚੋਂ 161 ਦਰੁਸਤ ਕਰ ਦਿਤੇ। ਮੇਰਾ ਖਿਆਲ ਹੈ ਕਿ 161 ਉਹ ਆਦਮੀ ਹੋਣੇ ਹਨ ਜਿਨ੍ਹਾਂ ਨੇ ਐਫੀਡੇਵਿਟਸ ਨਹੀਂ ਫਾਈਲ ਕੀਤੇ ਹੋਣੇ ਬਾਕੀ ਤਾਂ ਐਫੀਡੇਵਿਟਸ ਦੇ ਕੇ ਖਲਾਸੀ ਕਰਾ ਗਏ ਹੋਣੇ ਹਨ। (ਹਾਸਾ)

ਚੇਅਰਮੈਨ ਸਾਹਿਬਾ, ਮੈਨੂੰ ਪੰਡਤ ਭਗਵਤ ਦਿਆਲ ਸੂਖਾ ਕਾਂਗਰਸ ਦੇ ਪ੍ਰਧਾਨ ਕਹਿਣ ਲਗੇ ਕਿ ਤੁਸੀਂ ਕਾਂਗਰਸ ਵਿਚ ਫਿਰ ਵਾਪਿਸ ਆ ਜਾਉ। ਮੈਂ ਉਸ ਨੂੰ ਕਿਹਾ ਕਿ ਅਗਰ ਤੁਸੀਂ ਪੰਜਾਬ ਦੀ ਐਡਮਨਿਸਟਰੇਸ਼ਨ ਦੇ ਬਾਰੇ 3-4 ਸਹੀ ਸਟੇਟਮੈਂਟਾਂ ਦੇ ਦੇਵੋ ਤਾਂ ਮੈਂ ਦੇਖਾਂਗਾ ਕਿ ਤੁਸੀਂ ਪੰਜਾਬ ਪਰਦੇਸ ਦੀ ਕਾਂਗਰਸ ਕਮੇਟੀ ਦੇ ਪ੍ਰੈਜ਼ੀਡੈਂਟ ਰਹਿ ਸਕੋਗੇ ਯਾ ਕਿ ਨਹੀਂ। ਮੇਰਾ ਖਿਆਲ ਹੈ ਕਿ ਉਹ ਪੰਜਾਬ ਦੀ ਸਹੀ ਹਾਲਤ ਬਿਆਨ ਨਹੀਂ ਕਰ ਸਕਦੇ। ਅਗਰ ਉਹ ਸਹੀ ਹਾਲਤ ਬਿਆਨ ਕਰ ਦੇਣ ਤਾਂ ਉਹ ਵੀ ਜਲਦੀ ਹੀ ਕੱਢ ਦਿਤੇ ਜਾਣਗੇ। ਉਹ ਵੀ ਇਸ ਤਰਫ ਆ ਜਾਣਗੇ। (ਹਾਸਾ)

ਚੇਅਰਮੈਨ ਸਾਹਿਬਾ, ਮੈਂ ਹੈਰਾਨ ਹਾਂ ਕਿ ਗਿਆਨੀ ਜ਼ੈਲ ਸਿੰਘ ਨੇ, ਜੋ ਸਾਡੀਆਂ ਜੜ੍ਹਾਂ ਵਿਚ ਪਾਣੀ ਦੇਣ ਵਾਲੇ ਹਨ, ਕਿਸ ਤਰ੍ਹਾਂ ਕਲ ਆਪਣੇ ਭਾਸ਼ਣ ਵਿਚ ਝੂਠੀ ਖੁਸ਼ਾਮਦ ਕੀਤੀ। ਮੈਂ ਕੈਪਟਨ ਰਤਨ ਸਿੰਘ ਨੂੰ ਸਮਝਾਉਂਦਾ ਰਿਹਾ ਹਾਂ ਕਿ ਤੁਸੀਂ ਇਨ੍ਹਾਂ ਦੀ ਮੁਖਾਲਫਤ ਨਾ ਕਰੋ। ਉਸ ਵੇਲੇ ਇਹ

ਮੰਨਦੇ ਨਹੀਂ ਸਨ। ਇਹ ਕਹਿੰਦੇ ਸਨ ਕਿ ਅਸੀਂ ਤਾਂ ਕਾਂਗ੍ਰਸ ਨੂੰ ਹਵਾ ਵਿਚ ਐਵੇਂ ਹੀ ਉੜਾ ਦੇਵਾਂਗੇ, ਪਰ ਹੁਣ ਉਹ ਉਸ ਤਰਫ ਕਿਸ ਤਰ੍ਹਾਂ ਬੈਠੇ ਹੋਏ ਹਨ। ਮੈਨੂੰ ਤਾਂ ਕੁਝ ਸਮਝ ਨਹੀਂ ਆ ਰਿਹਾ ਕਿ ਹੁਣ ਕੀ ਕੁਝ ਹੋ ਰਿਹਾ ਹੈ। ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਕਈ ਮੋਜ਼ੇ ਦਿਖਾਏ, ਕਈ ਲਾਲਚ ਦਿਤੇ ਅਤੇ ਕੁਝ ਆਦਮੀਆਂ ਨੂੰ ਆਪਣੀ ਤਰਫ ਲੈ ਗਏ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਾਕੀ ਮਾਂਦਾ ਚੂਚਿਆਂ ਨੂੰ ਟੋਕਰੀ ਦੇ ਹੇਠਾਂ ਬਹੁਤ ਭਾਰ ਨਾਲ ਦਬਾ ਕੇ ਲੁਕਾਇਆ ਹੋਇਆ ਹੈ ਤਾਕਿ ਇੱਲ੍ਹ ਆ ਕੇ ਲੈ ਨਾ ਜਾਵੇ। (ਹਾਸਾ) ਅਸੀਂ ਉਸ ਟੋਕਰੇ ਉਤੇ ਬਹੁਤ ਵਜ਼ਨ ਦਿਤਾ ਹੋਇਆ ਹੈ। ਉਹ ਉਸ ਟੋਕਰੇ ਵਿਚ ਬਹੁਤ ਚੂੰ ਚਾਂ ਕਰਦੇ ਹਨ, ਫਿਰ ਵੀ ਉਨ੍ਹਾਂ ਨੂੰ ਲੁਕਾਣ ਦੇ ਯਤਨ ਕਰ ਰਹੇ ਹਾਂ (ਹਾਸਾ)। 3-4 ਦਿਨ ਹੋਏ ਕਿ ਚੌਧਰੀ ਦੇਵੀ ਲਾਲ ਜੀ ਦੀ ਟੋਕਰੀ ਵਿਚੋਂ ਦੋ ਚੂਚੇ ਉਨ੍ਹਾਂ ਦੇ ਵੀ ਕੱਢ ਕੇ ਲੈ ਗਏ। (ਵਿਘਨ) ਇਨ੍ਹਾਂ ਲਈ ਇਹ ਗਲਾਂ ਠੀਕ ਨਹੀਂ ਹਨ। ਚੇਅਰਮੈਨ ਸਾਹਿਬ, ਸਭ ਤੋਂ ਵੱਡੀ ਖਤਰਨਾਕ ਬਿੱਲੀ, ਪੰਡਤ ਮੋਹਨ ਲਾਲ, ਇਥੇ ਬੈਠੀ ਹੋਈ ਹੈ। ਪੰਡਤ ਜੀ ਇਸ ਤਰ੍ਹਾਂ ਕੰਮ ਨਹੀਂ ਚਲਣਗੇ। ਕਿਸੇ ਨੂੰ ਰੂਟ ਪਰਮਿਟ ਦਾ ਲਾਲਚ ਦੇ ਕੇ ਆਪਣੀ ਤਰਫ ਲਿਆ ਰਹੇ ਹੋ, ਕਿਸੇ ਨੂੰ ਵਜ਼ੀਫੇ ਕੈਂਸਲ ਕਰਨ ਦੀ ਧਮਕੀ ਦੇ ਕੇ ਅਤੇ ਸੈਨੀਟੋਰੀਅਮ ਵਿਚੋਂ ਕੱਢ ਦੇਣ ਦੀ ਧਮਕੀ ਦੇ ਕੇ ਅਤੇ ਲਾਲਚ ਦੇ ਕੇ ਆਪਣੇ ਨਾਲ ਮਿਲਾਣ ਦੀ ਕੋਸ਼ਿਸ਼ ਕਰ ਰਹੇ ਹੋ। ਇਸ ਤਰ੍ਹਾਂ ਦੇ ਟੈਕਟਿਕਸ ਕਿਸੇ ਨੂੰ ਭੀ ਸ਼ੋਭਾ ਨਹੀਂ ਦਿੰਦੇ। ਇਨ੍ਹਾਂ ਨੇ ਕੁਝ ਹਰੀਜਨ ਮੈਂਬਰਾਂ ਨੂੰ ਕੋਟੇ ਦੇ ਲਾਲਚ ਦੇ ਕੇ ਆਪਣੀ ਤਰਫ ਕਰ ਲਿਆ ਹੈ ਪਰ ਗ਼ਰੀਬ ਹਰੀਜਨ ਮੈਂਬਰਾਂ ਨੂੰ ਕਿੰਨੇ ਕੋਟੇ ਦੇਵੋਗੇ ? (ਵਿਘਨ)

ਗ੍ਰਹਿ ਮੰਤਰੀ : ਇਹ ਗੱਲਾਂ ਕਹਿਣੀਆਂ ਆਪ ਨੂੰ ਸ਼ੋਭਾ ਨਹੀਂ ਦਿੰਦੀਆਂ।

ਸਰਦਾਰ ਗੁਰਦਿਆਲ ਸਿੰਘ ਢਿੱਲੋਂ : ਮੈਂ ਸਮਝਦਾ ਹਾਂ ਕਿ ਜੋ ਕੁਝ ਤੁਸੀਂ ਕਰ ਰਹੇ ਹੋ ਉਹ ਆਪ ਨੂੰ ਭੀ ਸ਼ੋਭਾ ਨਹੀਂ ਦਿੰਦੀ। ਅਗਰ ਆਪ ਅਪੋਜ਼ੀਸ਼ਨ ਨੂੰ ਆਪਣੀ ਤਰਫ ਲਿਆਉਣਾ ਚਾਹੁੰਦੇ ਹੋ ਤਾਂ ਕਿਸੇ ਬੇਸਿਜ਼ ਤੇ ਅਤੇ ਕਿਸੇ ਆਈਡਿਆਲੋਜੀ ਦੇ ਬੇਸਿਜ਼ ਤੇ ਲਿਆਂਦਾ ਜਾਏ। ਇਸ ਬਾਰੇ ਆਪ ਨੂੰ ਸਮਝਾਉਣਾ ਮੇਰਾ ਫਰਜ਼ ਹੈ ਕਿ ਤੁਸੀਂ ਲੋਕਾਂ ਦੀ ਭਲਾਈ ਲਈ ਕੰਮ ਕਰੋ। ਲੋਕਾਂ ਦੇ ਸਾਹਮਣੇ ਚੰਗੇ ਪ੍ਰੋਗਰਾਮ ਰਖੋ। ਆਈਡਿਅਲਜ਼ੀ ਨੂੰ ਸਾਹਮਣੇ ਰੱਖ ਕੇ ਕੰਮ ਕਰੋ। ਕੋਟੇ ਦੇਣ ਨਾਲ ਕੰਮ ਨਹੀਂ ਚਲੇਗਾ।

(*Interruptions by Pandit Bhagirath Lal*)

ਸਰਦਾਰ ਗੁਰਦਿਆਲ ਸਿੰਘ ਢਿੱਲੋਂ : ਜੈ ਹੋ, ਮਹਾਰਾਜ ਧੰਨ ਹੋ ਧੰਨ ਹੋ ਮਹਾਰਾਜ (ਹਾਸਾ)। ਚੇਅਰਮੈਨ ਸਾਹਿਬਾ, ਸਰਕਾਰ ਨੇ ਪੰਜ-ਸਾਲਾ ਪਲੈਨਾਂ ਦੀ ਬੜੀ ਤਾਰੀਫ ਕੀਤੀ ਹੈ। ਸਰਕਾਰ ਕਹਿੰਦੀ ਹੈ ਕਿ ਪੰਜ-ਸਾਲਾ ਪਲੈਨ ਨੂੰ ਬਹੁਤ ਚੰਗੀ ਤਰ੍ਹਾਂ ਨਾਲ ਇੰਪਲੀਮੈਂਟ ਕਰ ਰਹੇ ਹਾਂ। ਮੈਂ ਪੁਛਦਾ ਹਾਂ ਕਿ ਇਨ੍ਹਾਂ ਕੀ ਇੰਪਲੀ-ਮੈਂਟ ਕੀਤਾ ਹੈ ? (ਵਿਘਨ) ਡਾਕਟਰ ਗੋਪੀ ਚੰਦ ਭਾਰਗਵ ਬਹੁਤ ਬਜ਼ੁਰਗ ਹਨ। ਮੈਂ ਉਨ੍ਹਾਂ ਦੀ ਬਹੁਤ ਇਜ਼ਤ ਕਰਦਾ ਹਾਂ। ਪਰ ਉਹ ਇਕ ਸਿੰਬਾਲਿਕ ਤੌਰ ਤੇ ਬੈਠਦੇ ਹਨ। ਪੰਡਤ ਮੋਹਨ ਲਾਲ ਜੀ ਸਭ ਕੁਝ ਜਾਣਦੇ ਹਨ ਕਿਉਂਕਿ ਉਹ ਬਹੁਤ ਸਾਰੇ ਮਹਿਕਮਿਆਂ ਦੇ ਵਜ਼ੀਰ ਰਹੇ ਹਨ। (ਵਿਘਨ) ਚੇਅਰਮੈਨ ਸਾਹਿਬਾ, ਮੈਂ ਅਰਜ਼ ਕਰ ਰਿਹਾ ਸੀ ਕਿ ਫਾਈਵ ਈਅਰ ਪਲੈਨ ਨੂੰ ਕਿੰਨਾਂ ਇੰਮਪਲੀਮੈਂਟ ਕੀਤਾ ਹੈ। ਇਸ ਪਲੈਨ ਦੇ ਤਿੰਨ ਸਾਲ ਖਤਮ ਹੋ ਚੁਕੇ ਹਨ ਅਤੇ ਇਨ੍ਹਾਂ ਤਿੰਨ ਸਾਲਾਂ ਵਿਚ 50% of the total outlay ਖਰਚ ਕਰ ਚੁਕੇ ਹਨ ਅਤੇ ਉਸ ਤੇ ਸਾਡੀ ਸਰਕਾਰ ਮਾਣ ਕਰ ਰਹੀ ਹੈ, ਮੈਂ ਸਮਝਦਾ ਹਾਂ ਕਿ ਦੋ ਸਾਲਾਂ ਵਿਚ ਕੁਝ ਵੀ ਨਹੀਂ ਕਰ ਸਕਣਗੇ। ਅਗਰ ਇਨ੍ਹਾਂ ਨੇ ਕੁਝ ਵੀ ਨਹੀਂ ਕਰਨਾ ਹੈ ਤਾਂ ਇਹ ਗਵਰਨਰ ਦੇ ਐਡਰੈਸ ਵਿਚ ਮੈਨਸ਼ਨ ਕਰਕੇ ਗਵਰਨਰ ਸਾਹਿਬ ਨੂੰ ਵੀ ਵਿਚ ਕਿਉਂ ਲੈ ਆਏ ਹਨ ? ਅਗਰ ਇਸ ਚੀਜ਼ ਨੂੰ ਐਡਰੈਸ ਵਿਚ ਇਨਕਾਰਪੋਰੇਟ ਨਾ ਕਰਦੇ ਤਾਂ ਉਹ ਬਹੁਤ ਚੰਗੀ ਗਲ ਸੀ। ਚੇਅਰਮੈਨ ਸਾਹਿਬਾ,

[ਸਰਦਾਰ ਗੁਰਦਿਆਲ ਸਿੰਘ ਢਿੱਲੋਂ]

ਗਵਰਨਰ ਦੇ ਐਡਰੈਸ ਵਿਚ ਪੰਚਾਇਤੀ ਰਾਜ ਦੀ ਬਹੁਤ ਤਾਰੀਫ ਕੀਤੀ ਹੈ। ਪੰਚਾਇਤਾਂ ਦੇ ਇਲੈਕਸ਼ਨ ਜਿੰਨੀ ਦਿਆਨਤਦਾਰੀ ਦੇ ਨਾਲ ਹੋਏ ਹਨ, ਉਸ ਬਾਰੇ ਆਪ ਵੀ ਆਪਣੀ ਰਾਏ ਰਖਦੇ ਹੋ। ਅਸੀਂ ਪੰਚਾਇਤੀ ਰਾਜ ਦੀ ਜੋ ਆਸ ਲਗਾਈ ਬੈਠੇ ਸਾਂ ਉਨ੍ਹਾਂ ਉਮੀਦਾਂ ਤੇ ਪਾਣੀ ਫਿਰ ਗਿਆ ਹੈ ਕਿਉਂਕਿ ਇਹ ਸਿਸਟਮ ਬੁਰੀ ਤਰ੍ਹਾਂ ਨਾਲ ਫੇਲ੍ਹ ਹੋਇਆ ਹੈ। ਪੰਚਾਇਤਾਂ ਦੀਆਂ ਇਲੈਕਸ਼ਨਾਂ ਕਿਸ ਤਰ੍ਹਾਂ ਹੋਈਆਂ ਹਨ, ਉਸ ਦੇ ਬਾਰੇ ਸਭ ਨੂੰ ਪਤਾ ਹੈ। ਮੈਂ ਉਨ੍ਹਾਂ ਅਫਸਰਾਂ ਦੇ ਨਾਉਂ ਭੀ ਦਸ ਸਕਦਾ ਹਾਂ ਪਰ ਇਥੇ ਨਾਂ ਨਹੀਂ ਲੈਣਾ ਚਾਹੁੰਦਾ। ਇਥੋਂ ਇੰਸਟਰਕਸ਼ਨਜ਼ ਸਿਧੀਆਂ ਜਾਂਦੀਆਂ ਹਨ ਕਿ ਇਲੈਕਸ਼ਨਾਂ ਸਰਬ-ਸੰਮਤੀ ਨਾਲ ਕੀਤੀਆਂ ਜਾਣ। ਅਗਰ ਕਿਸੇ ਨੇ ਇਲੈਕਸ਼ਨ ਕੰਟੈਸਟ ਕਰਨ ਲਈ ਕਿਹਾ ਹੈ ਤਾਂ ਉਸ ਨੂੰ ਹੈਰਾਸ ਕੀਤਾ ਗਿਆ ਹੈ। ਅਗਰ ਕੋਈ ਸ਼ਰਾਰਤ ਕਰੇਗਾ ਉਸ ਨੂੰ ਨਿਪਟ ਲਵਾਂਗੇ। ਮੈਂ ਇਸ ਬਾਰੇ ਅੰਮ੍ਰਿਤਸਰ ਦੇ ਐਸ. ਪੀ. ਅਤੇ ਡਿਪਟੀ ਕਮਿਸ਼ਨਰ ਦੇ ਨਾਲ ਗਲ ਬਾਤ ਕੀਤੀ ਪਰ ਕੁਝ ਨਹੀਂ ਬਣ ਸਕਿਆ। ਵੋਟਰਾਂ ਦੀਆਂ ਲਿਸਟਾਂ ਇਲੈਕਸ਼ਨਾਂ ਤੋਂ 24 ਘੰਟੇ ਪਹਿਲਾਂ ਪਬਲਿਕ ਦੇ ਸਾਹਮਣੇ ਆਉਣੀਆਂ ਚਾਹੀਦੀਆਂ ਹਨ ਪਰ ਵੋਟਾਂ ਆਖਰੀ ਦਿਨ ਤਕ ਬਣਦੀਆਂ ਰਹੀਆਂ ਹਨ। ਥਾਣਾ ਝਬਾਲ, ਪਿੰਡ ਬੁਰਜ ਵਿਚ ਆਖਰੀ ਦਿਨ ਤਕ ਵੋਟਾਂ ਬਣਦੀਆਂ ਰਹੀਆਂ ਹਨ। ਦੋਨੋਂ ਪਾਰਟੀਆਂ ਵਿਚ ਲੜਾਈ ਹੋ ਗਈ। ਪੁਲਿਸ ਨੇ ਦੋਵਾਂ ਧੜਿਆਂ ਨੂੰ ਜੇਲ੍ਹ ਵਿਚ ਭੇਜ ਦਿਤਾ। ਛਡਾਉਣ ਵਾਲਿਆਂ ਨੂੰ ਨਾਲ ਅੰਦਰ ਕਰ ਦਿਤਾ।

ਪੰਡਤ ਮੋਹਨ ਲਾਲ ਜੀ ਬਹੁਤ ਸੁਲਝੇ ਹੋਏ ਪਾਰਲੀਮੈਂਟੇਰੀਅਨ ਹਨ, ਉਹ ਨਵੀਆਂ ਚੀਜ਼ਾਂ ਉਤੇ ਰੋਸ਼ਨੀ ਪਾਉਂਦੇ ਤਾਂ ਚੰਗੀ ਗਲ ਸੀ। ਇਨ੍ਹਾਂ ਨੂੰ ਮੁਖ ਮੰਤਰੀ ਦੇ ਨਕਸ਼ੇ ਕਦਮ ਤੇ ਨਹੀਂ ਚਲਣਾ ਚਾਹੀਦਾ।

ਚੇਅਰਮੈਨ ਸਾਹਿਬਾ, ਮੈਂ ਫੂਡ ਪ੍ਰੋਡਕਸ਼ਨ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਮੁੱਖ ਮੰਤਰੀ ਸਾਹਿਬ ਨੇ ਪ੍ਰੋਡਕਸ਼ਨ ਦੁਗਣੀ ਕਰਨ ਦਾ ਸਲੋਗਨ ਲਾਇਆ ਹੈ। ਸਲੋਗਨਜ਼ ਲਾਉਣ ਦੇ ਨਾਲ, ਪ੍ਰੋਡਕਸ਼ਨ ਦੁਗਣੀ ਨਹੀਂ ਹੋ ਜਾਵੇਗੀ। ਇਨ੍ਹਾਂ ਨੇ ਪੁਲੀਸ ਦੇ ਅਧਿਕਾਰੀਆਂ ਨੂੰ, ਤਹਿਸੀਲਦਾਰਾਂ ਨੂੰ ਮੈਜਿਸਟਰੇਟਾਂ ਨੂੰ ਆਰਡਰ ਕੀਤੇ ਕਿ ਪਿੰਡਾਂ ਵਿਚ ਜਾ ਕੇ ਲੋਕਾਂ ਨੂੰ ਐਗਰੀਕਲਚਰ ਪ੍ਰੋਡਕਸ਼ਨ ਨੂੰ ਦੁਗਣੀ ਕਰਨ ਲਈ ਉਤਸ਼ਾਹ ਦੇਵੋ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮਜਿਸਟਰੇਟ, ਪੋਲੀਸ ਦੇ ਅਧਿਕਾਰੀ ਅਤੇ ਤਹਿਸੀਲਦਾਰ ਵਗੈਰਾ ੨ ਆਲਰੈਡੀ ਓਵਰ ਵਰਕਡ ਹਨ। ਉਹ ਇਸ ਵਲ ਕਿਸ ਤਰ੍ਹਾਂ ਧਿਆਨ ਦੇ ਸਕਦੇ ਹਨ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਵਿਚੋਂ ਕਈਆਂ ਨੂੰ ਐਗਰੀਕਲਚਰ ਅਤੇ ਹਾਰਟੀਕਲਚਰ ਦੇ ਬਾਰੇ ਪਤਾ ਨਹੀਂ ਹੈ। ਉਹ ਹਰੀ ਖੇਤੀ ਨੂੰ ਦੇਖ ਕੇ ਅੰਦਾਜ਼ਾ ਲਗਾ ਲੈਂਦੇ ਹਨ ਕਿ ਐਗਰੀਕਲਚਰਲ ਪ੍ਰੋਡਕਸ਼ਨ ਦੁਗਣੀ ਹੋ ਗਈ ਹੈ। ਇਨ੍ਹਾਂ ਨੂੰ ਤੋਰੀਏ ਅਤੇ ਗੰਨੇ ਦੇ ਬਾਰੇ ਕੀ ਪਤਾ ਹੈ? ਇਨ੍ਹਾਂ ਨੂੰ ਫਰਟੇਲਾਈਜ਼ਰ ਦੇ ਬਾਰੇ ਕੀ ਪਤਾ ਹੈ ਕਿ ਇਹ ਖਾਦ ਕਿਸ ਤਰ੍ਹਾਂ ਪਾਉਣੀ ਹੈ? ਇਹ ਅਫ਼ਸਰ ਲੋਕਾਂ ਨੂੰ ਕੀ ਦਸਣਗੇ?

ਚੇਅਰਮੈਨ ਸਾਹਿਬਾ, ਮੈਨੂੰ ਪੰਜਾਬ ਯੂਨੀਵਰਸਿਟੀ ਨੇ ਆਪਣੀ ਵਲੋਂ ਕੁਝ ਹੈਡ ਆਫ ਦੀ ਡਿਪਾਰਟਮੈਂਟਸ ਨੂੰ ਸੀਲੈਕਟ ਕਰਨ ਲਈ ਦਿੱਲੀ ਭੇਜਿਆ। ਅਸੀਂ ਵੀ ਬਹੁਤ ਤਿਆਰੀ ਕਰਕੇ ਗਏ ਕਿਉਂਕਿ ਉਥੇ ਬਹੁਤ ਸਾਰੇ ਲਰਨਿਡ ਆਦਮੀ ਆਏ ਸਨ। ਉਥੇ Selection Board ਵਿਚ ਜੋ distinguished economist ਆਏ ਹੋਏ ਸਨ। ਪਲਾਨਿੰਗ ਕਮਿਸ਼ਨਰ ਤੇ ਰੀਜ਼ਰਵ ਬੈਂਕ ਦਾ ਡਿਪਟੀ ਮੈਨੇਜਰ ਵੀ ਸਨ। ਹੋਰ ਵੀ economist ਸਨ। ਉਥੇ ਇਹ ਸਵਾਲ ਪੁਛਿਆ ਗਿਆ ਕਿ ਪ੍ਰੋਡਕਸ਼ਨ ਦੁਗਣੀ ਕਿੰਨੇ ਚਿਰ ਵਿਚ ਹੋ ਜਾਵੇਗੀ ਤਾਂ ਜਵਾਬ ਆਇਆ ਕਿ ਚਾਰ ਪਲਾਨ ਪੀਰੀਅਡ ਤੋਂ ਬਾਦ। ਜੇਕਰ ਇੰਨੇ ਬੜੇ economist ਦੀ ਇਹ ਰਾਏ ਹੋਵੇ ਤਾਂ ਪਤਾ ਨਹੀਂ ਚੀਫ ਮਨਿਸਟਰ ਕਿਸ ਤਰ੍ਹਾਂ ਮੁਅਜਜ਼ਾ ਕਰਕੇ ਵਖਾਣਗੇ ਅਤੇ ਚਾਰ ਪਲਾਨ ਪੀਰੀਅਡ ਦਾ ਕੰਮ ਦੋ ਸਾਲ ਦੇ ਅਰਸੇ ਵਿਚ ਕਿਵੇਂ ਕਰ ਲੈਣਗੇ। ਚੇਅਰਮੈਨ ਸਾਹਿਬਾ, ਸਾਡੀ ਸਰਕਾਰ ਕਹਿੰਦੀ ਹੈ ਕਿ ਪਰ ਕੈਪੀਟਾ ਇਨਕਮ 300 ਤੋਂ ਵਧਾ ਕੇ 700 ਕਰ ਦੇਵਾਂਗੇ, ਇਸ ਦੇ ਨਾਲ ਅੰਡੇ ਵੀ ਸਪਲਾਈ ਕਰਾਂਗੇ। ਇਹ ਤਾਂ 2 ਸਾਲਾਂ ਵਿਚ ਦੁਗਣੀ ਪ੍ਰੋਡਕਸ਼ਨ ਦਾ ਨਾਅਰਾ ਲਾਉਂਦੇ ਹਨ, ਮੈਂ ਕਹਿੰਦਾ ਹਾਂ ਕਿ ਅਸੀਂ 4 ਗੁਣਾ ਕਰ ਦੇਵਾਂਗੇ। ਇਹ ਤਾਂ ਜ਼ਬਾਨੀ ਗੱਲਾਂ ਹਨ। ਪ੍ਰੋਡਕਸ਼ਨ ਦੁਗਣੀ

ਨਹੀਂ ਹੋਵੇਗੀ । ਲੋਕਾਂ ਨੂੰ ਬਹਿਕਾਇਆ ਜਾ ਰਿਹਾ ਹੈ । ਇਨ੍ਹਾਂ ਨੂੰ ਕੀ ਪਤਾ ਹੈ ਕਿ ਕਿੰਨੀ ਜ਼ਮੀਨ ਵਿਚ ਕਿਨੀ ਮੈਨਿਊਰ ਦੀ ਜ਼ਰੂਰਤ ਹੈ । (ਵਿਘਨ)

ਇਹ ਵੇਖ ਕੇ ਮੈਨੂੰ ਬੜੀ ਹੈਰਾਨੀ ਹੋਈ ਕਿ ਜਿਹੜੇ ਲੋਕ ਐਗਰੀਕਲਚਰ ਦੇ ਨਾਂ ਤੇ ਗਲਾਂ ਕਰਦੇ ਹਨ.............(ਵਿਘਨ) ਮਾਸਟਰ ਗੁਰਬੰਤਾ ਸਿੰਘ ਨੂੰ ਤਾਂ ਵਿਚਾਰੇ ਨੂੰ ਪਤਾ ਹੀ ਨਹੀਂ ਹੈ........

ਗ੍ਰਹਿ ਮੰਤਰੀ : ਅਜੇ ਤੁਹਾਨੂੰ ਵਾਹ ਨਹੀਂ ਪਿਆ।

ਸਰਦਾਰ ਗੁਰਦਿਆਲ ਸਿੰਘ ਢਿਲੋਂ : ਵਾਹ ਪੈ ਜਾਵੇ ਤਾਂ ਚੰਗਾ ਹੈ ਪਰ ਤੁਸੀਂ ਤਾਂ ਹੋਰ ਗੱਲਾਂ ਵਿਚ ਉਲਝੇ ਹੋਏ ਹੋ । ਦੋਵੇਂ ਹੀ ਬੜੇ ਚੰਗੇ ਬੰਦੇ ਹੋ, ਮੈਂ ਤੁਹਾਡੀ ਦੋਵਾਂ ਦੀ ਕਦਰ ਕਰਦਾ ਹਾਂ ਪਰ ਗਲਤ ਰਸਤੇ ਤੇ ਪਏ ਹੋਏ ਹੋ।

ਸਥਾਨਕ ਸ਼ਾਸਨ ਤੇ ਭਲਾਈ ਮੰਤਰੀ : ਤੁਸੀਂ ਤਾਂ ਸਿੱਧੇ ਰਸਤੇ ਤੇ ਪੈ ਗਏ ਹੋ।

ਸਰਦਾਰ ਗੁਰਦਿਆਲ ਸਿੰਘ ਢਿਲੋਂ: ਹਾਂ, ਆਉਣ ਵਾਲਾ ਟਾਈਮ ਦਸੇਗਾ ਕਿ ਅਸੀਂ ਸਿਧੇ ਰਸਤੇ ਤੇ ਪਏ ਹਾਂ ।

ਕਹਿੰਦੇ ਹੋ ਕਿ ਫੂਡ ਪ੍ਰੋਡਕਸ਼ਨ ਡਬਲ ਹੋਵੇਗੀ । ਮੈਂ ਪੁਛਦਾ ਹਾਂ ਕਿ ਕਿਸ ਅਥਾਰਿਟੀ ਤੇ ਕਹਿੰਦੇ ਹੋ ਕਿ ਫੂਡ ਪ੍ਰੋਡਕਸ਼ਨ ਡਬਲ ਹੋ ਜਾਏਗੀ ? ਕਿਸ ਐਕਸਪਰਟ ਔਪੀਨੀਅਨ ਦੀ ਬੇਸਿਜ਼ ਤੇ ਕਹਿੰਦੇ ਹੋ ਕਿ ਡਬਲ ਹੋ ਜਾਏਗੀ ? (ਵਿਘਨ) ਮੈਂ ਮਾਸਟਰ ਜੀ ਨੂੰ ਪੁਛਦਾ ਹਾਂ ਕਿ ਕੀ ਉਨ੍ਹਾਂ ਨੂੰ ਪਤਾ ਹੈ ਕਿ ਇਕ ਟਨ ਫਰਟੇਲਾਈਜ਼ਰ ਨਾਲ ਕਿੰਨੀ ਪ੍ਰੋਡਕਸ਼ਨ ਹੋ ਸਕਦੀ ਹੈ ਜਾਂ ਉਹ ਕਿੰਨੀ ਜ਼ਮੀਨ ਵਿਚ ਪੈ ਸਕਦੀ ਹੈ ? ਗਲਤ ਆਦਾਦੋ ਸੁਮਾਰ ਬਣਾਈ ਫਿਰਦੇ ਹਨ। (ਵਿਘਨ) ਮੈਂ ਪੱਟੀ ਵਿਚ ਤਕਰੀਰ ਕਰ ਰਿਹਾ ਸਾਂ ਤੇ ਮਾਸਟਰ ਜੀ ਉਥੇ ਪਹੁੰਚ ਗਏ । ਲੋਕ ਝੰਡੇ ਹੱਥਾਂ ਵਿਚ ਲਈ ਭਜੇ ਜਾਣ। ਮੈਂ ਉਨ੍ਹਾਂ ਨੂੰ ਕਿਹਾ ਕਿ ਬੈਠੇ ਰਹੋ, ਉਹ ਜੰਗਲਾਤ ਦੇ ਮੰਤਰੀ ਹਨ, ਉਨ੍ਹਾਂ ਨੇ ਦਰਖਤ ਲਗਾਉਣੇ ਹਨ ਅਤੇ ਸਬਜ਼ ਬਾਗ ਤਿਆਰ ਕਰਨੇ ਹਨ। ਬੈਠੇ ਰਹੋ, ਪਰਵਾਹ ਨਾ ਕਰੋ ।

ਮੈਂ ਕਹਿਣਾ ਚਾਹੁੰਦਾ ਹਾਂ ਕਿ ਪ੍ਰੈਕਟੀਕੇਬਲ ਗਲ ਕਰੋ । ਮੈਂ ਪੰਡਤ ਮੋਹਨ ਲਾਲ ਹੋਰਾਂ ਦਾ ਬੜਾ ਰੀਗਾਰਡ ਕਰਦਾ ਹਾਂ । ਸਵੇਰੇ ਗਿੱਲ ਸਾਹਿਬ ਨੇ ਉਨ੍ਹਾਂ ਨੂੰ ਕੁਝ ਗੱਲਾਂ ਕਹਿ ਦਿੱਤੀਆਂ। ਮੈਂ ਉਨ੍ਹਾਂ ਨੂੰ ਸਮਝਾਵਾਂਗਾ ਕਿ ਨਾ ਲੜਿਆ ਕਰੋ । ਲੋਕਾਂ ਨੇ ਤਾਂ ਬੜੀਆਂ ਆਸਾਂ ਲਾਈਆਂ ਹੋਈਆਂ ਹਨ । ਪੰਡਤ ਹੋਰਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਨਵੀਂ ਰੋਸ਼ਨੀ ਵਿਖਾਉਣ । ਜੇ ਕਰ ਉਨ੍ਹਾਂ ਨੇ ਵੀ ਉਸੇ ਲਾਈਨ ਤੇ ਚਲਣਾ ਹੈ ਤਾਂ ਉਨ੍ਹਾਂ ਨੂੰ ਇਹ ਗਲ ਸ਼ੋਭਾ ਨਹੀਂ ਦਿੰਦੀ।

ਇਹ ਗਲ ਕਹਿ ਕੇ ਮੈਂ ਖਤਮ ਕਰਦਾ ਹਾਂ ਅਤੇ ਬਾਕੀ ਗਲਾਂ ਬਜਟ ਦੀ ਡਿਸਕਸ਼ਨ ਦੇ ਵਕਤ ਕਹਾਂਗਾ ।

प्रिंसिपल रला राम (मुकेरियां) : माननीय सभापति महोदया, राज्यपाल महोदय ने यह एड्रेस लैजिसलेचर के सामने पढ़ा है। उस के लिए जो बधाई का रेजोल्यूशन पेश किया गया है उस के समर्थन के लिए मैं खड़ा हुआ हूं। इस अभिभाषण में इस बात को बिल्कुल स्पष्ट किया गया है कि जो काम इस स्टेट के अन्दर वार एफर्ट्स को आगे ले जाने के लिए और अपनी देश-रक्षा के लिए मुनासिब प्रबन्ध करने की कोशश की गई, वह बहुत सराहनीय है। इस में दो राएं नहीं हो सकतीं कि जितना प्रयत्न इस बार्डर स्टेट ने मिल्टिरी एफर्ट्स को आगे ले जाने के लिया किया है वह काबले फख्र है और हमें करना भी चाहिए क्योंकि इस बात से कोई इनकार नहीं कर सकता कि अगर कोई हमला फिर इस देश पर होता है तो पाकिस्तान भी ज़रूर हम पर हमला करेगा। अब तो कोई शुबह इस बात में नहीं रहा और बतौर बार्डर स्टेट होने के और

[प्रिंसिपल रला राम]

पाकिस्तान के साथ लगने के ज्यादा असर भी हम पर ही पड़ेगा । इस लिए इस स्टेट में होम गार्ड की शक्ल में और विलेज रक्षा दल की शक्ल में जो भी प्रयत्न किया गया है वह बड़ा ही सराहनीय है। जहां तक उस रकम का ताल्लुक है जो कि वार एफर्ट्स को आगे बढाने के लिए ली गई, इस सम्बन्ध में यह कहा जाता है कि बहुत सारी कोआप्रेटिव सोसाईटियों और दूसरी संस्थाओं से ली गई । इस बात से इन्कार नहीं हो सकता । लेकिन इस के साथ यह समझना कि आम लोगों ने अपनी हिम्मत के मुताबिक नहीं दिया या बाज़ ने हिम्मत से भी बढ़ कर ज्यादा नहीं दिया, ठीक नहीं है। जहां पर महकमों ने और दूसरे तीसरे बड़े आदमियों ने बढ़ चढ़ कर इस बात में हिस्सा लिया और वह इस मैदान में पीछे नहीं रहे वहां यह भी स्वीकार करना होगा कि एक आम पंजाबी ने भी बढ़ चढ़ कर इस में हिस्सा लिया है और अपना अंशदान, कंट्री-ब्यूशन इस के अंदर दी है। मैं समझता हूं कि यह बात भी आम पंजाबी जनता के लिए बड़ी सराहनीय है। लेकिन जैसा कि यह कहा गया है, अभी इस एफर्ट को और भी आगे, और विशेषकर पंजाब राज्य में, ले जाने की जरूरत है । इस सम्बन्ध में मैं यह कहना चाहूंगा कि हमारी सरकार को अभी इस तरफ और भी बढ़ चढ़ कर ध्यान देना होगा । हमारे माननीय सदस्यों ने यह बात अखबार में पढ़ी होगी कि पाकिस्तान 75,000 गुरीलाज़ तैयार कर रहा है। इस लिए मैं चाहूंगा कि पंजाब के अन्दर भी गुरीला ट्रेनिंग, होम गार्ड और ग्राम रक्षा दल के साथ ही दिलाई जाए । ऐसा करने से हमारी सरकार न केवल पंजाब स्टेट की ही बल्कि सारे भारत की बड़ी भारी सेवा करेगी । जहां पर पहले ऐसे प्रयत्न किए गए हैं जो कि बहुत ही सराहनीय हैं वहां मैं आप के जरिए अपनी सरकार से यह बात कहना चाहता हूं कि अगर इस के साथ ही साथ गुरीला ट्रेनिंग भी शुरू कर दे तो पंजाब सरकार देश की और पंजाब की खास कर बड़ी भारी आवश्यकता को पूरा करेगी।

जहां तक क्राईम सिचुएशन का ताल्लुक है, सभापति महोदया, यह हमारे लिए बड़ी खुशी की बात है कि पंजाब के अन्दर संगीन जरायम, सीरियस जरायम की तादाद में घटौती हुई है। जैसे कि राज्यपाल ने अपने अभिभाषण में कहा, यह ठीक है कि जो केस रिपोर्ट हुए उन के अन्दर पांच हजार का इज़ाफा हुआ । लेकिन यह स्पष्ट कर दिया गया है कि वह एक्साइज़ के सम्बन्ध में रेड्ज़ ज्यादा होने की वजह से इज़ाफा हुआ । जहां तक संगीन जरायम का ताल्लुक है, यह बड़े फख्र की बात है और इस के लिए मैं समझता हूं कि हमारे होम मिनिस्टर साहिब बधाई के पात्र ह। उन्हों ने प्रयत्न किया कि पंजाब के अन्दर संगीन जरायम कम हो जाएं और उस प्रयत्न के अन्दर उन को सफलता मिली है। इस के लिए मैं उन को हार्दिक बधाई देता हूं। यह बात ठीक है कि हमारी पुलिस अब प्रयत्न कर रही है कि जरायम को साइंटिफिक तरीके से ट्रेस कर के ज्यादा से ज्यादा कनविकशन्ज़ की जाएं । मेरा यह अपना अनुभव है और विचार है कि जहां तक सांईंटिफिक इनवैस्टीगेशन का ताल्लुक है हमारी पुलिस इस मैदान में पीछे है। मेरे अपने हलके के अन्दर भी और कई और केसिज़ भी मेरे

नोटिस में आए हैं। उन से मैं ने यह अनुभव किया है कि उन को सांइंटिफिक और अच्छे तरीके से हैंडल नहीं किया गया, इस लिए कई मर्डर्ज़ भी ट्रेस नहीं हो सके इस लिए मैं आप के ज़रिए, सभापति महोदया, होम मिनिस्टर साहिब को कहना चाहता हूं कि जो फौरैंज़िक लबारेटरी बनाई गई है वह बड़ी सराहनीय है लेकिन फिर भी इस बारे में पंजाब पुलिस को सांइंटिफिक फील्ड में आगे बढ़ने की बड़ी जरूरत है क्योंकि कई सीरियस केसिज में, मैं समझता हूं, पूरी और प्रापर इनवैस्टीगेशन न होने की वजह से पुलिस मुजरिमों को सजा नहीं दिलवा सकती या कनविकशन्ज़ हासिल नहीं कर सकती। इस बारे में विशेष ध्यान देने की जरूरत है। मेरी यह पक्की राए है कि जहां तक सांइंटिफिक और साईकोलौजीकल इनवैस्टीगेशन का ताल्लुक है हमारी पुलिस के मैथड्स अभी तक क्रूड हैं और सांइंटिफिक पाए के नहीं हैं।

जहां तक इरीगेशन का ताल्लुक है, पंजाब के सूबे के लिये बड़ी खुशी का मुकाम है। दो बड़े भारी प्रॉजेक्ट हैं, एक तो मुकम्मल हो गया है। दूसरे बयास डैम प्रॉजैक्ट पर काम तेज़ी के साथ आगे बढ़ रहा है। यह बड़ी खुशी की बात है और इस के लिए सरकार की, शासन की जितनी सराहना की जाए वह थोड़ी है। लेकिन इस के साथ साथ मैं आप के द्वारा अपने शासन का ध्यान इस बात की तरफ दिलाना चाहता हूं कि आज अन्न की समस्या हमारे सामने है। इस सम्बन्ध में बहुत से मेम्बर साहिबान ने अपने भाषणों में इस बात पर जोर दिया कि प्राईसिज़ जो बढ़ रही हैं यह नहीं बढ़नी चाहिएं। ठीक है, कौन यह चाहता है कि प्राईसिज़ बढ़ें ? इस का पब्लिक के मोरेल पर बहुत बुरा असर पड़ता है, इस बात से भी इनकार नहीं किया जा सकता। लेकिन प्राईसिज़ को तभी बढ़ने से रोका जा सकता है जब कि एक तरफ गवर्नमैंट मशीनरी. . . .ठीक है कि सही ढंग से काम करने लगे और दूसरी तरफ प्रोडक्शन में बढ़ौतरी हो। जब तक अन्न की उपज हमारे राज्य के अन्दर नहीं बढ़ती हम इन प्राईसिज़ को कन्ट्रोल कर के नीचे लाने में सफल नहीं हो सकते। उस के लिए मैं यह सुझाव देना चाहता हूं कि सूबे के अन्दर माईनर इरीगेशन की तरफ, ट्यूबवैल इरीगेशन की तरफ मुनासिब ध्यान दिया जाए, अभी तक इस तरफ पूरे तौर पर ध्यान नहीं दिया गया।

अभी पिछले दिनों कुहरे की बड़ी भारी आफत आई जिसकी वजह से, ठीक है कि हमारे पंजाब प्रान्त के सामने एक बड़ी गम्भीर समस्या खड़ी हो गई क्योंकि यह राज्य न केवल अन्न के सम्बन्ध में अपनी ही ज़रूरतों को पूरा करता है बल्कि भारत के लिए ग्रेनरी है। इसलिए भी आवश्यक है कि इस प्रकार की जो आफतें आती हैं उन का मुकाबिला करने के लिए पहिले से ही तैयार रहा जाए।

ਸਰਦਾਰ ਜਗਜੀਤ ਸਿੰਘ : ਆਨ ਏ ਪੁਆਇੰਟ ਆਫ ਆਰਡਰ। ਇਹ ਪੰਜਾਬੀ ਰਿਜਨਲ ਕਮੇਟੀ ਦੇ ਚੇਅਰਮੈਨ ਹਨ ਪਰ ਤਕਰੀਰ ਹਿੰਦੀ ਵਿਚ ਕਰ ਰਹੇ ਹਨ। ਇਹ ਗਲਤ ਚੀਜ਼ ਹੈ।

प्रिंसिपल रला राम : यह दोनों भाषाएं बहनें हैं इसलिए इसमें कोई फर्क नहीं पड़ता। तो मैं यह बताने जा रहा था कि मैंने अपने हलके में देखा है कि बावजूद इस कुहरे के जहां पर ज़मींदार अपनी अपनी ज़मीनों को पानी दे पाए, माईनर इरीगेशन

[प्रिंसिपल रला राम]

के ज़रिए या ट्यूबवैल्ज़ के ज़रिए, वहां पर कई फसलें अपने पांव पर खड़ी हैं, वह हरी भरी खड़ी हैं । इसलिए जहां पर हम अपने राज्यपाल को इस शानदार भाषण के लिए बधाई देते हैं, वहां यह भी जरूरी है कि गवर्नमैंट माइनर इरीगेशन और ट्यूबवैल इरीगेशन के लिए फौरी तौर पर मुनासिब कदम उठाए (घंटी)

हमारे मुख्य मन्त्री जी ने दावा किया है, ऐलान किया है कि ऐग्रीकल्चरल प्रोडक्शन को दुगना करेंगे । यह हम सब के लिए खुशी और प्रसन्नता की बात है क्योंकि ऐसा करके पंजाब केवल अपने मसले ही हल नहीं करेगा बल्कि दूसरे सूबों के लिए भी अन्न मुहैया करेगा । उसके लिए जहां दूसरे प्रयत्न किए जाएंगे वहां यह भी ज़रूरी है कि किसानों, ज़मींदारों को फर्टेलाईज़र जिस कीमत पर इस वक्त मिल रहा है उस से आधी कीमत पर मिले । अगर उन को फर्टेलाइज़र उसी कीमत पर मिलेंगे जिस पर कि अब मिलते हैं तो मुझे शक है कि हम अन्न की पैदावार को दुगना नहीं कर पाएंगे। पंजाब में जहां कहीं भी, कम से कम अपने हलके में जहां कहीं भी मैं गया हूं मैंने ज़मींदारों को यह मांग करते हुए सुना है जो कि मैं समझता हूं कि सही है कि फर्टेलाईज़र आज से आधी कीमत पर मिलना चाहिए । इसलिए मैं यह कहूंगा कि यह प्रोग्राम बड़ा सराहनीय है लेकिन इसमें कामयाबी तभी हो सकती है जब कि हम ज़मींदारों की इस जायज़ मांग को पूरा करें ।

इस के साथ साथ पंजाब के अन्दर खेतीबाड़ी के ही सिलसिला में स्ट्रे कैटल की समस्या भी है। जब तक इस समस्या को हल नहीं किया जाएगा अन्न की बढ़ौतरी बड़ी कठिन होगी । यह हमारे सूबा में एक भारी मैनेस है । ज़मींदारों को इस तरह से बड़ी भारी मुसीबत का सामना करना पड़ रहा है। इस तरफ भी मुनासिब कदम उठाने की बड़ी भारी आवश्यकता है।

ਸਰਦਾਰ ਤਾਰਾ ਸਿੰਘ ਲਾਇਲਪੁਰੀ : ਆਨ ਏ ਪੁਆਇੰਟ ਆਫ ਆਰਡਰ, ਮੈਂ ਗਵਰਨਰ ਸਾਹਿਬ ਦੇ ਐਡਰੇਸ ਵੇਲੇ ਵੀ ਵਾਕ ਆਊਟ ਕੀਤਾ ਸੀ ਕਿਉਂਕਿ ਉਹ ਪੰਜਾਬੀ ਵਿਚ ਨਹੀਂ ਸੀ ਬੋਲੇ । ਮੈਂ ਹੁਣ ਵੀ ਵਾਕ ਆਊਟ ਕਰ ਜਾਵਾਂਗਾ ਜੇ ਜਿਨ੍ਹਾਂ ਨੇ ਪੰਜਾਬੀ ਵਿਚ ਨਾ ਬੋਲਿਆ । ਜਾਂ ਇਹ ਪੰਜਾਬੀ ਰਿਜਨਲ ਕਮੇਟੀ ਦੇ ਚੇਅਰਮੈਨ ਨਾ ਰਹਿਣ ਨਹੀਂ ਤਾਂ ਪੰਜਾਬੀ ਵਿਚ ਬੋਲਣ ।

प्रिंसिपल रला राम : तो मैं कह रहा था कि स्ट्रे कैटल की समस्या को भी हल करना निहायत ज़रूरी है। (विघ्न)

सभापति : प्रिंसिपल साहिब, अब आप बैठ जाइए। (I would request the hon. Member to resume his seat now.)

प्रिंसिपल रला राम : मैं वाइंड अप कर रहा हूँ।

Chairman : No please. Your time is over now. Please resume your seat. Now I call upon Sardar Shamsher Singh Josh to speak.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਰੋਪੜ) : ਮਾਨਯੋਗ ਪਰਧਾਨ ਜੀ.......... (ਵਿਘਨ)

PERSONAL EXPLANATION BY SARDAR PIARA SINGH

सरदार प्यारा सिंह : On a point of personal explanation, Madam. मेरी गैर हाज़री में कुछ बातें मेरे मुतल्लिक कही गई। मैं उनके बारे में पर्सनल ऐक्सप्लेनेशन देना चाहता हूं। (विघ्न)

ਚੇਅਰਮੈਨ : ਤੁਸੀਂ ਇਸ ਤਰ੍ਹਾਂ ਨਹੀਂ ਬੋਲ ਸਕਦੇ। ਜਦ ਤੁਹਾਨੂੰ ਟਾਈਮ ਮਿਲੇਗਾ ਉਸ ਵੇਲੇ ਬੋਲ ਲੈਣਾ। ਹੁਣ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਬੋਲਣਗੇ। (He cannot speak like this. He may speak on it when he is called upon to speak. Now Comrade Shamsher Singh Josh will have his say).

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਚੇਅਰਮੈਨ ਸਾਹਿਬਾ, ਮੈਂ ਗਵਰਨਰ ਸਾਹਿਬ ਦੇ ਐਡਰੈਸ ਉਤੇ ਬੋਲਣ ਲਈ ਖੜ੍ਹਾ ਹੋਇਆ ਹਾਂ.........(ਵਿਘਨ)

Chairman : No interruptions, please.

ਸਰਦਾਰ ਗੁਰਦਰਸ਼ਨ ਸਿੰਘ : ਆਨ ਏ ਪੁਆਇਟ ਆਫ਼ ਆਰਡਰ, ਮੈਡਮ। ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜੇ ਇਕ ਮੈਂਬਰ ਪੁਆਇੰਟ ਆਫ਼ ਪਰਸਨਲ-ਐਕਸਪਲੇਨੇਸ਼ਨ ਤੇ ਖੜ੍ਹਾ ਹੋਵੇ ਤਾਂ ਕੀ ਉਸ ਨੂੰ ਇਹ ਰਾਈਟ ਨਹੀਂ ਹੈ ਕਿ ਆਪਣਾ ਪਰਸਨਲ ਐਕਸਪਲੇਨੇਸ਼ਨ ਦੇ ਸਕੇ ?

ਚੇਅਰਮੈਨ : ਠੀਕ ਹੈ, ਮੈਂਬਰ ਆਪਣਾ ਪਰਸਨਲ ਐਕਸਪਲੇਨੇਸ਼ਨ ਦੇ ਸਕਦਾ ਹੈ।

(That is right. The hon. Member can give his personal explanation.)

Comrade Ram Chandra : On a point of order. May I know when a Member has been called upon to speak, can any other member rise on Personal Explanation ?

ਚੇਅਰਮੈਨ : ਕਾਮਰੇਡ ਸਾਹਿਬ, ਪੋਜ਼ੀਸ਼ਨ ਇਹ ਹੈ ਕਿ ਇਹ ਪੁਆਇੰਟ ਆਫ਼ ਆਰਡਰ ਰੇਜ਼ ਕੀਤਾ ਗਿਆ ਕਿ ਇਕ ਮੈਂਬਰ ਪਰਸਨਲ ਐਕਸਪਲੇਨੇਸ਼ਨ ਦੇ ਸਕਦਾ ਹੈ ਜਾਂ ਨਹੀਂ। ਉਸ ਦੀ ਰੂਲਿੰਗ ਵਿਚ ਮੈਂ ਦਸਿਆ ਹੈ ਕਿ ਉਹ ਪਰਸਨਲ ਐਕਸਪਲੇਨੇਸ਼ਨ ਦੇ ਸਕਦਾ ਹੈ। (Comrade Sahib, the position is that a point of order was raised to the effect whether an hon. Member could give his personal explanation or not. I have given the ruling that he could do so).

कामरेड राम चन्द्र : लेकिन जब चेयर ने किसी दूसरे मेम्बर को बोलने के लिए काल अपॉन कर लिया हो तो फिर कैसे उसी बीच में वह अपना पर्सनल ऐक्सप्लेनेशन दे सकते हैं।

ਚੇਅਰਮੈਨ : ਉਹ ਕਰ ਸਕਦਾ ਹੈ ਕਿਉਂਕਿ ਅਜੇ ਉਨ੍ਹਾਂ ਨੇ ਬੋਲਣਾ ਸ਼ੁਰੂ ਨਹੀਂ ਕੀਤਾ।

(He could do so because the other hon. Member had not started making his speech).

चौधरी नेत राम : आन ए प्वायंट आफ आर्डर, मैडम। मेरा प्वायंट आफ आर्डर यह है कि जब जिस के बारे कोई लफ्ज़ कहे गए, उस वक्त वह हाऊस में हाजिर न हो तो पर्सनल ऐक्स्प्लेनेशन कैसे दिया जा सकता है।

ਸਰਦਾਰ ਗੁਰਚਰਨ ਸਿੰਘ : ਮੈਂ ਸੁਜੈਸ਼ਨ ਦਿਆਂਗਾ ਕਿ ਅਗੇ ਤੋਂ . . . .

Chairman : No suggestion please.

ਸਰਦਾਰ ਲਛਮਣ ਸਿੰਘ ਗਿਲ : ਆਨ ਏ ਪੁਆਇੰਟ ਆਫ਼ ਆਰਡਰ, ਮੈਡਮ............(ਵਿਘਨ)

ਚੇਅਰਮੈਨ : ਪਹਿਲਾਂ ਉਨ੍ਹਾਂ ਨੂੰ ਆਪਣਾ ਪਰਸਨਲ ਐਕਸਪਲੇਨੇਸ਼ਨ ਦੇ ਲੈਣ ਦਿਓ। (Let him first give his personal explanation).

(*Deputy Speaker in the Chair*)

ਸਰਦਾਰ ਲਛਮਣ ਸਿੰਘ ਗਿੱਲ : ਪਹਿਲਾਂ ਮੇਰਾ ਪੁਆਇੰਟ ਆਫ਼ ਆਰਡਰ ਸੁਣ ਲਓ........

ਡਿਪਟੀ ਸਪੀਕਰ : ਤੁਸੀਂ ਤਸ਼ਰੀਫ਼ ਰਖੋ। ਪਹਿਲਾਂ ਮੈਨੂੰ ਉਨ੍ਹਾਂ ਦਾ ਪਰਸਨਲ ਐਕਸਪਲੇਨੇਸ਼ਨ ਸੁਣ ਲੈਣ ਦਿਓ। (The hon. Member may please resume his seat. Let me first listen to his personal explanation).

ਸਰਦਾਰ ਲਛਮਣ ਸਿੰਘ ਗਿੱਲ : ਪੁਆਇੰਟ ਆਫ਼ ਆਰਡਰ ਦਾ ਮਤਲਬ ਹੀ ਇਹ ਹੁੰਦਾ ਹੈ ਕਿ ਉਨ੍ਹਾਂ ਨੂੰ ਹਰ ਗਲ ਵਿਚ ਪਰੈਸੀਡੈਂਸ ਹੁੰਦੀ ਹੈ।

उपाध्यक्षा : आप मेरी बात सुनिए। (Please listen to me.)

ਸਰਦਾਰ ਲਛਮਣ ਸਿੰਘ ਗਿੱਲ : ਤੁਸੀਂ ਵੀ ਰੂਲਜ਼ ਐਰ ਰੈਗੂਲੇਸ਼ਨਜ਼ ਨੂੰ ਸਾਹਮਣੇ ਰਖੋ। ਜੋ ਮੇਰਾ ਰਾਈਟ ਹੈ . . . .

उपाध्यक्षा : आप की चेयर पर कोई अनपढ़ नहीं बैठा हुआ। मुझे रूल्ज़ और रेगुलेशन्ज़ का पता है (The Chair is not occupied by an illiterate person. I am conversant with rules and regulation.)

ਸਰਦਾਰ ਲਛਮਣ ਸਿੰਘ ਗਿੱਲ : ਪੁਆਇੰਟ ਆਫ਼ ਆਰਡਰ ਰੇਜ਼ ਕਰਨਾ ਮੇਰਾ ਰਾਈਟ ਹੈ ?

(*Interruptions*)

Deputy Speaker : I have asked the Honourable Member to resume his seat. He should please sit down.

(*Chaudhri Net Ram rose to speak*)

उपाध्यक्षा : चौधरी नेत राम जी, आप को इस तरह से नहीं उठना चाहिए। मुझे सुनने दें कि सरदार प्यारा सिंह क्या कहते हैं। (Chaudhri Net Ram should not please rise in his seat. Let me first hear Sardar Piara Singh.)

चौधरी नेत राम : आन ए प्वाइंट आफ आर्डर, मैडम। मैं इसी परसनल एक्सपलेनेशन के मामले में आप की रूलिंग चाहता हूं कि......

उपाध्यक्षा : मैं आप को इस तरह से इजाजत नहीं दे सकती। (I cannot allow the hon. Member to interrupt like this.)

ਸਰਦਾਰ ਲਛਮਣ ਸਿੰਘ ਗਿੱਲ : ਆਨ ਏ ਪੁਆਇੰਟ ਆਫ਼ ਆਰਡਰ, ਮੈਡਮ। ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ ਨਾਲੋਂ ਪੁਆਇੰਟ ਆਫ਼ ਆਰਡਰ ਨੂੰ ਇਨ੍ਹਾਂ ਰੂਲਜ਼ ਵਿਚ ਤਰਜੀਹ ਦਿਤੀ ਹੋਈ ਹੈ, ਇਸ ਕਰਕੇ ਆਪ ਮੇਰਾ ਪੁਆਇੰਟ ਆਫ਼ ਆਰਡਰ ਪਹਿਲਾਂ ਸੁਣ ਲਓ।

Deputy Speaker : Sardar Gurnam Singh Ji, I seek your help.

Sardar Gurnam Singh : This happened like this. The Chairman, in your absence, called upon Mr. Josh to speak. When he started speaking, the Honourable Member Sardar Piara Singh got up.

(*Interruptions*)

Deputy Speaker : Pandit Mohan Lal Ji, I seek your help also.

(*Interruptions*)

(ਕੁਝ ਆਵਾਜ਼ਾਂ : ਪੰਜਾਬੀ ਵਿਚ ਬੋਲੋ)

ਸਰਦਾਰ ਗੁਰਨਾਮ ਸਿੰਘ : ਮੈਂ ਇਨ੍ਹਾਂ ਦੀ ਗੱਲ ਮੰਨ ਕੇ ਆਪਣੀ ਗੱਲ ਪੰਜਾਬੀ ਵਿਚ ਕਹਿ ਦਿੰਦਾ ਹਾਂ।

ਮੈਂ ਅਰਜ਼ ਕਰ ਰਿਹਾ ਸੀ ਕਿ ਜਿਸ ਵੇਲੇ ਬੀਬੀ ਪਰਕਾਸ਼ ਕੌਰ ਨੇ ਜੋਸ਼ ਸਾਹਿਬ ਨੂੰ ਬੁਲਾ ਲਿਆ ਅਤੇ ਉਹ ਬੋਲਣ ਵੀ ਲਗ ਪਏ ਤਾਂ ਸਰਦਾਰ ਪਿਆਰਾ ਸਿੰਘ ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ ਖੜ੍ਹੇ ਹੋ ਗਏ। ਬੀਬੀ ਜੀ ਨੇ ਉਨ੍ਹਾਂ ਨੂੰ ਬੜੀ ਦਫਾ ਕਿਹਾ ਕਿ ਬੈਠ ਜਾਵੋ ਪਰ ਇਹ ਨਹੀਂ ਬੈਠੇ। ਮਾਲੂਮ ਹੁੰਦਾ ਹੈ ਕਿ ਜਿਸ ਵੇਲੇ ਢਿਲੋਂ ਸਾਹਿਬ ਬੋਲ ਰਹੇ ਸਨ ਤਾਂ ਉਨ੍ਹਾਂ ਨੇ ਇਨ੍ਹਾਂ ਬਾਰੇ ਕੁਝ ਕਹਿ ਦਿੱਤਾ ਸੀ। ਤੁਹਾਨੂੰ ਯਾਦ ਹੋਵੇਗਾ ਕਿਉਂਕਿ ਉਸ ਵੇਲੇ ਇਥੇ ਤੁਸੀਂ ਵੀ ਮੌਜੂਦ ਸੀ। ਤੁਹਾਨੂੰ ਇਹ ਤਾਂ ਪਤਾ ਹੀ ਹੈ ਕਿ ਜਿਸ ਵੇਲੇ ਇਕ ਆਦਮੀ ਨੂੰ ਬੋਲਣ ਲਈ ਕਹਿ ਦਿੱਤਾ ਜਾਵੇ ਅਤੇ ਉਹ ਬੋਲਣ ਵੀ ਲਗ ਜਾਵੇ ਤਾਂ ਦੂਜੇ ਆਦਮੀ ਨੂੰ ਪਰਸਨਲ ਐਕਸਪਲੇਨੇਸ਼ਨ ਦੇਣ ਲਈ ਉਸ ਵੇਲੇ ਤਕ ਇਜਾਜ਼ਤ ਨਹੀਂ ਦਿੱਤੀ ਜਾਂਦੀ ਜਿਸ ਵੇਲੇ ਤਕ ਪਹਿਲਾ ਆਦਮੀ ਆਪਣੀ ਸਪੀਚ ਖਤਮ ਨਹੀਂ ਕਰ ਲੈਂਦਾ। ਫਿਰ ਇਹ ਗੱਲ ਵੀ ਹੈ ਕਿ ਢਿਲੋਂ ਸਾਹਿਬ ਦੇ ਬੋਲਣ ਤੋਂ ਬਾਅਦ ਪਰਿੰਸੀਪਲ ਰਲਾ ਰਾਮ ਵੀ ਬੋਲ ਚੁਕੇ ਸਨ ਜਿਸ ਵੇਲੇ ਇਹ ਪਰਸਨਲ ਐਕਸਪਲੇਨੇਸ਼ਨ ਵਾਸਤੇ ਖੜ੍ਹੇ ਹੋਏ ਸੀ। ਇਸ ਤਰ੍ਹਾਂ ਇਹ ਹੁਣ ਵੀ ਅੰਦਾਜ਼ਾ ਕਰ ਸਕਦੇ ਸੀ। ਜਦ ਚੇਅਰਮੈਨ ਨੇ ਜੋਸ਼ ਸਾਹਿਬ ਨੂੰ ਬੋਲਣ ਲਈ ਕਹਿ ਦਿੱਤਾ ਸੀ ਤਾਂ ਚੇਅਰ ਦੀ ਡਿਗਨਿਟੀ ਵੀ ਇਸੇ ਵਿਚ ਹੈ ਕਿ ਪਹਿਲੇ ਉਨ੍ਹਾਂ ਨੂੰ ਬੋਲ ਲੈਣ ਦਿੱਤਾ ਜਾਂਦਾ। ਹੁਣ ਤੁਸੀਂ ਆਪ ਫੈਸਲਾ ਕਰ ਲਓ।

Deputy Speaker : Before I allow any Member to speak, I would request the Lady Chairman to explain the position.

ਸ਼੍ਰੀਮਤੀ ਡਾਕਟਰ ਪਰਕਾਸ਼ ਕੌਰ: ਡਿਪਟੀ ਸਪੀਕਰ ਸਾਹਿਬਾ, ਜਿਸ ਵੇਲੇ ਪਰਿੰਸੀਪਲ ਰਲਾ ਰਾਮ ਜੀ ਬੋਲ ਚੁਕੇ ਸਨ ਤਾਂ ਮੈਂ ਦੂਜੇ ਮੈਂਬਰ ਦਾ ਨਾਂ ਬੁਲਾਲਿਆ ਸੀ। ਲੇਕਿਨ ਇਸ ਦੌਰਾਨ ਵਿਚ ਇਹ ਪੁਆਇੰਟ ਆਫ਼ ਆਰਡਰ ਰੇਜ਼ ਕੀਤਾ ਗਿਆ ਜਿਸ ਵਿਚ ਮੇਰਾ ਧਿਆਨ ਇਸ ਚੀਜ਼ ਵਲ ਦਿਵਾਇਆ ਗਿਆ ਕਿ ਸਰਦਾਰ ਪਿਆਰਾ ਸਿੰਘ ਪਰਸਨਲ ਅਕਸਪਲੇਨੇਸ਼ਨ ਤੇ ਬੋਲਣਾ ਚਾਹੁੰਦੇ ਸਨ ਲੇਕਿਨ ਮੈਂ ਉਨ੍ਹਾਂ ਨੂੰ ਬੋਲਣ ਲਈ ਟਾਈਮ ਨਹੀਂ ਦਿੱਤਾ। ਜਿਸ ਵੇਲੇ ਮੇਰੇ ਨੋਟਿਸ ਵਿਚ ਇਹ ਚੀਜ਼ ਲਿਆਂਦੀ ਗਈ ਉਸ ਵੇਲੇ ਮੈਂ ਸਰਦਾਰ ਪਿਆਰਾ ਸਿੰਘ ਨੂੰ ਕਾਲ ਕਰ ਦਿੱਤਾ ਕਿ ਉਹ ਪਰਸਨਲ ਐਕਸਪਲੇਨੇਸ਼ਨ ਤੇ ਪਹਿਲੇ ਬੋਲ ਲੈਣ।

उपाध्यक्षा : सरदार लछमन सिंह की बात ठीक है--(noise) आर्डर प्लीज़ ! क्या आप यह हाउस का अच्छा नमूना पेश कर रहे हैं ?

चेयरमैन जो मौजूद हैं, उन्हों ने जो एक बार इजाज़त दे दी तो मेरा यह फर्ज़ बन जाता है कि उसी को बोलने दूं । लेकिन सरदार प्यारा सिंह से मैं कहूंगी कि जब वह सरदार गुरदयाल सिंह जो उन के बारे में कह गए हैं, का जवाब देना चाहते हैं तो इन्हें यह उस वक्त कहना चाहिए जब ढिल्लों साहिब यहां मौजूद हों । (शोर) आर्डर प्लीज़, यदि यही हालत रही तो मुझे हाउस एडजर्न करना पड़ेगा । सरदार प्यारा सिंह चूंकि उस वक्त मौजूद नहीं थे जब ढिल्लों साहिब ने उन के बारे में कुछ कहा था, इस लिए अगर वह मुनासिब समझें तो उस वक्त बोल लें जिस वक्त ढिल्लों साहिब यहां मौजूद हों, उस वक्त जवाब देने का अपना राइट रिज़र्व रखें ।

(Sardar Lachhman Singh was right ———(Noise). Order please. Can the hon. Members feel proud of the way in which they are behaving now in this House ?

It becomes my duty to allow that very hon. Member to continue his speech, whom the hon Lady Member who is present here and was occupying the Chair just before me, had called to speak. But I would suggest to Sardar Piara Singh, to reserve his right to speak on personal explanation and use it at some other occasion when Sardar Gurdial Singh Dhillon, who had said something about him, is present here. (Noise).

Order please. If the hon. Members continue to behave like this, I will have to adjourn the House.

I was suggesting to Sardar Piara Singh that as he was not present here when Sardar Gurdial Singh Dhillon has said something about him it would, therefore, be proper for him to explain his position in this regard when Dhillon Sahib is present in the House).

ਸਰਦਾਰ ਪਿਆਰਾ ਸਿੰਘ : ਡਿਪਟੀ ਸਪੀਕਰ ਸਾਹਿਬਾ, ਮੈਂ ਆਪ ਦਾ ਬੜਾ ਧੰਨਵਾਦੀ ਹਾਂ ਜੋ ਆਪ ਨੇ ਮੈਨੂੰ ਪਰਸਨਲ ਐਕਸਪਲੇਨੇਸ਼ਨ ਦੇਣ ਦਾ ਮੌਕਾ ਦਿੱਤਾ ਹੈ । ਮੇਰੀ ਗੈਰਮੌਜੂਦਗੀ ਵਿਚ ਮੇਰੇ ਬਾਰੇ ਢਿਲੋਂ ਸਾਹਿਬ ਨੇ ਬੜੀਆਂ ਵਾਹੀਆਤ ਅਤੇ ਫ਼ਜ਼ੂਲ ਗੱਲਾਂ ਕਹੀਆਂ ਹਨ ਜਿਹੜੀਆਂ ਮੈਂ ਬਰਦਾਸ਼ਤ ਨਹੀਂ ਕਰ ਸਕਦਾ। (ਬੜਾ ਸ਼ੋਰ)

उपाध्यक्षा : आप ने खड़े होते ही कहा है कि आप की ग़ैर हाज़री में कुछ बातें कही गई हैं । यह आप को मालूम होना चाहिए कि जो बातें ग़ैर हाज़री में कही जाती हैं वह लड़ाने के लिए कही जाती हैं । आप को दूसरों के लिए अच्छे शब्द इस्तेमाल करने चाहिएं । (The hon. Member, while speaking at the very start, has admitted that Sardar Gurdial Singh Dillon had said something in his absence which I had already pointed out to him. Therefore, I would like to impress upon him that things which might have been said in one's absence are likely to cause misunderstadings when conveyed to him by others. He should speak politely about others.)

श्री देव राज ग्रानन्द : ग्रान ए प्वायंट ग्राफ ग्रार्डर, मैडम : सरदार प्यारा सिंह ने जो लफज़ 'वाहियात' इस्तेमाल किया है यह उन्हें विदड्रा करना चाहिए । उन्हें पहले पता तो कर लेना चाहिए कि ढिल्लों साहिब ने क्या कहा है ।

उपाध्यक्षा : मैं ने पहले ही उन्हें कह दिया है । (I have already appointed it out to the hon. Member.)

श्री देव राज ग्रानन्द : ग्राप उन से कहें कि वह पहले ढिल्लों साहिब से दरयाफ़त कर लें कि उन्हों ने क्या कहा है ।

ਸਰਦਾਰ ਪਿਆਰਾ ਸਿੰਘ : ਡਿਪਟੀ ਸਪੀਕਰ ਸਾਹਿਬਾ, ਇਥੇ ਦੋ ਗਲਾਂ ਮੇਰੀ ਗ਼ੈਰ-ਮੌਜੂਦਗੀ ਵਿਚ ਮੇਰੇ ਬਾਰੇ ਵਿਚ ਸਰਦਾਰ ਗੁਰਦਿਆਲ ਸਿੰਘ ਢਿਲੋਂ ਨੇ ਕਹੀਆਂ ਹਨ...........

1.00 p.m.

(ਵਿਘਨ) (ਸ਼ੋਰ) ।

ਬਾਬੂ ਬਚਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਮੈਡਮ । ਜੇਕਰ ਕਿਸੇ ਇਕ ਮੈਂਬਰ ਦੇ ਖਿਲਾਫ਼ ਕਿਸੇ ਦੂਸਰੇ ਮੈਂਬਰ ਨੇ ਕੋਈ ਗੱਲ ਕਹੀ ਹੋਵੇ ਅਤੇ ਉਸ ਨੇ ਆਪ ਉਹ ਗੱਲ ਨਾ ਸੁਣੀ ਹੋਵੇ ਜਿਸ ਤਰ੍ਹਾਂ ਕਿ ਇਸ ਕੇਸ ਵਿਚ ਸਰਦਾਰ ਪਿਆਰਾ ਸਿੰਘ ਨੇ ਆਪ ਆਪਣੇ ਕੰਨਾਂ ਨਾਲ ਕੋਈ ਗਲ ਨਹੀਂ ਸੁਣੀ ਕਿਉਂਕਿ ਇਹ ਆਪ ਹਾਜ਼ਰ ਨਹੀਂ ਸਨ ਤਾਂ ਕੀ ਫਿਰ ਵੀ ਉਹ ਪਰਸਨਲ ਐਕਸਪਲੇਨੇਸ਼ਨ ਤੇ ਖੜ੍ਹੇ ਹੋ ਸਕਦੇ ਹਨ ? ਇਹ ਕਿਸ ਗੱਲ ਤੇ ਪਰਸਨਲ ਐਕਸਪਲੇਨੇਸ਼ਨ ਦੇ ਰਹੇ ਹਨ ?

उपाध्यक्षा : मैं ने तो पहले ही कह दिया है कि अगर किसी मेम्बर ने खुद बात न सुनी हो तो किसी दूसरे के सुनाने पर यहां पर पर्सनल एक्सप्लेनेशन पर खड़ा नहीं होना चाहिए । इस केस में पैनल ग्राफ चेयरमैन के एक चेयरमैन ने अगर सरदार प्यारा सिंह को इजाजत दे दी है तो मैं उसे ग्रानर करती हूं । सरदार प्यारा सिंह एक दो मिन्ट में जो कुछ कहना चाहें कह लें । (Interruptions) (I have already informed the house that in case an hon. Member has not heard any thing with his own ears and if anything has been conveyed to him by another hon. Member he should not rise at a point of personal explanation. In this case a member of the Penal of chairmen has permitted Sardar Piara Singh to rise on a point of personal explanation and I honour that ruling Sardar Piara Singh may have his say for one or two minutes. (*Interruption*)

[*X X X]

उपाध्यक्षा : मैं इस हाउस से यही कहूंगी कि इस मामला पर इस हाउस में जो कुछ भी इस अर्सा में हुग्रा है वह सभी कारवाई एक्सपंज हो जानी चाहिए । यह निहायत ही शर्मनाक वाक्या है । क्या हाउस की सैन्स है ?

(I would request the House that whatever has been said during this time on this matter should be expunged. This is the most disgraceful thing that has happned here.

*Note.—Expunged as ordered by the Chair.

[उपाध्यक्षा]

Is it the sense of the House that portion relating to this incident should be expunged from the proceedings) ?

आवाजें : जी हाँ।

सरदार प्यारा सिंह : यह वक्त की आवाज है ! मैं इसे बयान करना अपना फर्ज समझता हूं। मेरी अदम मौजूदगी में ढिल्लों साहिब ने 2,3 बातें कीं जो कि बिल्कुल गलत थीं। एक तो यह कि सरदार प्रताप सिंह ने मेरी बीवी का सरकारी बैड छीनने की मुझे धमकी दी थी क्योंकि वह हस्पताल में टी. बी. की मरीज थी इस लिए मैं कांग्रेस में आया हूं यह बिल्कुल ही गलत है। नंबर २ यह कि मुझे इलैक्शन से पहले 50 रुपए वज़ीफा दिया जाता रहा है। अब चूंकि मैं एम. एल. ए. हो गया हूं और 300 रुपया पाने लगा हूं इस लिए मुझे कहा गया कि यह 50 रुपए महीना बंद कर दिए जाएंगे इस लिए मैं कांग्रेस में आया हूं मुझे समझ में नहीं आया कि ढिल्लों साहिब क्यों ऐसी ऊट पटांग बातें कहते हैं। डिप्टी स्पीकर साहिबा, यह तमाम बातें गलत और बे-बुनियाद हैं। मैं नहीं चाहता कि मैं इन के मुतल्लिक कुछ कहूं। मैं भी जानता हूं कि यह क्या कुछ करते रहे हैं। इन इलज़ामात को या तो यह वापस लें वरना मेरी तरफ से भी आगे तमाम बातें सुनने को तैयार रहें।

सरदार गुरदयाल सिंह ढिल्लों : डिप्टी स्पीकर साहिबा, मैं ज़रा काऊंटर ऐक्स-प्लेनेशन देने लगा हूं। इस के लिए मैं आप की इजाजत चाहता हूं। बात यह है कि मैं ने तो एक साथी के तौर पर कहा है; वह चाहे कुछ भी कहें। लेकिन मैं यह बात कह सकता हूं कि हम इधर उन के इनसैंटिव पर आये हैं। उन्हों ने हमें कहा कि हमें यह यह तकलीफें हैं जो मैं ने बयान कीं। अगर अब यह उधर जा बैठें हैं तो यह बात जुदा है। यह उन का ईमान है। आप उन का और हमारा ईमान जज कर लें कि जिस ईमान से वह हमें यहां लाए हैं और अब हमें छोड़ कर उधर जा बैठे हैं आप हमारा और उनका ईमान जज कर लें।

सरदार प्यारा सिंह : यह बिल्कुल ही बोगस और गलत बात है।

ਸਰਦਾਰ ਪ੍ਰੀਤਮ ਸਿੰਘ ਸਾਹੋਕੇ : ਜਨਾਬ ਡਿਪਟੀ ਸਪੀਕਰ ਸਾਹਿਬਾ, ਇਹ ਹਾਊਸ ਵਿਚ ਬੋਲਦਿਆਂ ਸਰਦਾਰ ਗੁਰਦਿਆਲ ਸਿੰਘ ਢਿਲੋਂ ਨੇ (*Interruptions*)

ਗ੍ਰਿਹ ਮੰਤਰੀ : ਸਾਹੋਕੇ ਸਾਹਿਬ, ਜਿਤਨਾ ਚਿਰ ਤੁਹਾਨੂੰ ਚੇਅਰ ਤੋਂ ਅਜਾਜ਼ਤ ਨਹੀਂ ਮਿਲਦੀਂ ਤੁਸੀਂ ਉਤਨਾ ਚਿਰ ਨਾ ਬੋਲੋ। ਜੇ ਅਜਾਜ਼ਤ ਦੇਣ ਤਾਂ ਬੋਲੋ। (ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਪੁਆਇੰਟ ਆਫ਼ ਆਰਡਰ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਸਭਾ ਫੈਮਲੀ ਅਫੇਅਰਜ਼ ਡਿਸਕਸ ਕਰਨ ਵਾਸਤੇ ਹੈ ਜਾਂ ਇਹ ਪੰਜਾਬ ਦੇ ਮਸਲਿਆਂ ਦੇ ਹਲ ਕਰਨ ਲਈ ਬਣੀ ਹੋਈ ਹੈ ?

ਸਰਦਾਰ ਪ੍ਰੀਤਮ ਸਿੰਘ ਸਾਹੋਕੇ : ਮੈਂ ਪਰਸਨਲ ਐਕਸਪਲੇਨੇਸ਼ਨ ਤੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ ਜੀ। (ਵਿਘਨ)

Captain Rattan Singh: On a point of order, Madam

(*interruption*)

GOVERNOR'S ADDRESS (Resumption of Discussion)

Deputy Speaker : I ask Comrade Shamsher Singh Josh to speak on the Governor's Address only.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਰੋਪੜ) : ਡਿਪਟੀ ਸਪੀਕਰ ਸਾਹਿਬਾ, ਪਿਛਲੇ ਇਕ ਸਾਲ ਦੀ ਗ਼ੈਰ ਹਾਜ਼ਰੀ ਤੋਂ ਬਾਅਦ ਮੈਨੂੰ ਇਸ ਸਭਾ ਵਿਚ ਆਉਣ ਦਾ ਮੌਕਾ ਮਿਲਿਆ ਹੈ । ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਮੇਰੇ ਆਪਣੇ ਹਲਕੇ ਦੇ ਲੋਕਾਂ ਨੇ ਜੋ ਜ਼ਿੰਮੇਵਾਰੀਆਂ ਮੇਰੇ ਉਪਰ ਲਾਈਆਂ ਸਨ ਮੈਂ ਉਨ੍ਹਾਂ ਨੂੰ ਪੂਰਾ ਕਰ ਰਿਹਾ ਹਾਂ । ਡਿਪਟੀ ਸਪੀਕਰ ਸਾਹਿਬਾ, ਮੈਨੂੰ ਇਹ ਕਹਿਣ ਵਿੱਚ ਰੱਤੀ ਵੀ ਝਿਜਕ ਨਹੀਂ ਕਿ ਪੰਜਾਬ ਸਰਕਾਰ ਨੇ ਐਮਰਜੈਂਸੀ ਐਕਟ ਦੇ ਰਾਹੀਂ ਬੜੀਆਂ ਸ਼ਰਮਨਾਕ ਗਲਾਂ ਕੀਤੀਆਂ ਹਨ ਅਤੇ ਇਸ ਐਕਟ ਦੀ ਦੁਰ ਵਰਤੋਂ ਕੀਤੀ ਹੈ। ਮੈਂ ਅੱਜ ਇਸ ਸਭਾ ਵਿਚ ਖੜ੍ਹਕੇ ਇਸ ਸਰਕਾਰ ਤੇ ਇਹ ਦੋਸ਼ ਲਾਉਂਦਾ ਹਾਂ ਕਿ ਉਨ੍ਹਾਂ ਨੇ ਮੇਰੇ ਖਿਲਾਫ਼ ਜਿਤਨੇ ਦੋਸ਼ ਲਾਏ ਸਨ, ਕੀ ਉਨ੍ਹਾਂ ਵਿਚੋਂ ਕੋਈ ਇਕ ਵੀ ਸਾਬਤ ਹੋਇਆ ਹੈ ? ਜੇ ਇਹ ਕਹਿੰਦੇ ਹਨ ਕਿ ਇਨ੍ਹਾਂ ਦੇ ਦੋਸ਼ ਦਰੁਸਤ ਹਨ ਤਾਂ ਮੈਂ ਸਜ਼ਾ ਲਈ ਤਿਆਰ ਹਾਂ ; ਉਹ ਮੇਰੇ ਖਿਲਾਫ ਅਦਾਲਤਾਂ ਵਿਚ ਮੁਕਦਮੇਂ ਚਲਾ ਸਕਦੇ ਹਨ। ਓਦੋਂ ਇਨ੍ਹਾਂ ਨੇ ਇਹ ਮੁਕੱਦਮੇ ਨਹੀਂ ਚਲਾਏ । ਹੁਣ ਜਦ ਕਿ ਅਸੀਂ ਰਿਹਾ ਕਰ ਦਿੱਤੇ ਗਏ ਹਾਂ, ਤਦ ਵੀ ਅਸੀਂ ਆਫਰ ਕਰਦੇ ਹਾਂ ਕਿ ਸਾਡੀ ਸਰਕਾਰ ਨੇ, ਜਾਂ ਸਾਡੇ ਹੋਮ ਮਨਿਸਟਰ ਸਾਹਿਬ ਨੇ ਜੋ ਜੁਰਮ ਸਾਡੇ ਜ਼ਿੰਮੇ ਲਗਾਏ ਸਨ ਉਹ ਅਦਾਲਤਾਂ ਵਿਚ ਸਾਬਤ ਕਰਨ ਅਤੇ ਜੇ ਅਸੀਂ ਦੇਸ਼ ਦੇ ਧ੍ਰੋਹੀ ਸਾਬਿਤ ਹੋਈਏ ਤਾਂ ਸਿਰਫ਼ ਜੇਲ੍ਹਾਂ ਦੇ ਹੀ ਨਹੀਂ ਸਗੋਂ ਗੋਲੀ ਦੇ ਹਕਦਾਰ ਹਾਂ । ਲੇਕਿਨ ਜੇ ਉਹ ਜੁਰਮ ਸਾਬਿਤ ਨਹੀਂ ਹੁੰਦੇ ਤਾਂ ਮੈਂ ਸਮਝਦਾ ਹਾਂ ਕਿ ਜਿਸ ਸਰਕਾਰ ਨੇ ਜਾਂ ਜਿਸ ਹੋਮ ਮਨਿਸਟਰ ਨੇ ਉਹ ਜੁਰਮ ਲਾਏ ਸਨ, ਉਨ੍ਹਾਂ ਲੋਕਾਂ ਦੇ ਉਤੇ ਲਾਏ ਸਨ ਜਿਹੜੇ ਕਿ ਦੇਸ਼ ਦੇ ਨਾਲ ਪਿਆਰ ਕਰਨ ਵਾਲੇ ਹਨ, ਤਾਂ ਉਹ ਇਥੇ ਰਹਿਣ ਦੇ ਕਾਬਿਲ ਨਹੀਂ...........

(Thumping from the Opposition Benches.)

ਜੇ ਹੋਮ ਮਨਿਸਟਰ ਸਾਹਿਬ, ਜਾਂ ਇਹ ਸਰਕਾਰ ਉਨ੍ਹਾਂ ਦੋਸ਼ਾਂ ਨੂੰ ਸਾਬਿਤ ਕਰ ਦੇਵੇ ਤਾਂ ਮੈਂ ਇਸ ਅਸੈਂਬਲੀ ਦੀ ਸੀਟ ਤੋਂ ਅਸਤੀਫਾ ਦੇ ਦੇਵਾਂਗਾ ।

(*Interruptions*)

ਮੈਂ ਇਸ ਸਭਾ ਦੀ ਰਾਹੀਂ ਪੰਜਾਬ ਦੇ ਲੋਕਾਂ ਦਾ ਧਿਆਨ ਉਨ੍ਹਾਂ ਗ੍ਰਿਫਤਾਰੀਆਂ ਵਲ ਦਿਵਾਉਣਾ ਚਾਹੁੰਦਾ ਹਾਂ ਜਿਹੜੀਆਂ ਕਿ ਬੜੇ ਨਿਰਮੂਲ ਤੇ ਨਾਜਾਇਜ਼ ਤਰੀਕੇ ਨਾਲ ਕੀਤੀਆਂ ਗਈਆਂ ਸਨ । ਅਤੇ ਇਹ ਅਪੀਲ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਸਰਕਾਰ ਇੰਨੇ ਮੈਂਬਰਾਂ ਨੂੰ ਜੇਲ੍ਹ ਦੇ ਅੰਦਰ ਬਿਨਾਂ ਕਿਸੇ ਕਸੂਰ ਦੇ ਦੇ ਸਕਦੀ ਹੈ, ਉਹ ਇਥੇ ਰਹਿਣ ਦਾ ਹਕ ਨਹੀਂ ਰਖਦੀ ।

ਮੈਂ ਜਦ ਇਹ ਐਡਰੈਸ ਪੜ੍ਹਿਆ ਤਾਂ ਇਹ ਮਾਲੂਮ ਹੋਇਆ ਕਿ ਇਹ ਬਿਲਕੁਲ ਥੋਥਾ ਤੇ ਦਿਲ ਢਾਊ ਐਡਰੈਸ ਹੈ । ਇਸ ਐਡਰੈਸ ਵਿਚ ਕਿਧਰੇ ਵੀ ਉਹ ਚੀਜ਼ ਦਰਜ ਨਹੀਂ ਜਿਸ ਦਾ ਸਵਾਲ ਪੰਜਾਬ ਦੇ ਲੋਕਾਂ ਦੇ ਸਾਹਮਣੇ ਦਰਪੇਸ਼ ਹੈ । ਔਰ ਉਹ ਇਹ ਕਿ ਇਥੇ ਦਾ ਕਿਸਾਨ ਫਸਲ ਦੀ ਤਬਾਹੀ ਨਾਲ ਰੋ ਰਿਹਾ ਹੈ, ਜ਼ਮੀਨ ਖਰਾਬ ਹੋਣ ਨਾਲ ਤੇ ਪੈਲੀਆਂ ਸੁਕ ਜਾਣ ਨਾਲ ਰੋ ਰਿਹਾ ਹੈ । ਉਸ ਦੇ ਛੋਲੇ ਸੁਕ ਗਏ ਹਨ, ਮਗਰ ਇਥੇ ਰਾਜ ਰਿਸ਼ੀਆਂ ਨੂੰ ਕੁਝ ਨਜ਼ਰ ਨਹੀਂ ਆਉਂਦਾ।

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਕੁਹਰੇ ਦੇ ਨਾਲ ਅਤੇ ਕੜਾਕੇ ਦੀ ਸਰਦੀ ਨਾਲ ਜਿਹੜੀਆਂ ਫਸਲਾਂ ਬਰਬਾਦ ਹੋ ਗਈਆਂ ਹਨ, ਉਨ੍ਹਾਂ ਲਈ ਸਰਕਾਰ ਕੀ ਕਰੇਗੀ ਇਹ ਕਿਧਰੇ ਵੀ ਨਜ਼ਰ ਨਹੀਂ ਆਉਂਦਾ । ਮੈਂ ਸਮਝਦਾ ਹਾਂ ਕਿ ਇਹ ਐਡਰੈਸ ਮਹਿਜ਼ ਇਕ ਰਸਮੀ ਐਡਰੈਸ ਸੀ ਜਿਹੜਾ ਕਿ ਬਿਊਰੋਕਰੇਸ਼ੀ ਦੇ ਅਫਸਰਾਂ ਨੇ 3, 4 ਮਹੀਨੇ ਪਹਿਲਾਂ ਤਿਆਰ ਕਰ ਦਿੱਤਾ ਸੀ ਉਹੋ ਗਵਰਨਰ ਸਾਹਿਬ ਨੇ ਇਥੇ ਪੜ੍ਹ ਦਿੱਤਾ ।

ਹੁਣੇ ਕੁਝ ਦਿਨ ਹੋਏ ਇਸ ਸਰਕਾਰ ਦੀ ਪਾਰਟੀ ਦਾ ਭਵਨੇਸ਼ਵਰ ਵਿਚ ਇਜਲਾਸ ਹੋਇਆ ਅਤੇ ਉਸ ਦੇ ਵਿਚ ਸੋਸ਼ਲਿਜ਼ਮ, ਸਮਾਜਵਾਦ ਤੇ ਪ੍ਰਜਾਤੰਤ੍ਰ ਦੀ ਸਥਾਪਨਾ ਦਾ ਐਲਾਨ ਕੀਤਾ ਗਿਆ । ਸਾਨੂੰ ਵੀ ਆਸ ਬਝੀ ਕਿ ਸਾਡੇ ਸੂਬੇ ਦੀ ਕਾਂਗ੍ਰਸ ਪਾਰਟੀ ਦੀ ਹਕੂਮਤ ਵੀ ਗਵਰਨਰ ਐਡਰੈਸ ਵਿਚ ਇਸੇ ਪੈਟਰਨ ਤੇ ਆਪਣੀ ਪਾਲੀਸੀ ਫਰੇਮ ਕਰਨ ਦਾ ਜਾਂ ਇਕਦਾਮਾਤ ਉਠਾਉਣ ਦਾ ਜ਼ਿਕਰ ਕਰੇਗੀ ਅਤੇ ਇਸ ਵਿਚ ਸੋਸ਼ਲਿਜ਼ਮ ਦਾ ਟੱਚ ਹੋਵੇਗਾ, ਸਮਾਜ ਨੂੰ ਅੱਗੇ ਤੋਰਨ ਲਈ ਕੋਈ ਗੱਲ ਕਰੇਗੀ ਪਰ ਐਡਰੈਸ ਵਿਚ ਇਹ ਗੱਲ ਕਿਧਰੇ ਵੀ ਦਰਜ ਹੋਈ ਨਜ਼ਰ ਨਹੀਂ ਆਈ।

Sardar Partap Singh Kairon : *First part*—A statement showing the names and addresses of farmers who went to Andhra Pradesh for practical training in grape cultivation is enclosed.

Second part.—Grapes can be grown in all the Districts of this State. Areas having high water table are not so suitable for growing grapes.

STATEMENT SHOWING THE NAMES AND ADDRESSES OF THE FARMERS WHO WENT TO ANDHRA PRADESH FOR PRACTICAL TRAINING IN GRAPE CULTIVATION.

Serial Number	Names and addresses of the farmers
1	2
1.	Shri Ram Kumar Bagwan, Village and Post Office Wazidpur Bhoma, district Ferozepur
2.	Shri Hari Ram Bidhnoi,Village and Post Office Rajanwali, district Ferozepur
3.	Shri Ghansham Dass, Village and Post Office Lahli, district Rohtak
4.	Shri Surjit Singh Rai, C/o Jullundur Co-operative Cold Storage, G. T. Road, Jullundur
5.	Shri Jagir Singh C/o Suraj Textile Mills, Malout Mandi, district Ferozepur
6.	Shri Mohinder Singh, Chairman, Zila Parishad, Ludhiana
7.	Shri Ram Singh Sawani, Patel Nagar, Abohar, district Ferozepur
8.	Shri Manohar Lal Kalra, M. C. Uklana Mandi, district Hissar
9.	Shri Dharam Chand, Village Bir Hansi, district Hissar
10.	Shri Mool Shankar, village Lohan Raghu, district Hissar.
11.	Shri Mukhtiar Singh Samag, village and Post Office Dhanewal Sat Kosi, district Ferozepur
12.	Shri Des Singh Hayer, Village and Post Office Rajanwali, district Ferozepur
13.	Shri Harinder Singh, village and post office Azimgarh, district Ferozepur
14.	Shri Ajmer Singh, village and Post Office Rajanwali, district Ferozepur
15.	Shri Bhagirath Rai, Village and Post Office Rajanwali, district Ferozepur
16.	Shri Kulwant Singh, Kulbanpur Nursery, district Patiala
17.	Shri Gurbachan Singh, Village and Post Office Lambi, district Ferozepur
18.	Shri Chander Sen Kochar, Village and Post Office Nurmahal, district Ferozepur

(Chief Minister)

Serial Number	Names and addresses to the farmers
1	2
19.	Shri Pritam Singh, Village and Post Office Khem Karan, district Amritsar
20.	Shri Bhiwani Dass, 381 Model Town, Panipat, district Karnal
21.	Shri Shivdayal, Village and Post Office Tiwana, district Hissar
22.	Shri Lakhmir Singh Sandhu, Garden Colony, Patti, district Amritsar
23.	Shri Lal Chand, village Dharampura, district Ferozepur
24.	Shri Bachittar Singh, Garden Colony, Jullundur
25.	Risaldar Mastan Singh, Garden Colony, Jullundur
26.	Shri Gurdip Singh, 475 Model Town, Karnal
27.	Shri Khem Chand, Village and Post Office Sarhol, district Gurgaon
28.	Shri Chanan Singh, Village and Post Office Sarhol, district Gurgaon.

* LANDOWNERS IN HISSAR DISTRICT

1380. Shri Amar Singh : Will the Minister for Revenue be pleased to state—

(a) the total number, names and addresses of landowners in Hissar District, tehsilwise, owning 30 standard acres or more of land at present ;

(b) the total surplus area of land acquired from each of the landlords mentioned in part (a) above together with the quality of land acquired from each ;

(c) the total acreage of the waste land and of the cultivable land at present in the possession of each of the said landlords separately;

(d) the total number of tenants at present in Hissar district, tehsilwise, who either do not own any land or own less than two acres of land ;

(e) the total number of ejected tenants in the said district who have so far been settled on the surplus area, tehsilwise, in Hissar district;

(f) the number of tenants in tehsils Hansi and Hissar who have been ejected but have not been resettled on the surplus land area so far ;

(g) the number of tenants in Hissar District, tehsilwise against whom suits for ejectment arepending in the courts at present ?

**Note*:—Unstarred Questions Nos. 1375 & 1379 alongwith their answers appear in the Appendix to this Debate.

Sardar Ajmer Singh : The time and labour involved in collecting and compiling the information would not be commensurate with any possible benefit to be **obtained from the reply.

3.00 P.M.

ADJOURNMENT MOTIONS

Mr. Speaker : I have received notices of *two adjournment motions-one is from Comrade ShamsherS ingh Josh and the other is from Comrade Makhan Singh Tarsikka.

These cannot form the subject-matter of adjournment motion and I, therefore, rule these out of order.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਜਨਾਬ, ਸਰਕਾਰ ਚੰਡੀਗੜ੍ਹ ਨੂੰ ਜ਼ਿਲਾ ਨਹੀਂ ਬਣਾ ਰਹੀ ਜਿਸ ਕਰਕੇ ਖਰੜ ਆਦਿ ਦੇ ਇਲਾਕੇ ਦੇ ਲੋਕਾਂ ਨੂੰ ਬੜੀ ਭਾਰੀ ਤਕਲੀਫ ਹੋ ਰਹੀ ਹੈ....

Mr. Speaker : The hon. Member can say whatever he wants to say on this subject during the course of his speech on the general dicussion of budget. It cannot be the subject-matter of an adjournment motion. It is not a matter of urgent public importance.

ਕਾਮਰੇਡ ਮੱਖਣ ਸਿੰਘ ਤਰਸਿਕਾ : ਜਨਾਬ, ਮੇਰੀ ਐਡਜਰਨਮੈਂਟ ਮੋਸ਼ਨ ਦਾ ਤਅਲੁਕ ਪੱਟੀ ਦੀ ਹਾਲਤ ਨਾਲ ਹੈ। ਮੈਂ ਉਥੋਂ ਆਇਆ ਹਾਂ ਅਤੇ ਮੈਂ ਦੇਖਿਆ ਹੈ ਕਿ ਉਥੇ ਲਾ ਐਂਡ ਆਰਡਰ ਦੀ ਹਾਲਤ ਬਹੁਤ ਖਰਾਬ ਹੋ ਗਈ ਹੈ। ਐਸ. ਡੀ. ਐਮ. ਨੇ ਹਨੇਰ ਪਾਇਆ ਹੋਇਆ ਹੈ ...

Mr. Speaker : You can write to the Election Commission.

ਕਾਮਰੇਡ ਮੱਖਣ ਸਿੰਘ ਤਰਸਿਕਾ : ਉਸ ਨੇ ਕੀ ਕਰਨਾ ਹੈ। ਐਸ. ਡੀ. ਐਮ. ਨੇ ਉਥੇ ਹਨੇਰ ਪਾਇਆ ਹੋਇਆ ਹੈ..... ਸਰਕਾਰੀ ਦਖਲ ਬਹੁਤ ਵਧ ਗਿਆ ਹੈ। ਹਲਕੇ ਦੇ ਸਰਕਾਰੀ ਕਰਮਚਾਰੀ ਜਬਰੀ ਛੁਟੀਆਂ ਤੇ ਲੈ ਆਂਦੇ ਹਨ ਅਤੇ ਵਜ਼ੀਰ ਪਿੰਡ ਪਿੰਡ ਕਹਿੰਦੇ ਫਿਰਦੇ ਹਨ, ਬੇਸਕ

**Unstarred Questions No. 1383 and 1384 alongwith their Answers appear in the Appendix to this Debate.

***Comrade Shamsher Singh Josh, M. L. A.,** to ask for leave to make a motion for the adjournment of the business of the House to discuss a definite matter of urgent public importance,namely,the resentment prevailing in Rupar,Kharar and Nalagarh Sub-Divisions against the decision of the Punjab Government to finally drop the proposal of forming a new Chandigarh district or in the alternative a new district with head quarters at Rupar.

By taking this decision, the Government has not taken into consideration the difficulties of the residents of the Rupar, Kharar and Nalagarh Sub-divisions who have to travel between 40 to 60 miles to reach their district head quarters.

It also looks ridiculous that Chandigarh is still a village on the map of the Ambala District.

Comrade Makhan Singh Tarsikka, M.L.A., to ask for leave to make a motion for the adjournment of the business of the House to discuss a definite matter of urgent public importance, namely, the naked intervention of S. D. M., Patti, in the election for the Ruling party candidate and calling of all Government employees of all Government departments of the area for election work of the Congress party and also tour of ministers with their speeches saying 'No matter that Shri Didar Singh Gill will win with majority of votes but the result as successful candidate of Shri Umrao Singh will be declared.' These speeches are demoralising the voters. Therefore, this matter be discussed in this House to-day.

[ਕਾਮਰੇਡ ਮੱਖਣ ਸਿੰਘ ਤਰਸਿੱਕਾ]

ਵੋਟਾਂ ਵਧ ਸਰਦਾਰ ਦੀਦਾਰ ਸਿੰਘ ਨੂੰ ਮਿਲਣੀਆਂ ਸਨ ਪਰ ਅਸਾਂ ਡਿਕਲੇਅਰ ਸਰਦਾਰ ਉਮਰਾਓ ਸਿੰਘ ਨੂੰ ਕਰਵਾਣਾ ਹੈ ।

Mr. Speaker : Order please. I have already observed that this cannot be the subject-matter of an adjournment motion. This cannot be the forum to give vent to one's feelings on this matter. The hon'ble Member, if he so desires, can write to the Election Commission.

(*Noise in the House*)

(ਵਿਘਨ)

ਸਰਦਾਰ ਲਛਮਣ ਸਿੰਘ ਗਿੱਲ : ਸਪੀਕਰ ਸਾਹਿਬ, ਗੱਲ ਇਹ ਹੈ ਕਿ ਉਹ ਰੀਟਰਨਿੰਗ ਅਫਸਰ ਵੀ ਤਾਂ ਆਖਿਰ ਇਸ ਗਵਰਨਮੈਂਟ ਦਾ ਹੀ ਮੁਲਾਜ਼ਮ ਹੈ । ਜੇ ਉਹ ਜ਼ਿਆਦਤੀਆਂ ਕਰੇ, ਵੋਟਰਾਂ ਨੂੰ ਤੰਗ ਕਰੇ, ਉਨ੍ਹਾਂ ਦੇ ਰਸਤੇ ਬੰਦ ਕਰੇ ਤਾਂ ਕੀ ਇਹ ਸ਼ਰਮ ਦੀ ਗੱਲ ਨਹੀਂ । ਇਹ ਗੱਲਾਂ ਬਰਦਾਸ਼ਤ ਨਹੀਂ ਹੋ ਸਕਦੀਆਂ ।

ਮੁਖ ਮੰਤਰੀ : ਸਪੀਕਰ ਸਾਹਿਬ, ਇਹ ਤਾਂ ਪ੍ਰਾਪੇਗੰਡਾ ਲਗਦਾ ਹੈ..(ਵਿਘਨ)

ਸਰਦਾਰ ਲਛਮਣ ਸਿੰਘ ਗਿੱਲ : ਇਹ ਪ੍ਰਾਪੇਗੰਡਾ ਨਹੀਂ ਅਸਲੀਅਤ ਹੈ ਅਤੇ ਬੜੀ ਸੀਰੀਅਸ ਗੱਲ ਹੈ । ਉਸ ਰੀਟਰਨਿੰਗ ਅਫ਼ਸਰ ਨੂੰ ਬਦਲਣਾ ਚਾਹੀਦਾ ਹੈ ।

ਸਰਦਾਰ ਗੁਰਦਿਆਲ ਸਿੰਘ ਢਿੱਲੋਂ : ਜਨਾਬ, ਇਸ ਨੂੰ ਪ੍ਰਾਪੇਗੰਡਾ ਨਾ ਸਮਝਿਆ ਜਾਵੇ। ਮੈਂ ਉਥੋਂ ਦੇ ਬੜੇ ਚੰਗੇ ਆਦਮੀਆਂ ਨੂੰ ਮਿਲਿਆ ਹਾਂ ਅਤੇ ਬਾਹਰਲਿਆਂ ਨੂੰ ਵੀ ਮਿਲਿਆ ਹਾਂ । ਉਨ੍ਹਾਂ ਦਾ ਇਹ ਖਿਆਲ ਹੈ ਕਿ ਜਦ ਤੱਕ ਇਹ ਰੀਟਰਨਿੰਗ ਅਫ਼ਸਰ ਰਹੇਗਾ ਤਦ ਤੱਕ ਠੀਕ ਫ਼ੈਸਲਾ ਨਹੀਂ ਹੋਵੇਗਾ ।

Mr. Speaker : The hon. Member should try to convince the Chief Minister and the Election Commission. I am afraid, I cannot be of much help in the matter.

Sardar Lachhaman Singh : * (X X X X X X)

Mr. Speaker : Order, please. This will not form a part of the proceedings of the House.

(*At this stage, Babu Ajit Kumar rose to say something*)

Mr. Speaker : I am afraid, I cannot be of much help. This is not the proper forum.

ਸ੍ਰੀ ਬਲਰਾਮ ਜੀ ਦਾਸ ਟੰਡਨ : On a point of Order, Sir. ਜਨਾਬ, ਇਹ ਜੋ ਚੀਜ਼ ਹੈ ਇਸ ਨਾਲ ਇਲੈਕਸ਼ਨ ਕਮਿਸ਼ਨ ਦਾ ਤਅੱਲੁਕ ਨਹੀਂ ਹੈ । ਉਹ ਐਸ. ਡੀ. ਐਮ.-ਕਮ-ਰੀਟਰਨਿੰਗ ਅਫਸਰ ਗਵਰਨਮੈਂਟ ਦੇ ਆਰਡਰ ਨਾਲ ਲਾਇਆ ਗਿਆ ਹੈ।

ਮੁਖ ਮੰਤਰੀ : ਪ੍ਰਾਪੇਗੰਡਾ ਹੀ ਕਰ ਰਹੇ ਹੋ । (ਵਿਘਨ)

**Note* :— Expunged as ordered by the Chair.

Mr. Speaker : The honourable Member may, if he so desires, bring a substantive motion against the Government. I cannot help in the matter. The honourable Member can also refer to the matter during the course of his speech on the general discussion of budget. It will be on record. This cannot be the subject-matter of an adjournment motion.

QUESTION OF PRIVILEGE

Mr. Speaker : The honourable Member Sardar Lachhman Singh Gill has given notice of a Privilege Motion*. The less we say about it, the better it is.

Comrade Shamsher Singh Josh : Mr. Speaker, Sir, I have given notice of a Call-Attention Motion.

Mr. Speaker : The hon'ble Member should please resume his seat.

Sardar Lachhman Singh Gill : Sir, I have given notice of my intention to raise a question of privilege..........

Mr. Speaker : I would not like this question to be raised. I would request the hon'ble Member to leave the matter here. I am unnecessarily being dragged in the matter.

ਸਰਦਾਰ ਲਛਮਣ ਸਿੰਘ ਗਿਲ : ਸਪੀਕਰ ਸਾਹਿਬ, ਹਾਊਸ ਵਿਚ ਕਿਸੇ ਮੈਂਬਰ ਨੂੰ ਬਾਂਹ ਫੜ ਕੇ ਖੜਾ ਕੀਤਾ ਜਾਵੇ ਅਤੇ ਉਸ ਨੂੰ ਕੁਝ ਕਹਿਣ ਤੇ ਮਜਬੂਰ ਕੀਤਾ ਜਾਵੇ ਇਹ ਗੱਲ ਠੀਕ ਨਹੀਂ । ਇਸ ਚੀਜ਼ ਦਾ ਹਾਊਸ ਦੀ ਡਿਗਨਿਟੀ ਨਾਲ ਤਅੱਲੁਕ ਹੈ । ਕਿਸੇ ਮੈਂਬਰ ਨੂੰ ਫੜ ਕੇ ਜ਼ਬਰਦਸਤੀ ਖੜਾ ਕਰਨਾ......।

ਸ੍ਰੀ ਸਪੀਕਰ : ਕੋਈ ਕਿਸੇ ਨੂੰ ਜ਼ਬਰਦਸਤੀ ਖੜਾ ਨਹੀਂ ਕਰ ਸਕਦਾ । (No body can make another hon. Member to stand by force.)

ਸਰਦਾਰ ਲਛਮਣ ਸਿੰਘ ਗਿੱਲ : ਮੇਰੇ ਸਾਹਮਣੇ ਕੀਤਾ ਗਿਆ ਹੈ । I can point out the names. ਇਸ ਦਾ ਤਅੱਲੁਕ ਹਾਊਸ ਦੇ ਪ੍ਰਿਵਿਲਿਜ ਨਾਲ ਹੈ ।

Mr. Speaker : I would not like this to be moved.

ਸਰਦਾਰ ਲਛਮਣ ਸਿੰਘ ਗਿੱਲ : ਤੁਸੀਂ ਇਸ ਨੂੰ ਪਰਸਨਲ ਬਣਾ ਦਿੰਦੇ ਹੋ । ਇਹ ਸ੍ਰੀ ਪ੍ਰਬੋਧ ਚੰਦਰ ਦਾ ਸਵਾਲ ਨਹੀਂ । ਉਨ੍ਹਾਂ ਨੂੰ ਐਕਸਾਈਟਮੈਂਟ ਵਿਚ ਨਹੀਂ ਆਉਣਾ ਚਾਹੀਦਾ । ਇਹ ਚੇਅਰ ਦੀ ਗੱਲ ਹੈ ।

---

*__Sardar Lachhman Singh Gill,M.L.A.,__has given notice of his intention to raise the following question of privilege :—

"to move a motion of privilege in connection with the pressure exercised, in the view of the House, on certain members of the Congress party who were unwilling to stand up in support of the No-Confidence motion against the Speaker being granted leave of the House on 21st February, 1964. Certain members were actully made to stand up by physical force and this constitutes a breach of the privilage of the House."

Mr. Speaker : I am not at all excited. Having or not having the Chair is the least important thing in my life. Unnecessarily my name is being dragged into this controversy. Nobody can make any hon'ble Member stand who does not want to stand himself.

ਸਰਦਾਰ ਲਛਮਣ ਸਿੰਘ ਗਿਲ : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਤੁਸੀਂ ਆਪਣੇ ਢੰਗ ਨਾਲ ਕੰਮ ਕਰਨਾ ਚਾਹੁੰਦੇ ਹੋ । ਮਗਰ ਬਤੌਰ ਲੈਜਿਸਲੇਟਰ ਦੇ ਸਾਡੀ ਵੀ ਜ਼ਿੰਮੇਵਾਰੀ ਹੈ । ਇਹ ਇਸ ਹਾਊਸ ਦੀ ਡਿਗਨਿਟੀ ਦੇ ਖਿਲਾਫ਼ ਹੈ ਅਗਰ ਕੋਈ ਕਿਸੇ ਨੂੰ ਕੁਝ ਕਹਿਣ ਲਈ ਫੋਰਸੀਬਲੀ ਉਠਾਵੇ ।

श्री बलराम जी दास टंडन : ग्रान ए प्वायंट ग्राफ ग्रार्डर सर । स्पीकर साहिब, ग्रागे भी एक ऐसा ही केस प्रिविलेज कमेटी को रैफर हुग्रा था । वह बात चीफ पार्लियामैंट्री सैक्रेटरी ग्रौर एक दूसरे मैम्बर के दर्मियान थी । तो जब यह कन्वेंशन कायम हो चुकी है कि कोई भी मैम्बर दूसरे मैम्बर को उसकी कान्शैंस के खिलाफ खड़ा होकर कुछ कहने के लिये मजबूर नहीं कर सकता तो फिर यहां तो सब ने यह बात देखी है, सबके सामने उनको ज़बर्दस्ती खड़ा किया गया । तो मैं ग्रापकी रूलिंग चाहता हूँ कि क्या किसी मैम्बर को उसकी कांशैंश के खिला फ खड़ा किया जा सकता है ?

Mr. Speaker : I have got the point of the hon'ble Member. Nobody can force any hon'ble Member to make him do anything against his own conscience. But if somebody is double minded and there is some provocation, I think we should overlook it.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਇਸ ਮੋਸ਼ਨ ਨੂੰ ਇਸ ਲਈ ਨਾ ਛਡਿਆ ਜਾਵੇ ਕਿ ਇਸ ਦਾ ਆਪ ਦੀ ਜਾਤ ਨਾਲ ਤਅੱਲੁਕ ਹੈ । ਇਸ ਦਾ ਤਅੱਲੁਕ ਹਾਊਸ ਦੀ ਡਿਗਨਟੀ ਨਾਲ ਹੈ, ਜਿਸ ਦੀ ਤੁਸੀਂ ਸੇਫਗਾਰਡ ਕਰਨਾ ਹੈ । ਇਸ ਲਈ ਇਸ ਦਾ ਫ਼ੈਸਲਾ ਪਰਸਨਲ ਗੱਲ ਨੂੰ ਛੱਡ ਕੇ ਮੈਰਿਟ ਤੇ ਕਰੋ ਅਤੇ ਇਸ ਮੋਸ਼ਨ ਨੂੰ ਪ੍ਰਿਵਿਲੇਜ ਕਮੇਟੀ ਨੂੰ ਭੇਜੋ ।

Mr. Speaker : No please. The consent to the raising of this Question is refused.

Voices : We would like to know the ruling on the question of privilege sought to be raised by the hon. Member Sardar Lachhman Singh Gill.

Mr. Speaker : I rule it out of order.

CALL ATTENTION NOTICE

Mr. Speaker : There is one notice of a *Call-Attention Motion from Comrade Shamsher Singh Josh.

***Comrade Shamsher Singh Josh** M. L.A. to draw the attention of the Minister concerned towards the resentment of the Panches and Sarpanches and other democratic and progressive minded sections of our people against the revival of the Zaildar and Inamdari in the State which will prove to be death knell of the Panchyati Raj ushered in with so much pomp and show.

The fact that the Government is going ahead with its scheme of appointing Zaildars and Inamdars despite stiff opposition from public show the callousness of the Ruling Party towards public opinion.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੇਰੀ ਇਸ ਕਾਲ–ਅਟੈਂਸ਼ਨ ਮੋਸ਼ਨ ਦਾ ਤਅੱਲਕ ਜ਼ੈਲਦਾਰਾਂ ਅਤੇ ਇਨਾਮਦਾਰਾਂ ਦੀ ਤਕੱਰਰੀ ਨਾਲ ਹੈ । ਇਕ ਪਾਸੇ ਕਿਹਾ ਜਾਂਦਾ ਹੈ ਕਿ ਅਸੀਂ ਪੰਚਾਇਤ ਰਾਜ ਬਣਾ ਰਹੇ ਹਾਂ ਪਰ ਦੂਸਰੇ ਪਾਸੇ ਉਸ ਚੀਜ਼ ਨੂੰ ਖਤਮ ਕਰਨ ਵਾਲੇ ਕੰਮ ਕੀਤੇ ਜਾ ਰਹੇ ਹਨ । ਮੈਂ ਮੁੱਖ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਆਪਣੇ ਇਸ ਫ਼ੈਸਲੇ ਨੂੰ ਭਵਨੇਸ਼ਵਰ ਦੇ ਰੈਜ਼ੋਲਿਊਸ਼ਨ ਦੀ ਰੋਸ਼ਨੀ ਵਿਚ ਰੀਕਨਸਿਡਰ ਕਰਨ । ਇਨ੍ਹਾਂ ਤਕੱਰਰੀਆਂ ਨੂੰ ਰੋਕਣਾ ਇਕ ਚੰਗਾ ਕਦਮ ਹੋਵੇਗਾ ।

ਇਸ ਤਰ੍ਹਾਂ ਦੀ ਇਕ ਨਵੀਂ ਇਨਸਟੀਚਿਊਸ਼ਨ ਕਾਇਮ ਕਰਕੇ ਪੰਚਾਂ ਅਤੇ ਸਰਪੰਚਾਂ ਦਾ ਨਿਰਾਦਰ ਕੀਤਾ ਜਾ ਰਿਹਾ ਹੈ । ਸੀ. ਐਮ. ਨੂੰ ਚਾਹੀਦਾ ਹੈ ਕਿ ਉਹ ਭਵਨੇਸ਼ਵਰ ਦੇ ਫ਼ੈਸਲੇ ਨੂੰ ਸਾਹਮਣੇ ਰਖਨ । ਇਸ ਲਈ ਇਹ ਮਸਲਾ, ਸਪੀਕਰ ਸਾਹਿਬ, ਬਹੁਤ ਜ਼ਰੂਰੀ ਹੈ ।

Mr. Speaker : This is something which is engaging the attention and agitating the minds of the people at large. I would request the Government to make a statement at their convenience.

Chief Minister : The Revenue Minister, I think, made a statement on the subject during the last session.

ਮਾਲ ਮੰਤਰੀ : ਜਨਾਬ, ਇਸ ਬਾਰੇ ਮੈਂ ਪਹਿਲਾਂ ਵੀ ਇਕ ਸਟੇਟਮੈਂਟ ਦਿਤੀ ਸੀ ।

Mr. Speaker : I would request the hon'ble Revenue Minister to go into the details thoroughly.

ਮਾਲ ਮੰਤਰੀ: ਜਨਾਬ, ਜੇਕਰ ਆਪ ਦਾ ਹੁਕਮ ਹੈ ਤਾਂ ਮੈਂ ਫਿਰ ਇਸ ਬਾਰੇ ਸਟੇਟਮੈਂਟ ਦੇ ਦਿਆਂਗਾ ।

Pandit Chiranji Lal Sharma : It is eating into the very vitals of democracy.

Mr. Speaker : There should be no speech.

PAPERS LAID ON THE TABLE

Chief Minister : Sir, I beg to lay on the Table—

(i) the amendments/additions (7 Notifications) made by the Governor in the Punjab Public Service Commission (Limitation of Functions) Regulations, 1955, as required under Clause (5) of Article 320 of the Constitution;

(ii) Notification No. GSR-307/PA-8/54/5-10/Amd. (1) /63, dated the 19th December, 1963 as required under section 19 (3) of the Punjab Entertainments Tax (Cinematograph Shows) Act, 1954.

PRESENTATION OF SUPPLEMENTARY ESTIMATES (SECOND INSTALMENT) FOR THE YEAR 1963-64

Revenue Minister (Sardar Ajmer Singh) : Sir, I beg to present the Supplementary Estimates (Second Instalment) for the year 1963-64. The demands therein have been made on the recommendation of the Governor.

PRESENTATION OF THE REPORT OF THE ESTIMATES COMMITTEE ON THE SUPPLEMENTARY ESTIMATES (SECOND INSTALMENT) FOR THE YEAR 1963-64

Dr. Bal Krishan (Chairman, Estimates Committee) : Sir, I beg to present the Report of the Committee on Estimates on the Supplementary Estimates (Second Instalment) for the year 1963-64.

---

*DISCUSSION ON GOVERNOR'S ADDRESS

(RESUMPTION)

Mr. Speaker : I have received notices of further amendments to the Motion moved by Shri Amar Nath Sharma. These will be deemed to have been read and moved and can be discussed along with that Motion—

21. **Chaudhri Har Kishan :**

That in the motion, the following be *added* at the end, namely,—

"but regret that no mention has been made about—

(1) the construction of metalled road between Dighot and Hassan Pur *via* Khambi;

(2) the construction of metalled road between Hassan Pur and Mohana *via* Kushak, Baroli, Gheri Khadar area;

(3) the construction of metalled road between Banchari and Kushak *via* Marroli, Pingore, Bela;

(4) the construction of metalled road between Aurangabad and Kushak *via* Dighot and Bela;

(5) the construction of metalled road between Rasul Pur and Hassan Pur *via* Baroli;

(6) the construction of metalled road between Bahin to Khatele Sarai *via* Man Pur;

(7) the improvement of State Transport buses at Gurgaon Depot;

(8) the reduction of bus fares and bring at par the bus fares of State Transport buses and private buses;

(9) the establishment of a Rural Industrial Estate in Hodel Block;

(10) the provincialisation of the Municipal Hospital, Hodal;

(11) establishment of a Government Polytechnic College and a Government Degree College at Hodal;

(12) prevention of recurrence of floods in Gurgaon District;

**Note* :— For previous discussion on the subject please *see* P.V.S. Debates, Vol. I, Nos. 1, 2 and 3, dated 18th, 19th and 21st February, 1964 respectively.

(13) completion of Gaunchhi Drain and its link Drains including Pingore drain, Dighot Link drain, Aurangabad Drain, remodelling of the Selothi Drain, Palwal Drain, Jamoli drain;

(14) construction of Sondh Drain;

(15) providing bridges over Gaunchhi drain between Bandari and Lohina, Khambi and Paingaltu, Gorota and Jalalpur Muafi and a bridge over river Yamuna near Hassan Pur;

(16) upgradation of Primary Schools of—

(i) Lihki, Marroli, Gorota, Bhamana, Gulabad, Girls Primary School Hassan Pur up to Middle standard;

(ii) Government High Schools Dighot, Hodal, Hassanpur, Kushak, Bhiruki to Higher Secondary standard;

(iii) establishment of a Primary School at village Nangle Sehdev;

(17) electrification of 42 villages included in the Sub-Projects Hodal, sanctioned by the Punjab State Electricity Board, Patiala in 1962;

(18) bringing at par the abiana rates paid by the cultivators of Palwal and Nuh Sub-Divisions with those prevailing in other parts in Punjab;

(19) establishment of more Veterinary Hospital and Allopathic and Ayurvedic Dispensaries in Gurgaon District and supply of adequate medicines to the existing ones;

(20) inadequate buildings for the Science Block and accommodation of Education Institutions in Hassan Pur constituency;

(21) relief given to cultivators whose crops have been damaged by cold waves."

22. **Shri Banarsi Dass Gupta :**

That in the motion, the following be added at the end, namely,—

"but regret that no mention has been made to—

(1) shift the Engineering College, Kurukshetra to its actual place Kurukshetra from Patiala and Chandigarh;

(2) make the appointments of Resident Magistrate and Sub-Judge in Thanesar Sub-Division;

(3) ameliorate the curse of 'Inspector Raj' throughout the State;

(4) reduce the commandant area of the irrigating tube-wells from 700 to 200 acres in the interests of higher yield and greater production;

(5) include the starting of Government buses on Kacha road routes;

(6) Upgrade the middle schools of Babaian, Kharindewa and Yara in my Constituency; and

(7) ameliorate the condition of the backward Chhachhra area i. e., the area Surrounded by Thanesar, Shahabad, Ladwa, Radam and Barara in my Constituency in respect of communications, education, industry, floods, electricity and irrigation."

Mr. Speaker : Before starting discussion on the Governor's Address, I would like to inform the House that I have received a large number of representations from the hon'ble Members of this House that time for the discussion of the Governor's Address be extended for a day or two. Because of the walk-out staged on the 21st February, 1964, the Members

[Mr. Speaker]

from the Opposition could not participate in the discussion. So far as the walk-out is concerned, I have informed the hon'ble Members that they themselves are to be blamed. They cannot claim any additional consideration because of the walk-out. So far as the time taken by so many other things which were not on the agenda and other unfortunate happenings, I will try to accommodate the hon'ble Members if the duration of the sitting today is extended a little. Extending the discussion on the Governor's Address for a day or two is out of question.

Sardar Gurnam Singh : Mr. Speaker, the discussion on the Governor's Address on the very first day started after 5.00 p.m. Leaving aside out of consideration the walk-out on the 21st February, 1964, there was not sufficient time for the discussion of the Address. I would, therefore, request the Government through you, Mr. Speaker, to allow another day for the discussion of the Governor's Address.

Chief Minister : We really regret that no extension in time for the discussion of the Governor's Address can be allowed. If any point has been left, that can be discussed by the hon'ble Members during the course of their speeches on the general discussion of the budget.

(At this stage Revenue Minister who was on his legs when he House adjourned last rose to speak.)

Mr. Speaker : The hon'ble Revenue Minister has already spoken for 15 minutes. I would request him to take only 5 minutes more.

ਮਾਲ ਮੰਤਰੀ (ਸਰਦਾਰ ਅਜਮੇਰ ਸਿੰਘ): ਸਤਿਕਾਰ ਯੋਗ ਸਪੀਕਰ ਸਾਹਿਬ, ਮੈਂ ਉਸ ਦਿਨ ਅਰਜ਼ ਕੀਤੀ ਸੀ ਕਿ ਕਿਸ ਤਰੀਕੇ ਨਾਲ ਸਰਕਾਰ ਡਰਾਟ ਅਤੇ ਸਕੈਅਰਸਟੀ ਦੇ ਮਸਲੇ ਨੂੰ ਹਲ ਕਰ ਰਹੀ ਹੈ। ਇਨ੍ਹਾਂ ਦੋਹਾਂ ਗੱਲਾਂ ਬਾਰੇ ਕਾਫੀ ਕੁਝ ਕਿਹਾ ਗਿਆ ਹੈ ਅਤੇ ਮੈਂ ਉਚੇਚੇ ਤੌਰ ਤੇ ਇਨ੍ਹਾ ਦਾ ਜ਼ਿਕਰ ਕੀਤਾ ਸੀ। ਇਹ ਠੀਕ ਹੈ ਕਿ ਫ਼ਸਲਾਂ ਦਾ ਇਸ ਨਾਲ ਬਹੁਤ ਨੁਕਸਾਨ ਹੋਇਆ ਹੈ। ਮੈਂ ਇਸ ਬਾਰੇ ਸਾਰੀ ਪੋਜ਼ੀਸ਼ਨ ਵਾਜ਼ੇ ਕੀਤੀ ਸੀ।

ਸਰਦਾਰ ਲਛਮਣ ਸਿੰਘ ਗਿੱਲ : ਖਾਲੀ ਬੈਂਚਾਂ ਨੂੰ ਹੀ ਦਸਿਆ ਹੋਣਾ ਹੈ।

ਮਾਲ ਮੰਤਰੀ : ਮੈਂ ਉਸ ਦਿਨ ਅਰਜ਼ ਕੀਤੀ ਸੀ ਕਿ ਕਿਸ ਤਰੀਕੇ ਨਾਲ ਇਨ੍ਹਾਂ ਦੋਹਾਂ ਮਦਾਂ ਤੇ ਵਖ ਵਖ ਮਦਾਂ ਹੇਠ ਸਰਕਾਰ ਵਲੋਂ ਖਰਚ ਕੀਤਾ ਗਿਆ ਹੈ ਅਤੇ ਇਹ ਵੀ ਦਸਿਆ ਸੀ ਕਿ ਕੀ ਕੁਝ ਹੁਣ ਤਕ ਕੀਤਾ ਜਾ ਚੁਕਾ ਹੈ ਅਤੇ ਅਗਾਂਹ ਕੀ ਕਰਨ ਦਾ ਸਰਕਾਰ ਇਰਾਦਾ ਰਖਦੀ ਹੈ। ਲੋਕਾਂ ਨੂੰ ਕੰਮ ਦਿਤਾ ਗਿਆ ਹੈ! ਕੰਮ ਦੇਣ ਦੇ ਨਾਲ ਉਨ੍ਹਾ ਨੂੰ ਰੋਜ਼ਗਾਰ ਮਿਲਿਆ ਹੈ ਅਤੇ ਸਪੀਕਰ ਸਾਹਿਬ, ਆਪ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਅਜ ਹਜ਼ਾਰਾਂ ਆਦਮੀ ਕੰਮ ਕਰਦੇ ਹਨ ਅਤੇ ਇਨ੍ਹਾਂ ਨੂੰ ਦਿਹਾੜੀ ਦਿਤੀ ਜਾਂਦੀ ਹੈ। ਸੜਕਾਂ, ਕੰਡ ਅਤੇ ਵਾਟਰ ਵਰਕਸ ਦੇ ਕੰਮ ਹੋ ਰਹੇ ਹਨ। ਮੈਂ ਸਾਰਾ ਨਕਸ਼ਾ ਖਿਚ ਕੇ ਦਸਿਆ ਸੀ ਕਿ ਲੱਖਾਂ ਰੁਪਏ ਸਰਕਾਰ ਨੇ ਇਨ੍ਹਾਂ ਮਸਲਿਆਂ ਨੂੰ ਹਲ ਕਰਨ ਲਈ ਖਰਚ ਕੀਤੇ ਹਨ। ਇਸ ਦੇ ਨਾਲ ਹੀ ਮੈਂ ਇਕ ਦੋ ਗੱਲਾਂ ਹੋਰ ਅਰਜ਼ ਕਰਨੀਆਂ ਹਨ।

(*Pandit Chiranji Lal Sharma a Member of* **the Panel of chairmen in the Chair**) ਚੇਅਰਮੈਨ ਸਾਹਿਬ, ਮੈਂ ਇਹ ਯਕੀਨ ਦਿਵਾਂਦਾ ਹਾਂ ਕਿ ਕਿਸੇ ਆਦਮੀ ਨੂੰ ਵੀ ਇਸ ਸਟੇਟ ਵਿਚ ਭੁਖਿਆਂ ਨਹੀਂ ਮਰਨ ਦਿਤਾ ਜਾਵੇਗਾ। (ਪ੍ਰਸੰਸਾ) ਅਸੀਂ ਹਰ ਤਰਾਂ ਦਾ ਪ੍ਰਬੰਧ ਕਰ ਦਿਤਾ ਹੈ ਅਤੇ ਕਰ ਰਹੇ ਹਾਂ ਅਤੇ ਸਰਕਾਰ ਇਸ਼ ਗਲ ਤੋਂ ਭਲੀ ਪਰਕਾਰ ਜਾਣੂ ਹੈ ।

ਜਿਥੇ ਤਕ ਮਵੇਸ਼ੀਆਂ ਦਾ ਤਅੱਲੁਕ ਹੈ ਇਹ ਠੀਕ ਹੈ ਕਿ ਕੁਝ ਡੈਥਜ਼ ਹੋਈਆਂ ਨੇ, ਕੁਝ ਪਸ਼ੂ ਮਰ ਗਏ ਨੇ, ਪਰ ਇਹ ਉਹ ਪਸ਼ੂ ਸਨ ਜਿਨ੍ਹਾਂ ਨੂੰ ਲੋਕਾਂ ਨੇ ਛਡ ਦਿਤਾ ਸੀ (ਵਿਘਨ), ਜਿਨ੍ਹਾਂ ਬਾਰੇ ਲੋਕਾਂ ਨੇ ਇਹ ਜਾਣਕੇ ਕਿ ਇਹ ਪਸ਼ੂ ਕਮਜ਼ੋਰ ਹਨ ਅਤੇ ਕਿਸੇ ਕੰਮ ਦੇ ਨਹੀਂ ਰਹੇ ਜਾਂ ਬੁਢੇ ਹੋ ਗਏ ਹਨ ਉਨ੍ਹਾਂ ਦੇ ਰੱਸੇ ਖੋਲ੍ਹ ਦਿਤੇ ਸਨ। ਕੇਵਲ ਇਹ ਹੀ ਮਰੇ ਹਨ। ਇਹ ਨਹੀਂ ਕਿਹਾ ਜਾ ਸਕਦਾ ਕਿ ਚਾਰਾ ਨਾ ਮਿਲਣ ਕਰਕੇ ਪਸ਼ੂ ਮਰ ਗਏ ਹਨ । ਹਾਂ, ਇਹ ਠੀਕ ਹੈ ਕਿ ਜਿਹੜੇ ਇਸ ਤਰ੍ਹਾਂ ਖੁਲ੍ਹੇ ਛਡ ਦਿਤੇ ਗਏ ਸਨ ਉਨ੍ਹਾਂ ਨੂੰ ਬਾਹਰ ਨਾ ਤਾਂ ਘਾਹ ਮਿਲਿਆ, ਨਾ ਕੁਝ ਹੋਰ ਖਾਣ ਨੂੰ ਸੀ, ਇਸ ਲਈ ਉਹ ਮਰੇ ਹਨ।

ਜਿਥੋਂ ਤਕ ਚਾਰੇ ਦਾ ਸਬੰਧ ਹੈ ਜਿਥੇ ਘਾਹ ਨਹੀਂ ਉਥੇ ਲੋਕਾਂ ਨੂੰ ਸਬਸੀਡਾਈਜ਼ਡ ਰੇਟਸ ਤੇ ਚਾਰਾ ਦਿੱਤਾ ਗਿਆ ਹੈ। ਹਰ ਥਾਂ ਤੇ ਚਾਰਾ ਦੇਣ ਦਾ ਕੰਮ ਤੇ ਆਟਾ ਪਹੁੰਚਾਣ ਦਾ ਕੰਮ ਜਾਰੀ ਹੈ। ਗੌਰਮੈਂਟ ਦੀਆਂ ਹਦਾਇਤਾ ਵੀ ਜਾਰੀ ਹਨ ਕਿ ਇਹ ਜਿਹੜੀ ਸਿਚੂਏਸ਼ਨ ਪੈਦਾ ਹੋ ਗਈ ਹੈ ਇਸ ਨੂੰ ਸਾਹਮਣੇ ਰਖ ਕੇ ਕਾਰਵਾਈ ਕੀਤੀ ਜਾਵੇ ਅਤੇ ਇਹ ਕਾਰਵਾਈ ਕੀਤੀ ਜਾ ਰਹੀ ਹੈ, ਭਾਵੇਂ ਇਸ ਤੇ ਸਰਕਾਰ ਨੂੰ ਕਿੰਨਾ ਵੀ ਖਰਚ ਕਿਉਂ ਨਾ ਕਰਨਾ ਪਏ। ਸਕੇਅਰਸਟੀ ਦਾ ਮੁਕਾਬਲਾ ਇਹ ਸਰਕਾਰ ਕਰ ਰਹੀ ਹੈ ਅਤੇਂ ਕਰਦੀ ਰਹੇਗੀ। ਮੈਂ ਇਸ ਦੇ ਨਾਲ ਹੀ ਆਪ ਦੀ ਰਾਹੀਂ ਚੇਅਰਮੈਨ ਸਾਹਿਬ, ਇਹ ਅਪੀਲ ਕਰਾਂਗਾ ਕਿ ਇਸ ਤੋਂ ਪਹਿਲਾਂ ਵੀ ਵਕਤਨ ਫਵੁਕਤਨ ਐਮ. ਐਲ. ਏਜ਼ ਸਾਹਿਬਾਨ ਸਾਨੂੰ ਮਿਲਦੇ ਰਹਿੰਦੇ ਹਨ ਅਤੇ ਉਨ੍ਹਾਂ ਪਾਸ ਕੋਈ ਸੁਜੈਸ਼ਨਜ਼ ਹੋਣ ਤਾਂ ਉਹ ਦੇਣ; ਅਸੀਂ ਉਨ੍ਹਾਂ ਵਲ ਜ਼ਰੂਰ ਧਿਆਨ ਦੇਵਾਂਗੇ। ਜਿੰਨੀਆਂ ਕਿਸੇ ਇਲਾਕੇ ਦੀਆਂ ਖਾਸ ਮੁਸ਼ਕਲਾਂ ਹਨ ਜੇਕਰ ਉਨ੍ਹਾਂ ਬਾਰੇ ਸਾਨੂੰ ਦਸ ਦਿਤਾ ਜਾਵੇ ਤਾਂ ਉਨ੍ਹਾਂ ਵਲ ਪੂਰਾ ਧਿਆਨ ਦੇਵਾਂਗੇ। ਅਸੀਂ ਹਰ ਪਹਿਲੂ ਤੋਂ ਇਸ ਯਤਨ ਵਿਚ ਹਾਂ ਕਿ ਇਹ ਮਸਲਾ ਹਲ ਕੀਤਾ ਜਾ ਸਕੇ । ਅਸੀਂ ਡੀ. ਸੀ. ਸਾਹਿਬਾਨ ਨੂੰ ਫਿਰ ਲਿਖਿਆ ਹੈ ਕਿ ਉਹ ਸਾਨੂੰ ਰਿਪੋਰਟਾਂ ਭੇਜਣ ਕਿ ਹੁਣ ਹੈ ਕੀ ਹਾਲਤ ਕਿਉਂਕਿ ਹੁਣ ਬਾਰਸ਼ ਨਹੀਂ ਹੋਈ ਤੇ ਇਹ ਵੀ ਹਿਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਹਰ ਪਾਸੇ ਧਿਆਨ ਰਖਕੇ ਇਸ ਮਸਲੇ ਨੂੰ ਹਲ ਕੀਤਾ ਜਾਵੇ ਕਿਉਂਕਿ ਹੁਣ ਬਾਰਸ਼ ਨਾ ਹੋਣ ਕਾਰਨ ਹਾਲਾਤ ਕੁਝ ਦੇਰ ਤਕ ਹੋਰ ਸ਼ਾਇਦ ਇਸ ਤਰ੍ਹਾਂ ਰਹਿਣ । ਇਨ੍ਹਾਂ ਹਾਲਾਤ ਦੇ ਸਾਹਮਣੇ ਜਿਥੇ ਮਾਨਯੋਗ ਮੈਂਬਰ ਸਾਹਿਬਾਨ ਦਾ ਮਨ ਦੁਖੀ ਹੈ ਉਥੇ ਸਾਡਾ ਮਨ ਵੀ ਦੁਖੀ ਹੁੰਦਾ ਹੈ ਅਤੇ ਇਸ ਪਾਸੇ ਸਰਕਾਰ ਆਪਣਾ ਪੂਰਾ ਧਿਆਨ ਦੇ ਰਹੀ ਹੈ ਮੈਂ ਇੰਨਾਂ ਕਹਿ ਕੇ ਚੇਅਰਮੈਨ ਸਾਹਿਬ, ਆਪ ਤੋਂ ਖਿਮਾ ਮੰਗਦਾ ਹਾਂ ।

ਸਰਦਾਰ ਗੁਰਨਾਮ ਸਿੰਘ (ਰਾਏਕੋਟ): ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਦਾ ਭਾਸ਼ਨ ਦਰਅਸਲ ਗਵਰਨਮੈਂਟ ਦੀ ਪਾਲੇਸੀ ਦੀ ਸਟੇਟਮੈਂਟ ਹੁੰਦਾ ਹੈ । ਕਨਸਟੀਚਿਊਸ਼ਨ ਦੇ ਲਿਹਾਜ਼ ਨਾਲ ਗਵਰਨਰ ਸਾਹਿਬ ਨੂੰ ਏਥੇ ਕੋਈ ਸਟੇਟਮੈਂਟ ਯਾ ਕਈ ਐਡਰੈਸ ਪੜ੍ਹਨ ਦੇ ਵਾਸਤੇ ਆਉਣਾ ਪੈਂਦਾ ਹੈ ਜਿਹੜਾ ਕਿ ਗਵਰਨਮੈਂਟ ਨੇ ਖੁਦ ਤਿਆਰ ਕੀਤਾ ਹੁੰਦਾ ਹੈ । ਇਹ ਸਾਰੀ ਜ਼ਿੰਮੇਵਾਰੀ ਗਵਰਨਮੈਂਟ ਦੀ ਹੁੰਦੀ ਹੈ । ਗਵਰਨਰ ਸਾਹਿਬ ਆਏ, ਉਨ੍ਹਾਂ ਨੇ ਐਡਰੈਸ ਪੜ੍ਹਿਆ ਪਰ ਇਹ ਐਡਰੈਸ ਸੁਣ ਕੇ ਬੜਾ ਹੀ ਅਫਸੋਸ ਹੋਇਆ ਹੈ । ਬਜਾਏ ਇਸ ਦੇ ਕਿ ਇਹ ਸਰਕਾਰ ਆਇੰਦਾ ਫਾਈਨੈਂਸ਼ਲ ਈਅਰ ਵਾਸਤੇ ਕੋਈ ਆਪਣੀ ਸਾਊਂਡ ਪਾਲੇਸੀ ਦਸਦੀ ਕਿ ਅਸੀਂ

[ਸਰਦਾਰ ਗੁਰਨਾਮ ਸਿੰਘ :]

ਇਸ ਪਾਲਿਸੀ ਨੂੰ ਫਾਲੋਅਪ ਕਰਨਾ ਹੈ, ਇਸ ਐਡਰੈਸ ਵਿਚ ਉਨ੍ਹਾਂ ਨੇ ਇਕ ਡੀਪਾਰਟਮੈਂਟਲ ਪਾਲਿਸੀ ਸਾਡੇ ਸਾਹਮਣੇ ਰੱਖੀ ਹੈ । ਇਹ ਇਸ ਸ਼ਕਲ ਵਿਚ ਸਾਡੇ ਸਾਹਮਣੇ ਪੇਸ਼ ਹੈ ਜਿਸ ਤਰ੍ਹਾਂ ਕਿ ਕਿਸੇ ਹੈਡ ਆਫ ਦੀ ਡੀਪਾਰਟਮੈਂਟ ਨੇ ਲਿਖਿਆ ਹੋਵੇ । ਇਸ ਤੋਂ ਬੇਹਤਰ ਤਾਂ ਇਹੋ ਸੀ ਕਿ ਸਰਕਾਰ ਇਸ ਨੂੰ ਆਪੋ ਆਪਣਿਆਂ ਮਹਿਕਮਿਆਂ ਵਿਚ ਭੇਜ ਦਿੰਦੀ ਤਾਂ ਜੋ ਉਹ ਆਪਣੇ ਮਹਿਕਮੇ ਦੀ ਕਾਰਵਾਈ ਪੜ੍ਹ ਲੈਂਦੇ ਹੋਰ ਇਸ ਦੇ ਵਿਚ ਕੋਈ ਗਲ ਨਹੀਂ । ਕੋਈ ਵੀ ਸਰਕਾਰ ਜਦੋਂ ਕਿਸੇ ਮੁਲਕ ਦਾ ਇੰਤਜ਼ਾਮ ਸੰਭਾਲਦੀ ਹੈ ਤਾਂ ਉਸ ਦਾ ਸਭ ਤੋਂ ਪਹਿਲਾ ਤੇ ਵੱਡਾ ਫਰਜ਼ ਇਹੋ ਹੁੰਦਾ ਹੈ ਕਿ ਆਪਣੇ ਮੁਲਕ ਦੇ ਲੋਕਾਂ ਦੀ ਸੇਵਾ ਕਰੇ । ਮੈਨੂੰ ਇਹ ਸਰਕਾਰ ਦੱਸੇ ਕਿ ਉਹ ਕਿਸਤਰ੍ਹਾਂ ਇਸ ਫਰਜ਼ ਨੂੰ ਨਿਭਾਉਂਦੀ ਹੈ ਜਿਹੜੀ ਕਿ ਇਕ ਵੈਲਫੇਅਰ ਸਟੇਟ ਦੀ ਸਰਕਾਰ ਕਹਾਉਂਦੀ ਹੋਈ ਲੋਕਾਂ ਦੀ ਭਲਾਈ ਲਈ ਕੰਮ ਕਰਦੀ ਹੈ ? ਕਿਵੇਂ ਉਹ ਸ਼ੋਸ਼ਲ ਵੈਲਫੇਅਰ ਦਾ ਕੰਮ ਕਰਦੀ ਹੈ ? ਇਸ ਐਡਰੈਸ ਵਿਚ ਸਿਵਾਏ ਚੰਦ ਇਕ ਆਦਮੀਆਂ ਦੀ ਤਾਰੀਫ਼ ਕਰਨ ਦੇ ਹੋਰ ਕੁਝ ਨਹੀਂ ਦੱਸਿਆ ਗਿਆ । ਇਤਨਾ ਵਕਤ ਤਾਂ ਨਹੀਂ ਕਿ ਮੈਂ ਸਾਰੀਆਂ ਗੱਲਾਂ ਏਥੇ ਦੱਸ ਸਕਾਂ ਪਰ ਕੁਝ ਇਕ ਹੀ ਅਰਜ਼ ਕਰਾਂਗਾ ਜਿਸ ਤੋਂ ਤੁਸੀਂ ਖ਼ੁਦ ਅੰਦਾਜ਼ਾ ਲਗਾ ਲੈਣਾ ਕਿ ਇਹ ਕਿਸ ਤਰ੍ਹਾਂ ਦੀ ਸਰਕਾਰ ਹੈ । ਹਰ ਦਫਾ ਇਹ ਆਮ ਚੀਜ਼ ਵੇਖੀ ਜਾਂਦੀ ਹੈ ਜਿਹੜੀ ਕਿ ਹਰ ਸਰਕਾਰ ਨੂੰ ਸਮਝ ਲੈਣੀ ਚਾਹੀਦੀ ਹੈ ਕਿ ਜਿਹੜੀ ਗੱਲ ਇਕ ਵੇਰੀ ਪੁਆਇੰਟ ਆਉਟ ਕੀਤੀ ਜਾਵੇ ਉਹ ਆਉਂਦੇ ਸਾਲ ਤੱਕ ਖਤਮ ਹੋਣੀ ਚਾਹੀਦੀ ਹੈ । ਮੈਨੂੰ ਸਮਝ ਨਹੀਂ ਆਉਂਦੀ ਕਿ ਸਾਨੂੰ ਬਾਰ ਬਾਰ ਉਹੀ ਖਾਮੀਆਂ ਪੁਆਇੰਟ ਆਉਟ ਕਰਨੀਆਂ ਪੈਂਦੀਆਂ ਹਨ ਪਰ ਇਨ੍ਹਾਂ ਤੇ ਕੋਈ ਅਸਰ ਨਹੀਂ ਹੁੰਦਾ ਜਿਵੇਂ ਇਹ ਸਰਕਾਰ ਕੰਨਾਂ ਤੋਂ ਬੋਲੀ ਹੋਵੇ ਅਤੇ ਅੱਖਾਂ ਤੋਂ ਅੰਨ੍ਹੀ ਹੋਵੇ ਅਤੇ ਤੀਸਰੀ ਗੱਲ ਉਹ ਜਿਹੜੀ ਇਹ ਕਹਿੰਦੇ ਹਨ ਉਹ ਮੈਂ ਕਹਿਣੀ ਨਹੀਂ ਚਾਹੁੰਦਾ । ਇਹ ਇਕ ਮੰਨੀ ਹੋਈ ਗੱਲ ਹੈ ਕਿ ਹਰ ਸਰਕਾਰ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਜੁੱਲੀ ਕੁੱਲੀ ਅਤੇ ਗੁੱਲੀ ਦਾ ਸਭ ਤੋਂ ਪਹਿਲਾਂ ਇੰਤਜ਼ਾਮ ਕਰੇ । ਅਸੀਂ ਕੀ ਵੇਖ ਰਹੇ ਹਾਂ ਕਿ ਇਸ ਸਰਕਾਰ ਦੇ ਰਾਜ ਵਿਚ ਨਾਂ ਕੋਈ ਕਲੋਦਿੰਗ ਹੈ, ਨਾ ਲੋਕਾਂ ਨੂੰ ਸ਼ੈਲਟਰ ਹੈ ਅਤੇ ਨਾ ਹੀ ਉਨ੍ਹਾਂ ਲਈ ਕੋਈ ਖੁਰਾਕ ਹੈ । ਕੀ ਇਹ ਲੋਕਾਂ ਦੇ ਵੈਲ ਫ਼ੇਅਰ ਲਈ ਸਰਕਾਰ ਹੈ ? ਮੈਂ ਪੁਛਣਾ ਚਾਹੁੰਦਾ ਹਾਂ ਕਿ ਆਇਆ ਇਸ ਸਰਕਾਰ ਨੇ ਇਹ ਸਾਰੀਆਂ ਚੀਜ਼ਾਂ ਏਥੇ ਕਰ ਦਿੱਤੀਆਂ ਹਨ ? ਜੇ ਨਹੀਂ ਤਾਂ ਫੇਰ ਮੈਨੂੰ ਦੱਸਣ ਕਿ ਕਿਵੇਂ ਇਹ ਲੋਕਾਂ ਦੇ ਵੈਲਫੇਅਰ ਕਰਨ ਦਾ ਦਾਵਾ ਕਰਦੀ ਹੈ । ਕਿਥੇ ਹੈ ਉਨ੍ਹਾਂ ਲਈ ਖੁਰਾਕ, ਕਿਥੇ ਹੈ ਉਨ੍ਹਾਂ ਲਈ ਸ਼ੈਲਟਰ ਜਾਂ ਕਿਥੇ ਹੈ ਉਨ੍ਹਾਂ ਲਈ ਤਨ ਢਕਣ ਜਿਤਨਾ ਕਪੜਾ ? ਮੈਂ ਵੇਖਦਾ ਹਾਂ ਕਿ ਲੋਕ ਸੜਕਾਂ ਤੇ ਪਏ ਹਨ । ਅਸੀਂ ਰੋਜ਼ ਅਖਬਾਰਾਂ ਵਿਚ ਪੜ੍ਹਦੇ ਹਾਂ ਕਿ ਲੋਕਾਂ ਨੂੰ ਖੁਰਾਕ ਨਾ ਮਿਲਨ ਕਰਕੇ ਉਹ ਭੁਖ ਦੇ ਕਾਰਨ ਮਰ ਰਹੇ ਹਨ, ਕਈ ਕਈ ਟੱਬਰ ਛੋਟੇ ਛੋਟੇ ਘਰ ਵਿਚ ਕੁੱਤਿਆਂ ਦੀ ਤਰ੍ਹਾਂ ਸੜਦੇ ਨੇ ਪਰ ਗਵਰਨਮੈਂਟ ਨੂੰ ਉਨ੍ਹਾਂ ਦਾ ਇਹ ਦੁਖ ਜ਼ਰਾ ਵੀ ਥੜਕਦਾ ਨਹੀਂ ਪਤਾ ਨਹੀਂ ਇਨ੍ਹਾਂ ਦੇ ਮਨ ਵਿਚ ਕੀ ਹੈ ਫੇਰ ਇਹ ਸਾਡੇ ਸਾਹਮਣੇ ਮਤਾ ਰਖਦੇ ਹਨ ਕਿ ਇਸ ਸਰਕਾਰ ਦਾ ਸ਼ੁਕਰੀਆ ਅਦਾ ਕਰੋ । ਇਹ ਜਿਹੜਾ ਮਤਾ ਹੈ ਸ਼ੁਕਰੀਏ ਦਾ ਮੈਂ ਇਸ ਦੀ ਮੁਖਾਲਕਤ ਕਰਨ ਵਾਸਤੇ ਖੜ੍ਹਾ ਹੋਇਆ ਹਾਂ । ਮੈਂ ਪੁਛਦਾ ਹਾਂ ਕਿ ਇਸ ਸਰਕਾਰ ਦਾ ਕੀ ਅਸੀਂ ਇਸ ਵਾਸਤੇ ਸ਼ੁਕਰੀਆ ਅਦਾ ਕਰੀਏ ਕਿ ਜਿਹੜੀ ਲੋਕਾਂ ਨੂੰ ਭੁਖਾ ਮਾਰਦੀ ਹੈ ਅਤੇ ਉਨ੍ਹਾਂ ਨੂੰ ਨੰਗਾ ਤੇ ਬਿਨਾ ਕਿਸੇ ਸ਼ੈਲਟਰ ਤੋਂ ਸਾੜਦੀ ਹੈ, ਕੀ ਇਸੇ ਲਈ ਗਵਰਨਰ ਸਾਹਿਬ ਦਾ ਸਾਡੇ ਤੋਂ ਸ਼ੁਕਰੀਆ ਕਰਾਉਣਾ ਚਾਹੁੰਦੇ ਹਨ ? ਕਮ ਅਜ਼ ਕਮ ਮੈਂ ਅਤੇ ਮੇਰੀ ਪਾਰਟੀ ਤਾਂ ਆਪਣੇ ਆਪ ਨੂੰ ਇਸ ਸ਼ੁਕਰੀਏ ਕਰਨ ਲਈ ਸ਼ਾਮਲ ਨਹੀਂ ਹੁੰਦੇ ਇਹ ਤਾਂ ਉਹੀ ਲੋਕ ਕਰ ਸਕਦੇ ਹਨ ਜਿਨ੍ਹਾਂ ਨੂੰ ਲੋਕਾਂ ਦੀ ਭਲਾਈ ਦਾ ਕੋਈ ਖਿਆਲ ਨਹੀਂ, ਮਹਿਜ਼ ਉਨ੍ਹਾਂ ਨੂੰ ਆਪਣੇ ਉਹਦਿਆਂ ਤੇ ਤਨਖਾਹਾਂ ਦਾ

ਖਿਆਲ ਹੋਵੇ । ਮੈਂ ਪੁਛਦਾ ਹਾਂ ਕਿ ਕੀ ਸਰਕਾਰ ਨੇ ਹੁਣ ਤੱਕ ਕੋਈ ਇਹੋ ਜਿਹਾ ਕੰਮ ਕੀਤਾ ਹੈ ਜਿਸ ਨੂੰ ਲੋਕ ਭਲਾਈ ਦਾ ਕਿਹਾ ਜਾ ਸਕੇ । ਇਹ ਸਵਾਲ ਸੀ ਲੋਕਾਂ ਦੀਆ ਜ਼ਰੂਰੀਆਤ ਦਾ ਇਸ ਤੋਂ ਇਲਾਵਾ ਲੋਕਾਂ ਦੀਆਂ ਹੋਰ ਵੀ ਜ਼ਰੂਰੀਆਤ ਹਨ । ਉਹ ਹਨ ਐਜੂਕੇਸ਼ਨ, ਕਮਿਉਨੀਕੇਸ਼ਨ ਮੈਡੀਕਲ ਹੈਲਪ ਐਂਡ ਇਨਸ਼ਿਉਰੇਂਸ਼ । ਕੀ ਇਨ੍ਹਾਂ ਵਿਚੋਂ ਕੋਈ ਪ੍ਰੈਕਟੀਕਲ ਚੀਜ਼ ਕੀਤੀ ਹੈ ? ਪਰ ਕਾਗਜ਼ਾਂ ਵਿਚ ਜ਼ਰੂਰ ਕਰ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੇ ਇਹ ਸਾਰੀਆਂ ਸਕੀਮਾਂ ਪੂਰੀਆਂ ਕਰ ਦਿੱਤੀਆਂ ਹਨ । ਏਥੇ ਦੱਸਿਆ ਜਾਂਦਾ ਹੈ ਕਿ ਅਸੀਂ ਕੰਪਲਸਰੀ ਫਰੀ ਐਜੂਕੇਸ਼ਨ ਕਰ ਦਿੱਤੀ ਹੈ, ਮੈਂ ਕਹਿੰਦਾ ਹਾਂ ਕਿ ਇਹ ਕਿਥੋਂ ਤੱਕ ਕਾਮਆਬ ਹੋਈ ਹੈ ? ਅਸੀਂ ਖੁਦ ਦੇਖਦੇ ਹਾਂ ਕਿ ਐਜੂਕੇਸ਼ਨਲ ਇੰਸ਼ਟੀਟਿਉਸ਼ਨਜ਼ ਦੀ ਕੀ ਹਾਲਤ ਹੈ । ਲੜਕੇ ਸਕੂਲਾਂ ਵਿਚ ਪੜ੍ਹਨ ਜਾਂਦੇ ਹਨ ਸਵੇਰ 6 ਵਜੇ ਜਾਂਦੇ ਹਨ ਤੇ ਰਾਤ ਨੂੰ 8 ਵਜੇ ਮੁੜਦੇ ਹਨ ਕੀ ਸਰਕਾਰ ਇਕ ਟੀਚਰ ਤੋਂ ਇਹ ਐਕਸਪੈਕਟ ਕਰ ਸਕਦੀ ਹੈ ਕਿ ਇਤਨਾ ਸਹੀ ਟਾਈਮ ਉਹ ਬੱਚਿਆਂ ਨੂੰ ਦੇ ਸਕੇ । ਕਿਹੜਾ ਸਟਾਫ ਕਿਸੇ ਇਨਸਟੀਚੀਉਟ ਦਾ ਹੈ ਜਿਹੜਾ ਸਵੇਰੇ 6 ਵਜੇ ਤੋਂ ਲੈਕੇ ਰਾਤ ਦੇ 8 ਵਜੇ ਤੱਕ ਸਹੀ ਢੰਗ ਨਾਲ ਆਪਣੇ ਬੱਚਿਆਂ ਨੂੰ ਵਕਤ ਦੇ ਸਕਦਾ ਹੈ ? ਚਾਹੀਦਾ ਤਾਂ ਇਹ ਸੀ ਕਿ ਜਿਹੜੇ ਫੰਡਜ਼ ਫ਼ਰੀ ਐਜੂਕੇਸ਼ਨ ਲਈ ਇਨ੍ਹਾਂ ਨੇ ਰੱਖੇ ਹੋਏ ਹਨ ਉਨ੍ਹਾਂ ਵਿਚੋਂ ਪਰਾਈਵੇਟ ਸਕੂਲਾਂ ਨੂੰ ਦਿੰਦੇ ਜਿਹੜੇ ਕਿ ਟੈਕਸ ਪੇਅਰ ਅਤੇ ਲੋਕਾਂ ਤੋਂ ਚੰਦੇ ਮੰਗ ਕੇ ਆਪਣੇ ਸਕੂਲ ਚਲਾਉਂਦੇ ਹਨ । ਪਰ ਇਹ ਸਰਕਾਰ ਉਨ੍ਹਾਂ ਨੂੰ ਕੁਚਲਣ ਦੇ ਯਤਨ ਕਰਦੀ ਹੈ । ਇਹ ਉਹ ਨੈਸ਼ਨਲ ਸਕੂਲ ਹਨ ਜਿਨ੍ਹਾਂ ਨੇ ਅੰਗਰੇਜ਼ ਹਕੂਮਤ ਵੇਲੇ ਵੀ ਸਾਡੇ ਬੱਚਿਆਂ ਨੂੰ ਤਾਲੀਮ ਦਿੱਤੀ ਸੀ । ਜਦੋਂ ਇਹ ਸਰਕਾਰ ਫਰੀ ਅੰਜੂਕੇਸ਼ਨ ਦਾ ਐਲਾਨ ਕਰਦੀ ਹੈ ਤਾਂ ਕੀ ਇਹ ਸੋਚ ਨਹੀਂ ਸਕਦੀ ਕਿ ਜਿਨ੍ਹਾਂ ਪਰਾਈਵੇਟ ਸਕੂਲਜ਼ ਦਾ ਸਟਾਫ ਇਨ੍ਹਾਂ ਦੀ ਤਾਲੀਮ ਵਿਚ ਇਮਦਾਦ ਕਰਦਾ ਹੈ ਇਨ੍ਹਾਂ ਲਈ ਕੋਈ ਮੱਦਦ ਕੀਤੀ ਜਾਵੇ । ਸਰਕਾਰ ਨੂੰ ਚਾਹੀਦਾ ਹੈ ਕਿ ਜਿਥੇ ਉਹ ਹੋਰ ਫੰਡਜ਼ ਖਰਚਦੀ ਹੈ ਇਨ੍ਹਾਂ ਸਕੂਲਾਂ ਨੂੰ ਸਬਸੀਡਾਈਜ਼ ਕਰੇ । ਇਸ ਕਿਸਮ ਦੀ ਹਾਲਤ ਹੈ ਸਾਡੀ ਫਰੀ ਐਜੂਕੇਸ਼ਨ ਦੀ । ਹੋਰ ਲੋਕਾਂ ਦੀਆਂ ਕਿਹੜੀਆਂ ਜਰੂਰੀਆਤ ਹਨ ਜਿਹੜੀਆਂ ਇਹ ਪੂਰੀਆਂ ਕਰਦੇ ਹਨ ? ਇਸੇ ਤਰ੍ਹਾਂ ਨਾ ਕੋਈ ਮੈਟਰਨਟੀ ਐਡਵਾਂਟੇਜਿਜ਼ ਹਨ, ਨਾ ਵਿਡੋਜ਼ ਨੂੰ ਪੈਨਸ਼ਨ ਦੀ ਗੱਲ ਹੈ । ਪਰ ਪਾਸ ਕਰਨ ਲੱਗਿਆਂ ਸਰਕਾਰ ਨੇ ਡੈਥ ਗਰਾਟਸ ਕੰਮਪਰੀ ਹੈਂਸਵ ਨੈਸ਼ਨਲ ਸਕਿਉਰਿਟੀ ਸਕੀਮ ਵਰਗੀਆਂ ਸਕੀਮਾਂ ਪਾਸ ਕੀਤੀਆਂ, ਪਰ ਇਨ੍ਹਾਂ ਨੇ ਆਪਣਾ ਫਰਜ਼ ਨਹੀਂ ਸਮਝਿਆ । ਜੇ ਇਹ ਕਹਿੰਦੇ ਹਨ ਅਸੀਂ ਆਪਣਾ ਫਰਜ਼ ਪਹਿਚਾਣਦੇ ਹਾਂ ਤਾਂ ਇਹ ਲੋਕਾਂ ਨੂੰ ਚੀਜ਼ਾਂ ਮਹੱਈਆ ਕਰਨ । ਅਸੀਂ ਵੇਖਦੇ ਹਾਂ ਕਿ ਲੋਕ ਟੈਕਸ਼ਾਂ ਨਾਲ ਦਬੇ ਜਾ ਰਹੇ ਧਨ, ਸ਼ਹਿਰਾਂ ਅਤੇ ਪਿੰਡਾਂ ਦੇ ਵਿਚ ਕੀਮਤਾਂ ਵਧ ਰਹੀਆਂ ਹਨ । ਇਹ ਗੱਲਾਂ ਸਿਰਫ ਸਟੇਟਮੈਂਟ ਦੇ ਦੇਣ ਨਾਲ ਪੂਰੀਆਂ ਨਹੀਂ ਹੋਣਗੀਆਂ । ਇਸ ਤਰ੍ਹਾਂ ਲੋਕਾਂ ਦੀ ਭੁਖ ਦੂਰ ਨਹੀਂ ਹੋ ਸਕਦੀ, ਜੇ ਇਹ ਆਪਣਾ ਫਰਜ਼ ਪਹਿਚਾਣਦੇ ਹੁੰਦੇ ਤਾਂ ਜਿਹੜਾ ਅੱਜ 32 ਰੁਪਏ ਮਣ ਦੇ ਭਾਉ ਆਟਾ ਵਿਕ ਰਿਹਾ ਹੈ ਇਹ ਨਾ ਵਿਕਦਾ । ਕੀ ਇਕ ਸ਼ਖਸ਼ ਜਿਸ਼ ਦੀ ਆਮਦਨ 40, 50 ਜਾਂ 100 ਰੁਪਏ ਮਾਹਵਾਰ ਹੈ, ਉਹ ਆਪਣਾ ਅਤੇ ਆਪਣੇ ਬਾਲ ਬੱਚਿਆਂ ਦਾ ਪੇਟ ਇਸ ਭਾਉ ਦੇ ਆਟੇ ਨਾਲ ਭਰ ਸਕਦਾ ਹੈ ? ਮੈਨੂੰ ਜਵਾਬ ਦਿਓ । ਫੇਰ ਇਹ ਆਪਣੇ ਵੱਲ ਤੱਕਣ ਇਨ੍ਹਾਂ ਦੇ ਵਜ਼ੀਰ ਕੀ ਕਰਦੇ ਹਨ, ਸਿਵਾਏ ਏਧਰ ਓਧਰ ਫਿਰ ਕੇ ਆਧਣਾ ਟੀ੦ ਏ੦ ਬਨਾਉਣ ਅਤੇ ਉਦਘਾਟਨ ਕਰਨ ਦੇ ਉਹ ਹੋਰ ਕੋਈ ਕੰਮ ਨਹੀਂ ਕਰਦੇ । ਮੇਹਰਬਾਨੀ ਕਰੋ ਇਸ ਨਾਲੋਂ ਤਾਂ ਤੁਸੀਂ ਇਕ ਉਦਘਾਟਨ ਮਨਿਸਟਰ ਹੀ ਵਧਾ ਲਓ । ਜਿਥੇ ਹੁਣ 7, 8 ਵਜ਼ੀਰ ਹਨ ਇਕ ਹੋਰ ਹੋ ਜਾਵੇਗਾ ਪਰ ਖਰਚ ਤਾਂ ਕੁਝ ਘੱਟ ਹੋਵੇਗਾ । ਇਕ ਵਜ਼ੀਰ ਦੀ ਤਨਖਾਹ ਤੋਂ ਇਲਾਵਾ 4 ਹਜ਼ਾਰ ਰੁਪਏ ਮਾਂਹਵਾਰ ਦੀ ਹੋਰ ਟੀ. ਏ, ਵਗੈਰਾ ਆਮਦਨ ਹੈ ਜਿਹੜੀ ਫ਼ਰੀ ਆਫ ਇੰਕਮ ਟੈਕਸ਼ ਹੈ ਇਨ੍ਹਾਂ ਨੂੰ ਫਰੀ ਅਕਾਮੋਡੇਸ਼ਨ ਹੈ ਜਿਹੜੀ ਕਿ ਵਿਦਾਉਟ ਵਾਟਰ

[ਸਰਦਾਰ ਗੁਰਨਾਮ ਸਿੰਘ]

ਐਂਡ ਇਲੈਕਟ੍ਰੀਸਿਟੀ ਚਾਰਜਿਜ਼ ਹੈ । ਇਸ ਤਰ੍ਹਾਂ ਦੇ ਹੈਰਾਨ ਕੁਨ ਹਾਲਾਤ ਹਨ ਇਨ੍ਹਾਂ ਲੋਕਾਂ ਦੇ ਫੇਰ ਇਹ ਕਹਿੰਦੇ ਹਨ ਕਿ ਅਸੀਂ ਇਸ ਸਰਕਾਰ ਦਾ ਸੁਕਰੀਆ ਅਦਾ ਕਰੀਏ ਅਤੇ ਇਹ ਫਿਰਦੇ ਰਹਿਣ, ਚਾਰ ਚਾਰ ਹਜ਼ਾਰ ਟੀ. ਏ. ਬਣਾਉਂਦੇ ਰਹਿਣ ਅਤੇ 8000 ਰੁਪਿਆ ਮਾਹਵਾਰ ਬਿਨਾ ਇੰਕਮ ਟੈਕਸ ਤੋਂ ਵਸੂਲ ਕਰਦੇ ਰਹਿਣ । ਮੈਂ ਚੇਅਰਮੈਨ ਸਾਹਿਬ ਸਮਝਦਾ ਹਾਂ ਕਿ ਇਹ ਇਕ ਪੁਲੀਸ ਸਟੇਟ ਹੈ ਕੋਈ ਵੈਲਫੇਅਰ ਸਟੇਟ ਨਹੀਂ । ਹਿੰਦੁਸਤਾਨ ਵਿਚ ਕੋਈ ਵਾਧਾ ਨਹੀਂ ਹੋਇਆ ਕੋਈ ਡੀਵੈਲਪਮੈਂਟ ਨਹੀਂ ਹੋਈ । ਇਸ ਵਿਚ ਕੋਈ ਸ਼ਕ ਨਹੀਂ ਕਿ ਸਾਡੇ ਕੰਸਟੀਟਿਊਸ਼ਨ ਵਿਚ ਮੌਜੂਦ ਹੈ ਕਿ ਸਰਕਾਰ ਦੀ ਪਰਾਇਮਰੀ ਡਿਊਟੀ ਡੈਮੋਕਰੇਸੀ ਨੂੰ ਬਰਕਾਰ ਰੱਖਣਾ ਹੈ । ਜਮਹੂਰੀਅਤ ਉਦੋਂ ਤੱਕ ਨਹੀਂ ਚਲ ਹਕਦੀ ਜਦੋਂ ਤੱਕ ਕਿ ਲੋਕਾਂ ਨੂੰ ਡੈਮੋਟਰੇਟਿਕ ਢੰਗ ਨਾਲ ਇਨਸਾਫ ਨਾ ਮਿਲੇ । ਜਮਹੂਰੀਅਤ ਨੂੰ ਚਲਾਉਣ ਵਾਲਾ ਇਨਸਾਫ ਹੈ ਜੇ ਕਿਸੇ ਨੂੰ ਇਨਸਾਫ ਨਾ ਮਿਲੇ ਤਾਂ ਜਮਹੂਰੀਅਤ ਨਹੀਂ ਚਲ ਸਕਦੀ । ਇਸ ਸਰਕਾਰ ਨੂੰ ਜਮਹੂਰੀ ਸਰਕਾਰ ਕਿਹਾ ਨਹੀਂ ਜਾ ਸਕਦਾ । ਸਾਡੇ ਮੁਲਕ ਦੇ ਵਿਚ, ਚੇਅਰਮੈਨ ਸਾਹਿਬ, ਇਕ ਪੱਕੀ ਪੁਲੀਸ ਸਟੇਟ ਪੈਦਾ ਹੋ ਚੁਕੀ ਹੈ । ਮੈਂ ਆਪਣੇ ਕੰਸਟੀਟਿਊਸ਼ਨ ਦੇ ਆਰਟੀਕਲ 50 ਵਲ ਧਿਆਨ ਦਵਾਉਣਾ ਚਾਹੁੰਦਾ ਹਾਂ । ਉਸ ਦੇ ਵਿਚ ਇਹ ਕਿਹਾ ਗਿਆ ਹੈ ਕਿ ਜੁਡੀਸ਼ਰੀ ਅਤੇ ਐਗਜ਼ੈਕਟਿਵ ਅੱਡ ਅੱਡ ਹੋਣੀਆਂ ਚਾਹੀਦੀਆਂ ਹਨ । ਇਹ ਡਾਇਰੈਕਟਿਵ ਪਰਿੰਸੀਪਲ ਹੈ । ਕੋਈ ਜਮਹੂਰੀਅਤ ਸਰਕਾਰ ਜੁਡੀਸ਼ਰੀ ਨੂੰ ਐਗਜ਼ੈਕਟਿਵ ਦੇ ਨੀਚੇ ਨਹੀਂ ਰਖ ਸਕਦੀ, ਜੇਕਰ ਉਹ ਪੁਲੀਸ ਸਟੇਟ ਨਾ ਹੋਵੇ । ਇਸ ਵਾਸਤੇ ਮੈਂ ਇਹ ਕਹਾਂਗਾ ਕਿ ਜਿਹੜੇ ਮੈਜਿਸਟਰੇਟ ਜੁਡੀਸ਼ਲ ਮੁਕਦਮਿਆਂ ਦਾ ਫੈਸਲਾ ਕਰਨ ਉਹ ਸਰਕਾਰ ਦੀ ਐਗਜ਼ੈਕਟਿਵ ਦੇ ਮਾਤਹਿਤ ਨਹੀਂ ਹੋਣੇ ਚਾਹੀਦੇ, ਬਲਕਿ ਹਾਈਕੋਰਟ ਦੇ ਮਾਤਹਿਤ ਹੋਣੇ ਚਾਹੀਦੇ ਹਨ । ਸੰਨ 1962 ਦੇ ਵਿਚ ਜਦੋਂ ਇਸ ਹਾਊਸ ਦੇ ਮੈਂਬਰ ਏਥੇ ਪਹਿਲੀ ਦਫਾ ਈਲੈਕਟ ਹੋ ਕੇ ਆਏ ਤਾਂ ਮੈਂ ਪਹਿਲੇ ਹੀ ਬਜਟ ਸੈਸ਼ਨ ਦੇ ਵਿਚ ਸਵਾਲ ਉਠਾਇਆ ਕਿ ਜੁਡੀਸ਼ਰੀ ਨੂੰ ਐਗਜ਼ੈਕਟਿਵ ਤੋਂ ਅੱਡ ਕਰਨਾ ਚਾਹੀਦਾ ਹੈ । ਦੋ ਸਾਲ ਲਗਾਤਾਰ ਸਾਡੇ ਚੀਫ ਮਨਿਸਟਰ ਸਾਹਿਬ ਇਹ ਕੰਮ ਕਰਨ ਤੋਂ ਟਾਲਮਟੋਲ ਕਰਦੇ ਆਏ ਤੇ ਹੁਣ ਕਹਿੰਦੇ ਹਨ ਕਿ ਅਸੀਂ ਇਸ ਵਾਸਤੇ ਜੁਡੀਸ਼ਰੀ ਨੂੰ ਅਲਹਿਦਾ ਨਹੀਂ ਕਰ ਸਕੇ ਕਿਉਂਕਿ ਡਿਪਟੀ ਕਮਿਸ਼ਨਰਾਂ ਦੀ ਮੀਟਿੰਗ ਨਹੀਂ ਅਜੇ ਤਕ ਹੋਈ । ਚੇਅਰਮੈਨ ਸਾਹਿਬ, ਮੈਂ ਕਹਿੰਦਾ ਹਾਂ ਕਿ ਜੇਕਰ ਸਰਕਾਰ ਇਤਨੀ ਕਮਜ਼ੋਰ ਹੈ ਕਿ ਦੋ ਸਾਲਾਂ ਦੇ ਅਰਸੇ ਵਿਚ ਡਿਪਟੀ ਕਮਿਸ਼ਨਰਾਂ ਦੀ ਮੀਟਿੰਗ ਨਹੀਂ ਕਰ ਸਕੀ ਤਾਂ ਮੈਂ ਸਮਝਦਾ ਹਾਂ ਕਿ ਇਸ ਸਰਕਾਰ ਲਈ ਬਾਇਜ਼ਤ ਰਸਤਾ ਇਹ ਹੈ ਕਿ ਇਹ ਬੈਂਚਾਂ ਖਾਲੀ ਕਰਕੇ ਆਪਣੇ ਆਪਣੇ ਘਰਾਂ ਨੂੰ ਚਲੇ ਜਾਣ । ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਵੀ ਕਿਹਾ ਅਤੇ ਹੋਮ ਮਨਿਸਟਰ ਸਾਹਿਬ ਨੇ ਵੀ ਕਿਹਾ ਹੈ ਕਿ ਡਿਪਟੀ ਕਮਿਸ਼ਨਰਾਂ ਦੀ ਮੀਟਿੰਗ ਕਰਨੀ ਜ਼ਰੂਰੀ ਹੈ ਲੇਕਿਨ ਮੀਟਿੰਗ ਕਰਦੇ ਇਸ ਕਰਕੇ ਨਹੀਂ ਕਿ ਅਗਰ ਮੈਜਿਸਟਰੇਟ ਹਾਈਕੋਰਟ ਦੇ ਮਾਤਹਿਤ ਹੋ ਜਾਣ ਤਾਂ ਉਹ ਕਿਸੇ ਮਨਿਸਟਰ ਦੀ ਸਿਫਾਰਿਸ਼ ਮੰਨਣਗੇ ਤੇ ਨਾ ਕਿਸੇ ਨੂੰ ਛਡਣਗੇ ਅਤੇ ਨਾ ਹੀ ਇਨ੍ਹਾਂ ਦੇ ਇਸ਼ਾਰੇ ਤੇ ਕਿਸੇ ਨੂੰ ਸਜ਼ਾ ਦੇਣਗੇ । (ਆਪੋਜ਼ੀਸ਼ਨ ਬੈਂਚਾਂ ਵੱਲੋਂ ਸ਼ੇਮ ਸ਼ੇਮ ਦੇ ਨਾਅਰੇ) । ਚੇਅਰਮੈਨ ਸਾਹਿਬ, ਮੈਂ ਇਸ ਹਾਊਸ ਵਿਚ ਪੂਰੀ ਜ਼ਿਮੇਵਾਰੀ ਨਾਲ ਕਹਿੰਦਾ ਹਾਂ ਕਿ ਵਜ਼ੀਰ ਮੈਜਿਸਟਰੇਟਾਂ ਤੇ ਦਬਾ ਪਾ ਕੇ ਕਈ ਬੇਗੁਨਾਹੇ ਲੋਕਾਂ ਨੂੰ ਸਜ਼ਾਵਾਂ ਦਵਾਉਂਦੇ ਹਨ ਅਤੇ ਕਈਆਂ ਨੂੰ, ਜਿਨ੍ਹਾਂ ਨੇ ਜੁਰਮ ਕੀਤੇ ਹੋਏ ਹੁੰਦੇ ਹਨ, ਛਡਵਾਉਂਦੇ ਹਨ । ਮੈਂ ਮਲੋਟ ਦੇ ਸਰਦਾਰਾਂ ਦੇ ਕੇਸ ਦੀ ਜ਼ਿੰਦਾ ਮਿਸਾਲ ਦਿੰਦਾ ਹਾਂ । ਮੈਂ ਉਸ ਕੇਸ ਦੇ ਮੈਰਿਟਸ ਵਿਚ ਨਹੀਂ ਜਾਣਾ ਚਾਹੁੰਦਾ ਕਿਉਂਕਿ ਉਹ ਕੇਸ ਅਜੇ ਸਬਜੁਡਿਸ ਹੈ ਲੇਕਿਨ ਇਕ ਸਾਲ ਹੋ ਗਿਆ ਹੈ, ਹੁਣ ਤਕ ਮੈਜਿਸਟਰੇਟ ਨੇ ਉਸ ਕੇਸ ਨੂੰ ਸੁਣਨਾ ਸ਼ੁਰੂ ਨਹੀਂ ਕੀਤਾ, ਚੀਫ ਮਨਿਸਟਰ ਸਾਹਿਬ ਉਨ੍ਹਾਂ ਨੂੰ ਘੜੀ ਘੜੀ ਬੁਲਾਉਂਦੇ ਹਨ ਅਤੇ ਉਨ੍ਹਾਂ

(ਚੀਫ਼ ਮਨਿਸਟਰ) ਨੇ ਹੋਮ ਸੈਕਟਰੀ ਅਤੇ ਲੀਗਲ ਰੀਮੈਂਬਰੈਂਸਰ ਦੀ ਇਕ ਕਮੇਟੀ ਮੁਕਰਰ ਕਰ ਦਿੱਤੀ ਹੈ ਕਿ ਤੁਸੀਂ ਗੁਜ਼ਾਰਾ ਮੁਕਰਰ ਕਰੋ । ਇਸ ਤਰੀਕੇ ਦੇ ਨਾਲ ਉਨ੍ਹਾਂ ਦੇ ਕੋਲੋਂ ਪੈਸੇ ਖਿਚਣ ਦੀ ਕੋਸ਼ਿਸ਼ ਜੀਤੀ ਜਾ ਰਹੀ ਹੈ । ਮੈਂ ਮੈਂਬਰ ਸਾਹਿਬਾਨ ਨੂੰ ਇਹ ਕਹਿੰਦਾ ਹਾਂ ਕਿ ਅਗਰ ਤਾਂ ਇਹ ਕੇਸ ਠੀਕ ਹੈ ਤਾਂ ਤੇ ਗਵਰਨਰ ਸਾਹਿਬ ਨੂੰ ਵਧਾਈ ਦੇਣ । ਚੇਅਰਮੈਨ ਸਾਹਿਬ, ਕਿਤਨੀ ਹੈਰਾਨੀ ਦੀ ਗੱਲ ਹੈ, ਉਨ੍ਹਾਂ ਨੂੰ ਰੋਜ਼ ਬੁਲਾਇਆ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਅਗਰ ਤੁਸੀਂ 40 ਹਜ਼ਾਰ ਰੁਪਏ ਦਿਉ ਤਾਂ ਫੈਸਲਾ ਹੋ ਜਾਵੇਗਾ । ਇਸ ਕੇਸ ਦੇ ਬਾਰੇ ਮੈਂ ਹੋਰ ਬਹੁਤਾ ਕੁਝ ਨਹੀਂ ਕਹਿੰਦਾ ਕਿਉਂਕਿ ਕੇਸ ਸਬਜੁਡਿਸ ਹੈ । ਚੇਅਰਮੈਨ ਸਾਹਿਬ, ਜੇ ਗਵਰਨਰ ਸਾਹਿਬ ਦਾ ਸ਼ੁਕਰੀਆ ਅਦਾ ਕਰਨਾ ਹੈ ਤਾਂ ਇਨ੍ਹਾਂ ਨੂੰ ਉਨ੍ਹਾਂ ਦੀ ਗੱਲ ਮੰਨਣੀ ਚਾਹੀਦੀ ਹੈ । ਗਵਰਨਰ ਸਾਹਿਬ ਨੇ ਪਰਸੋਂ ਅੰਮ੍ਰਿਤਸਰ ਬਾਰ ਐਸੋਸੀਏਸ਼ਨ ਵਿਚ ਲੈਕਚਰ ਦਿੰਦਿਆਂ ਕਿਹਾ ਕਿ ਜੁਡੀਸ਼ਰੀ ਨੂੰ ਐਗਜ਼ੈਕਟਿਵ ਨਾਲੋਂ ਜੁਦਾ ਕਰਨਾ ਚਾਹੀਦਾ ਹੈ । ਮਗਰ ਸਾਡੀ ਸਰਕਾਰ ਦੋ ਸਾਲ ਡਿਪਟੀ ਕਮਿਸ਼ਨਰਾਂ ਦੀ ਮੀਟਿੰਗ ਹੀ ਨਹੀਂ ਬੁਲਾ ਸਕੀ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੇ ਡਿਪਟੀ ਕਮਿਸ਼ਨਰਾਂ ਤੋ ਹੁਕਮ ਲੈਣਾ ਹੈ ਕਿ ਅਸੀਂ ਜੁਡੀਸ਼ਰੀ ਨੂੰ ਜੁਦਾ ਕਰੀਏ ਜਾਂ ਨਾ ਕਰੀਏ । ਅਸੀਂ ਜਾਣਦੇ ਹਾਂ ਡਿਪਟੀ ਕਮਿਸ਼ਨਰਾਂ ਦੀ ਇਹ ਕਿਤਨੀ ਕੁ ਇਜ਼ਤ ਕਰਦੇ ਹਨ । ਜਦੋਂ ਮੀਟਿੰਗਾਂ ਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਕਿਹਾ ਜਾਂਦਾ ਕਿ ਤੂੰ ਖੜ੍ਹ; ਏਥੇ ਨੌਕਰੀ ਕਰਨੀ ਹੈ ਕਿ ਨਹੀਂ ਕਰਨੀ । ਏਸੇ ਤਰ੍ਹਾਂ ਐਸ. ਪੀਜ਼. ਨੂੰ ਵੀ ਜ਼ਲੀਲ ਕੀਤਾ ਜਾਂਦਾ ਹੈ । ਹੁਣ ਤੁਸੀਂ ਆਪ ਦੱਸੋ ਕਿ ਹੋਰ ਪੁਲੀਸ ਸਟੇਟ ਕਿਸ ਨੂੰ ਕਿਹਾ ਜਾਂਦਾ ਹੈ ? ਪੁਲੀਸ ਸਟੇਟ ਉਸੇ ਨੂੰ ਹੀ ਕਹਿੰਦੇ ਹਨ ਜਿਥੇ ਇਕ ਆਦਮੀ ਦਾ ਹੁਕਮ ਚਲੇ ਅਤੇ ਮੈਨੂੰ ਇਹ ਕਹਿੰਦਿਆਂ ਸ਼ਰਮ ਆਉਂਦੀ ਹੈ ਕਿ ਮਨਿਸਟਰ ਵੀ ਉਸ ਡਿਕਟੇਟਰ ਤੋਂ ਕੰਬਦੇ ਹਨ। ਮੈਂ ਇਹ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜਿਸ ਦਿਨ ਪਜਾਬ ਦੇ ਵਿਚ ਜੁਡੀਸ਼ਰੀ ਅਲਹਿਦਾ ਕਰ ਦਿੱਤੀ ਗਈ ਏਥੇ ਕੁਰਪਸ਼ਨ ਅੱਧੀ ਹੋ ਜਾਵੇਗੀ ਅਤੇ ਇਨਸਾਫ ਵਧ ਜਾਵੇਗਾ । ਇਸ ਦੇ ਵਿਚ ਕੋਈ ਸ਼ਕ ਨਹੀਂ ਕਿ ਜੋ ਮੈਜਿਸਟਰੇਟ ਹਾਈਕੋਰਟ ਦੇ ਮਾਤਹਿਤ ਹੋਵੇਗਾ ਉਹ ਕਿਸੇ ਮਨਿਸਟਰ ਦੀ ਜਾਂ ਕਿਸੇ ਐਮ. ਐਲ. ਏ. ਦੀ ਪਰਵਾਹ ਨਹੀਂ ਕਰੇਗਾ ਅਤੇ ਇਨਸਾਫ ਕਰੇਗਾ । ਚੇਅਰਮੈਨ ਸਾਹਿਬ, ਮੈਜਿਸਟਰੇਟ ਸਾਡੇ ਕੋਲ ਆਕੇ ਪਿਟਦੇ ਹਨ ਅਤੇ ਕਹਿੰਦੇ ਹਨ ਕਿ ਸਾਡਾ ਤਾਂ ਉਹ ਹਾਲ ਹੋ ਗਿਆ ਹੈ ਜਿਹੜਾ ਕਿ ਅਸੀਂ ਬਿਆਨ ਨਹੀਂ ਕਰ ਸਕਦੇ । ਚੇਅਰਮੈਨ ਸਾਹਿਬ, ਅਗਰ ਗੌਰਮੈਂਟ ਦਿਆਨਤਦਾਰ ਹੈ, ਅਗਰ ਇਨ੍ਹਾਂ ਦੇ ਇਰਾਦੇ ਠੀਕ ਹਨ ਤਾਂ ਚੀਫ਼ ਮਨਿਸਟਰ ਸਾਹਿਬ ਅਜ ਹਾਊਸ ਦੇ ਵਿਚ ਇਸ ਗਲ ਦਾ ਐਲਾਨ ਕਰਨ ਕਿ ਫਲਾਣੀ ਫਲਾਣੀ ਤਾਰੀਖ ਤਕ ਜੁਡੀਸ਼ਰੀ ਨੂੰ ਜੁਦਾ ਕਰ ਦਿੱਤਾ ਜਾਵੇਗਾ । ਇਸ ਦੇ ਵਾਸਤੇ ਕੋਈ ਕਾਨੂੰਨ ਪਾਸ ਨਹੀਂ ਕਰਨਾ ਪੈਂਦਾ, ਸਿਰਫ਼ ਇਕ ਨੋਟੀਫ਼ੀਕੇਸ਼ਨ ਹੀ ਕਰਨਾ ਪੈਂਦਾ ਹੈ । ਸਾਡੇ ਹਿੰਦੁਸਤਾਨ ਦੀ ਸੁਪਰੀਮ ਕੋਰਟ ਨੇ ਜਿਤਨੇ ਮੁਕੱਦਮੇ ਪੰਜਾਬ ਦੇ ਵਿਚੋਂ ਬਾਹਿਰ ਭੇਜੇ ਹਨ ਉਸ ਤਰ੍ਹਾਂ ਦੀ ਮਿਸਾਲ ਤੁਹਾਨੂੰ ਕਿਸੇ ਹੋਰ ਸੂਬੇ ਦੀ ਨਹੀਂ ਮਿਲ ਸਕਦੀ । ਕੀ ਇਹ ਕੋਈ ਫ਼ਖ਼ਰ ਵਾਲੀ ਗੱਲ ਹੈ ? ਇਨ੍ਹਾਂ ਨੇ ਜਿਹੜੇ ਚਾਲਾਨ ਕੀਤੇ ਉਨ੍ਹਾਂ ਮੁੱਕਦਮਿਆਂ ਨੂੰ ਸੁਣਨ ਵਾਸਤੇ ਸੁਪਰੀਮ ਕੋਰਟ ਨੇ ਸਹਾਰਨਪੁਰ ਲਾ ਦਿਤਾ । ਜਦੋਂ ਉਥੇ ਕੇਸ ਲਗ ਗਏ ਤਾਂ ਪਹਿਲਾਂ ਤਾਂ ਸਾਡੀ ਸਰਕਾਰ ਨੇ ਉਹ ਕੇਸ ਵਾਪਿਸ ਨਹੀਂ ਲਏ ਲੇਕਿਨ ਜਦੋਂ ਦੇਖਿਆ ਕਿ ਮੁਕਦਮੇ ਫ਼ੇਲ ਹੋਣੇ ਸ਼ੁਰੂ ਹੋ ਗਏ ਹਨ ਅਤੇ ਜਿਨ੍ਹਾਂ ਨੂੰ ਇਨ੍ਹਾਂ ਨੇ ਮੁਲਜ਼ਿਮ ਬਣਾਇਆ ਸੀ ਉਹ ਬਰੀ ਹੋ ਰਹੇ ਹਨ ਤਾਂ ਫੇਰ ਇਨ੍ਹਾਂ ਨੇ ਉਹ ਕੇਸ ਵਾਪਿਸ ਲੈਣੇ ਸ਼ੁਰੂ ਕਰ ਦਿਤੇ । ਹੁਣ ਸਾਡੀ ਸਰਕਾਰ ਦਾ ਇਹ ਮੋਡਸ ਉਪਰੇਂਡੀ ਬਣ ਗਿਆ ਹੈ ਕਿ ਜਿਹੜਾ ਵੀ ਮੁਕੱਦਮਾ ਸਹਾਰਨਪੁਰ ਜਾਂਦਾ ਹੈ ਉਸ ਨੂੰ ਇਹ ਕਹਿੰਦੇ ਹਨ ਕਿ ਅਸੀਂ ਚੰਗਾ ਮਾਹੌਲ ਪੈਦਾ ਕਰਨ ਲਈ ਵਾਪਿਸ ਲੈ ਲਿਆ ਹੈ । ਇਨ੍ਹਾਂ ਨੇ ਸਰਦਾਰ ਮੱਖਣ ਸਿੰਘ ਤਰਸਿੱਕੇ ਦੇ ਖਿਲਾਫ ਕੇਸ ਬਣਾਇਆ ਸੀ ਕਿ ਇਸ ਨੇ ਮਰਡਰਸ ਅਸਾਲਟ ਕੀਤੀ ਹੈ

[ਸਰਦਾਰ ਗੁਰਨਾਮ ਸਿੰਘ]

ਲੇਕਿਨ ਉਹ ਵਾਪਿਸ ਇਸ ਕਰ ਕੇ ਲੈ ਲਿਆ ਕਿ ਉਸ ਦੇ ਵਿਚ ਸਚਾਈ ਕੋਈ ਨਹੀਂ ਸੀ ਇਨ੍ਹਾਂ ਨੇ ਕੇਸ ਵਾਪਿਸ ਲੈਣ ਲਗਿਆਂ ਵਜਾਹ ਇਹ ਦਿਤੀ ਕਿ ਅਸੀਂ ਗੁਡ ਐਟਮਾਸਫੀਅਰ ਪੈਦਾ ਕਰਨਾ ਹੈ । ਮੈਂ ਸਮਝਦਾ ਹਾਂ ਕਿ ਇਹ ਗੱਲ ਝੂਠ ਹੈ । ਇਨ੍ਹਾਂ ਨੂੰ ਪਤਾ ਸੀ ਕਿ ਉਸ ਨੇ ਕੇਸ ਦੇ ਵਿਚ ਬਰੀ ਹੋ ਜਾਣਾ ਹੈ । ਏਸੇ ਤਰ੍ਹਾਂ ਇਨ੍ਹਾਂ ਨੇ ਸਰਦਾਰ ਮੋਹਣ ਸਿੰਘ ਤੁੜ ਅਤੇ ਸਰਦਾਰ ਹਜ਼ਾਰਾ ਸਿੰਘ ਗਿਲ ਦੇ ਕੇਸ ਵਾਪਿਸ ਲਏ । ਮੈਂ ਦੇਖਿਆ ਹੈ ਅਤੇ ਸਾਰੇ ਇਸ ਗੱਲ ਨੂੰ ਚੰਗੀ ਤਰ੍ਹਾਂ ਨਾਲ ਜਾਣਦੇ ਹਨ ਕਿ ਜਿਹੜਾ ਕੇਸ ਪੰਜਾਬ ਦੇ ਵਿਚ ਰਹੇ ਉਸ ਦੇ ਵਿਚ ਇਹ ਜ਼ਰੂਰ ਸਜ਼ਾ ਕਰਵਾ ਦਿੰਦੇ ਹਨ ਕਿਉਂਕਿ ਮੈਜਿਸਟਰੇਟ ਇਨ੍ਹਾਂ ਦੇ ਮਾਤਹਿਤ ਹਨ । ਚੇਅਰਮੈਨ ਸਾਹਿਬ, ਚੀਫ਼ ਜਸਟਿਸ ਆਫ ਇੰਡੀਆ ਨੇ ਕੇਸਿਜ਼ ਨੂੰ ਟਰਾਂਸਫਰ ਕਰਨ ਲਗਿਆਂ ਇਹ ਰੀਜ਼ਨ ਦਿਤੀ ਕਿ ਕਿਉਂਕਿ ਪੰਜਾਬ ਦੇ ਵਿਚ ਮੈਜਿਸਟਰੇਟ ਐਗਜ਼ੈਕਟਿਵ ਦੇ ਮਾਤਹਿਤ ਹਨ ਇਸ ਕਰ ਕੇ ਅਸੀਂ ਸਟੇਟ ਤੋਂ ਬਾਹਿਰ ਕੇਸ ਟਰਾਂਸਫਰ ਕਰਦੇ ਹਾਂ ।

Mr. Chairman : Sardar Gurnam Singh, you have already taken 20 minutes. Please try to wind up within five minutes.

Sardar Gurnam Singh : All right. I will do my best, Sir. ਮੈਂ ਇਹ ਕਹਿ ਰਿਹਾ ਸੀ ਕਿ ਇਸ ਕਿਸਮ ਦੇ ਹਾਲਾਤ ਪੈਦਾ ਹੋ ਗਏ ਹਨ ਕਿ ਇਸ ਤੋਂ ਵਧ ਹੋਰ ਕਿਸੇ ਨੂੰ ਪੁਲਸ ਸਟੇਟ ਨਹੀਂ ਕਿਹਾ ਜਾ ਸਕਦਾ । ਮੈਨੂੰ ਬੜਾ ਅਫਸੋਸ ਹੋਇਆ ਕਿ ਡਾਕਟਰ ਸਾਹਿਬ ਨੂੰ, ਜਿਨ੍ਹਾਂ ਦੀ ਮੈਂ ਬੜੀ ਇੱਜ਼ਤ ਕਰਦਾ ਹਾਂ, ਇਥੇ ਭੈੜੇ ਹਾਲਾਤ ਪੈਦਾ ਹੋ ਜਾਣ ਕਰ ਕੇ ਉਠ ਕੇ ਇਹ ਕਹਿਣਾ ਪਿਆ ਕਿ ਉਹ ਮਰਨ ਵਰਤ ਰਖਣਗੇ । ਮੈਂ ਡਾਕਟਰ ਸਾਹਿਬ ਨੂੰ ਕਹਿੰਦਾ ਹਾਂ ਕਿ ਤੁਸੀਂ ਮਰਨ ਵਰਤ ਨਾ ਰਖੋ ਬਲਕਿ ਉਨ੍ਹਾਂ ਹਾਲਾਤ ਵਿਚ ਤੇ ਉਨ੍ਹਾਂ ਕਾਜ਼ਿਜ਼ ਵਿਚ ਜਾਣ ਦੀ ਤੇ ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੋ ਜਿਨ੍ਹਾਂ ਕਰ ਕੇ ਉਨ੍ਹਾਂ ਨੂੰ ਮਰਨ ਵਰਤ ਰਖਣ ਦਾ ਐਲਾਨ ਕਰਨ ਦੀ ਲੋੜ ਪਈ ਹੈ। ਉਨ੍ਹਾਂ ਨੂੰ ਹਾਊਸ ਵਿਚ ਗੜ-ਬੜ ਹੋਣ ਕਰਕੇ ਮਰਨ ਵਰਤ ਰਖਣ ਦੀ ਲੋੜ ਪਈ। ਅਤੇ ਹਾਊਸ ਵਿਚ ਗੜ-ਬੜ ਇਸ ਕਰਕੇ ਹੈ ਕਿ ਇਹ ਸਾਫ ਗਲ ਹੈ ਕਿ ਮਨਿਸਟਰ ਸਾਹਿਬਾਨ ਮੈਂਬਰ ਸਾਹਿਬਾਨ ਨੂੰ ਸਿਧੇ ਤਰੀਕੇ ਨਾਲ ਇਨਫਰਮੇਸ਼ਨ ਦੇਣ ਲਈ ਤਿਆਰ ਨਹੀਂ ਹਨ ਅਤੇ ਇਸੇ ਕਰਕੇ ਇਥੇ ਰੌਲਾ ਗੌਲਾ ਪੈਂਦਾ ਹੈ । ਡਾਕਟਰ ਸਾਹਿਬ ਨੂੰ ਖੁਦ ਇਸ ਗਲ ਦਾ ਪਤਾ ਹੈ ਕਿ ਉਨ੍ਹਾਂ ਨੂੰ ਰਿਵਾੜੀ ਵਿਚ ਇਨ੍ਹਾਂ ਦੀ ਜਮਾਤ ਦੇ ਦੋਸਤਾਂ ਨੇ ਸਟੇਜ ਤੋਂ ਥਲੇ ਲਾਹ ਲਿਆ ਸੀ ਅਤੇ ਬੋਲਣ ਨਹੀਂ ਦਿਤਾ ਸੀ ਅਤੇ ਉਨ੍ਹਾਂ ਤੇ ਹਮਲਾ ਕੀਤਾ ਸੀ । ਮੈਂ ਉਨ੍ਹਾਂ ਨੂੰ ਕਹਾਂਗਾ ਕਿ ਉਹ ਆਪਣੀ ਪਾਰਟੀ ਦਾ ਸਰਚਿੰਗ ਅਗਜ਼ਾਮੀਨੇਸ਼ਨ ਕਰਨ ਕਿ ਇਹ ਕੀ ਕਰ ਰਹੇ ਹਨ ਅਤੇ ਜੋ ਇਹ ਕਰ ਰਹੇ ਹਨ ਉਸ ਨੂੰ ਦਰੁਸਤ ਕਰਨ ਦੀ ਕੋਸ਼ਿਸ਼ ਕਰਨ ਅਤੇ ਜੇਕਰ ਇਹ ਉਨ੍ਹਾਂ ਦੀ ਗੱਲ ਨਹੀਂ ਮੰਨਦੇ ਤਾਂ ਉਹ ਬੇਸ਼ਕ ਮਰਨ ਵਰਤ ਰਖਣ । ਗੋ ਮੈਂ ਵਰਤ ਰਖਣ ਦੇ ਹਕ ਵਿਚ ਨਹੀਂ ਲੇਕਿਨ ਚੂੰਕਿ ਇਸ ਚੀਜ਼ ਦੇ ਉਹ ਹਾਮੀ ਹਨ ਇਸ ਲਈ ਉਹ ਰਖ ਲੈਣ ਜੇਕਰ ਇਹ ਉਨ੍ਹਾਂ ਦੀ ਸਲਾਹ ਨਹੀਂ ਮੰਨਦੇ । ਖੈਰ, ਮੈਂ ਇਸ ਚੀਜ਼ ਨੂੰ ਇਥੇ ਹੀ ਖਤਮ ਕਰਦਾ ਹਾਂ ।

ਫੇਰ ਇਥੇ ਸਪੀਕਰ ਸਾਹਿਬ ਦਾ ਮਾਮਲਾ ਚਲਿਆ ਜਿਸਦੇ ਮੈਰਿਟਸ ਵਿਚ ਮੈਂ ਇਸ ਵਕਤ ਨਹੀਂ ਜਾਣਾ ਚਾਹੁੰਦਾ । ਇਥੇ ਇਸ ਜਮਾਤ ਨੇ ਚਾਰ ਦਿਨ ਰਾਤ ਦਿਨ ਹੋਸਟਲ ਦੇ ਅੰਦਰ ਬਾਹਰ ਮੈਂਬਰਾਂ ਤੇ ਦਬਾਉ ਪਾਣ ਦੀ ਕੋਸ਼ਸ਼ ਕੀਤੀ ਅਤੇ ਸਪੀਕਰ ਦੇ ਖਿਲਾਫ ਨੋ ਕਨਫੀਡੈਂਸ ਮੋਸ਼ਨ ਲਿਆਣ ਲਈ ਦਸਖਤ ਕਰਾਣ ਦੀ ਕੋਸ਼ਸ਼ ਕੀਤੀ, ਜੋ ਮੈਂਬਰ ਇਥੇ ਖੜ੍ਹੇ ਨਹੀਂ ਹੁੰਦੇ ਸਨ ਉਨ੍ਹਾਂ ਨੂੰ ਡਰਾ ਕਰ ਕੇ ਖੜ੍ਹਾ ਕੀਤਾ ਗਿਆ । ਇਥੇ ਇਕ ਸੋਚੀ ਸਮਝੀ ਸਕੀਮ ਦੇ ਤਹਤ ਸ਼ੋਰ

ਸ਼ਰਾਬਾ ਪਵਾਇਆ ਗਿਆ ਤਾਕਿ ਬਾਹਰ ਦਸਿਆ ਜਾਵੇ ਕਿ ਸਪੀਕਰ ਹਾਊਸ ਨੂੰ ਕੰਟਰੋਲ ਨਹੀਂ ਕਰ ਸਕਦਾ । ਜੇਕਰ ਕੁਝ ਮੈਂਬਰ ਇਹ ਮਨ ਬਣਾ ਲੈਣ ਕਿ ਸਪੀਕਰ ਨੂੰ ਨਹੀਂ ਚਲਣ ਦੇਣਾ ਤਾਂ ਸਪੀਕਰ ਕੀ ਕਰ ਸਕਦਾ ਹੈ । ਖੈਰ ਮੈਂ ਇਸ ਸਾਰੀ ਗੱਲ ਵਿਚ ਇਸ ਵਕਤ ਨਹੀਂ ਜਾਣਾ ਚਾਹੁੰਦਾ ਅਤੇ ਮੈਂ ਇਸ ਬਾਰੇ ਉਸ ਵਕਤ ਗੱਲ ਕਰਾਂਗਾ ਜਦੋਂ ਉਹ ਮੋਸ਼ਨ ਇਥੇ ਆਵੇਗੀ । ਲੇਕਿਨ ਮੈਂ ਇਹ ਜ਼ਰੂਰ ਕਹਿ ਦੇਣਾ ਚਾਹੁੰਦਾ ਹਾਂ ਕਿ ਟਰੈਜ਼ਰੀ ਬੈਂਚਾਂ ਵਲੋਂ ਇਹ ਇਕ ਕਨਸੀਪਿਰੇਸੀ ਸੀ ਕਿ ਸਪੀਕਰ ਦੇ ਹੁਕਮ ਨੂੰ ਡਿਫਾਈ ਕਰੋ ਅਤੇ ਇਹ ਸ਼ੁਰੂ ਸੈਸ਼ਨ ਤੋਂ ਚਲ ਰਹੀ ਹੈ ।

ਚੇਅਰਮੈਨ ਸਾਹਿਬ, ਮੈਂ ਤੁਹਾਡੇ ਸਾਹਮਣੇ ਇਕ ਨਮੂਨਾ ਇਸ ਐਡਰੈਸ ਦਾ ਵੀ ਪੇਸ਼ ਕਰਨਾ ਚਾਹੁੰਦਾ ਹਾਂ ਜਿਸ ਲਈ ਸਾਨੂੰ ਕਹਿੰਦੇ ਹਨ ਕਿ ਸ਼ੁਕਰੀਆ ਅਦਾ ਕਰੋ । (ਘੰਟੀ) ਬਸ ਮੈਂ ਛੇਤੀ ਹੀ ਖਤਮ ਕਰ ਦੇਵਾਂਗਾ । ਇਸ ਕਾਪੀ ਦੇ ਪਹਿਲੇ ਸਫੇ ਤੇ ਹੀ ਐਮਰਜੈਂਸੀ ਦਾ ਜ਼ਿਕਰ ਕੀਤਾ ਗਿਆ ਹੈ । ਇਸ ਐਮਰਜੈਂਸੀ ਨੂੰ ਚਲਦੇ ਹੋਏ ਦੋ ਸਾਲ ਹੋ ਗਏ ਹਨ ਅਤੇ ਇਹ ਉਸ ਵਕਤ ਤੋਂ ਹੈ ਜਦੋਂ ਚੀਨ ਨੇ ਹਮਲਾ ਕੀਤਾ ਸੀ ਜੋ ਅਜ ਤਕ ਜਾਰੀ ਹੈ ਕਿਉਂ ਜੋ ਅਸੀਂ ਉਨ੍ਹਾਂ ਨੂੰ ਅਜੇ ਤਕ ਬਾਹਰ ਨਹੀਂ ਕਢ ਸਕੇ । ਮੈਂ ਇਨ੍ਹਾਂ ਤੋਂ ਪੁਛਦਾ ਹਾਂ ਕਿ ਕੀ ਅਸੀਂ ਚੀਨ ਨੂੰ ਆਪਣੇ ਇਲਾਕੇ ਤੋਂ ਬਾਹਰ ਕਢਣ ਲਈ ਫੌਜਾਂ ਭੇਜ ਦਿਤੀਆਂ ਹਨ, ਕੀ ਅਸੀਂ ਉਨ੍ਹਾਂ ਕੋਲੋਂ 20 ਹਜ਼ਾਰ ਕਿਲੋ ਮੀਟਰ ਰਕਬਾ ਖਾਲੀ ਕਰਵਾ ਲਿਆ ਹੈ ਅਤੇ ਅਸੀਂ ਕੀ ਐਕਟਿਵ ਸਟੈਪਸ ਉਨ੍ਹਾਂ ਨੂੰ ਬਾਹਰ ਕਢਣ ਲਈ ਲੈ ਰਹੇ ਹਾਂ ? ਜੇਕਰ ਐਸੀ ਕੋਈ ਗੱਲ ਨਹੀਂ ਹੈ ਤਾਂ ਫਿਰ ਇਸ ਐਮਰਜੈਂਸੀ ਦੀ ਬਹਾਨਾ-ਸਾਜ਼ੀ ਕਿਸ ਲਈ ਹੈ ? ਇਸ ਲਈ ਇਸ ਨੂੰ ਜਾਰੀ ਰਖਿਆ ਹੋਇਆ ਹੈ ਕਿ ਇਸ ਹਥਿਆਰ ਨਾਲ ਅਪਣੇ ਮੁਖਾਲਫਾਂ ਨੂੰ ਕੁਚਲਨਾ ਹੈ ? ਪਰੈਜ਼ੀਡੈਂਟ ਸਾਹਿਬ ਤਾਂ ਇਕ ਮਿੰਟ ਵਿਚ ਜੇ ਆਫਤ ਆ ਜਾਵੇ ਐਮਰਜੈਂਸੀ ਡਿਕਲੇਅਰ ਕਰ ਸਕਦੇ ਹਨ । ਇਸ ਲਈ ਇਸ ਐਮਰਜੈਂਸੀ ਨੂੰ ਕਾਇਮ ਰਖਣ ਦਾ ਹੋਰ ਕੋਈ ਮਤਲਬ ਨਹੀਂ ਕਿ ਇਸ ਨੂੰ ਅਪਣੇ ਮੁਖਾਲਫਾਂ ਦੇ ਖਿਲਾਫ ਬਤੌਰ ਹਥਿਆਰ ਵਰਤਿਆ ਜਾਏ ਅਤੇ ਵਰਤਿਆ ਵੀ ਜਾ ਰਿਹਾ ਹੈ । ਇਸ ਐਮਰਜੈਂਸੀ ਦੇ ਤਹਿਤ ਇਨ੍ਹਾਂ ਨੇ ਡਿਫੈਂਸ ਕਮੇਟੀ ਬਣਾਈ, ਸਿਟੀਜ਼ਨ ਕੌਂਸਲ ਬਣਾਈ ਅਤੇ ਲੈਜਿਸਲੇਟਰਜ਼ ਡਿਫੈਂਸ ਕਨਸਲਟੇਟਿਵ ਕਮੇਟੀ ਬਣਾਈ । ਡਿਫੈਂਸ ਕਮੇਟੀ ਵਿਚ ਇਨ੍ਹਾਂ ਨੇ ਇਹ ਮੁਨਾਸਿਬ ਨਹੀਂ ਸਮਝਿਆ ਕਿ ਅਪੋਜ਼ੀਸ਼ਨ ਦੇ ਲੀਡਰ ਸ਼ਾਮਲ ਕੀਤੇ ਜਾਣ ਜਿਸਦਾ ਮਤਲਬ ਹੈ ਕਿ ਰੂਲਿੰਗ ਪਾਰਟੀ ਹੀ ਮੁਲਕ ਦੀ ਡਿਫੈਂਸ ਕਰਨਾ ਚਾਹੁੰਦੀ ਸੀ ਅਤੇ ਅਪੋਜ਼ੀਸ਼ਨ ਲਈ ਇਹ ਕੰਮ ਜ਼ਰੂਰੀ ਨਹੀਂ ਸਮਝਦੀ ਸੀ । ਸਿਟੀਜ਼ਨ ਕੌਂਸਲ ਵਿਚ ਬੜੀ ਜਦੋਜਹਦ ਤੋਂ ਬਾਅਦ ਕੁਝ ਆਦਮੀ ਅਪੋਜ਼ੀਸ਼ਨ ਦੇ ਲਏ ਗਏ । ਜਿਹੜੀ ਤੀਜੀ ਕਮੇਟੀ ਦਾ ਮੈਂ ਜ਼ਿਕਰ ਕੀਤਾ ਹੈ ਉਸ ਨੇ ਕੋਈ ਕੰਮ ਨਹੀਂ ਕੀਤਾ ਲੇਕਿਨ ਉਸਦੀ ਬਹੁਤ ਤਾਰੀਫ ਕੀਤੀ ਗਈ ਹੈ; ਸਿਵਾਏ ਇਸਦੇ ਕਿ ਉਸਦੇ ਇਕ ਲੀਡਰ ਨੇ ਪਰਾਇਮਰੀ ਜਮਾਤ ਦੇ ਬਚਿਆਂ ਦੀ ਤਰ੍ਹਾਂ ਉਨ੍ਹਾਂ ਨੂੰ ਕੁਝ ਲੈਕਚਰ ਦਿਤੇ ਹਨ, ਹੋਰ ਕੁਝ ਨਹੀਂ ਕੀਤਾ ਹੈ ।

ਬਾਕੀ ਰਹੀ ਡਿਫੈਂਸ ਫੰਡ ਦੀ ਗੱਲ । ਉਸ ਬਾਰੇ ਵੀ ਅਰਜ਼ ਹੈ ਕਿ 5 ਕਰੋੜ ਕੁਝ ਲਖ ਵਿਚੋਂ 4 ਕਰੋੜ ਤੋਂ ਉਪਰ ਰੁਪਿਆ ਤਾਂ ਇਨ੍ਹਾਂ ਨੇ ਮੁਖਤਲਿਫ ਲੋਕਲ ਬਾਡੀਜ਼ ਤੋਂ ਜੋ ਉਨ੍ਹਾਂ ਨੂੰ ਤਰੱਕੀ ਦੀਆਂ ਸਕੀਮਾਂ ਲਈ ਦਿਤਾ ਸੀ, ਵਾਪਸ ਬੁਕ ਟਰਾਂਸਫਰ ਕਰ ਕੇ ਲੈ ਲਿਆ ਹੈ ਅਤੇ ਇਸ ਫੰਡ ਵਿਚ ਸ਼ੋ ਕਰ ਦਿਤਾ ਹੈ । ਸੋਨੇ ਦਾ ਤਾਂ ਝਗੜਾ ਹੀ ਖਤਮ ਹੋ ਗਿਆ ਹੈ ਕਿਉਂਕਿ ਖਦ ਚੀਫ ਮਨਿਸਟਰ ਸਾਹਿਬ ਨੇ ਅਪਣੇ ਹਲਫੀਆ ਬਿਆਨ ਵਿਚ ਕਹਿ ਦਿਤਾ ਹੈ ਕਿ 144 ਪੌਂਡ ਸੋਨੇ ਵਿਚੋਂ ਜਿਸ ਨਾਲ ਕਿ ਉਨ੍ਹਾਂ ਨੇ ਪਰਾਈਮ ਮਨਿਸਟਰ ਸਾਹਿਬ ਨੂੰ ਤੋਲਿਆ ਹੈ, 140 ਪੌਂਡ ਸੋਨਾ ਤਾਂ ਉਨ੍ਹਾਂ ਨੇ ਟਰੈਜ਼ਰੀਜ਼ ਵਿਚੋਂ ਲਿਆ ਹੈ । ਮੈਂ ਪੁਛਦਾ ਹਾਂ ਕਿ ਜੋ ਤੁਸੀਂ ਕਹਿੰਦੇ ਹ ਕਿ ਜਨਤਾ ਤੋਂ ਇਕੱਠਾ ਕੀਤਾ ਉਹ ਕਿਥੇ ਗਿਆ ਹੈ ? ਉਸਦੇ ਨਾਲ ਹੀ ਤੋਲ ਲੈਂਦੇ ਜੋ ਲੋਕਾਂ ਤੋਂ ਲਿਆ ਸੀ (ਘੰਟੀ)।

[ਸਰਦਾਰ ਗੁਰਨਾਮ ਸਿੰਘ]

ਮੈਂ ਉਸ ਐਡਰੈਸ ਦਾ ਨਮੂਨਾ ਪੇਸ਼ ਕਰ ਰਿਹਾ ਹਾਂ ਜਿਸ ਲਈ ਸਾਨੂੰ ਕਹਿੰਦੇ ਹਨ ਕਿ ਸ਼ੁਕਰੀਆ ਅਦਾ ਕਰੋ । ਫਿਰ ਹੋਮ ਗਾਰਡਜ਼ ਦੀ ਗੱਲ ਲੈ ਲਓ । ਹੋਮ ਗਾਰਡਜ਼ ਤਾਂ ਐਕਟ ਦੇ ਤਹਿਤ ਸਨ ਲੇਕਿਨ ਇਨ੍ਹਾਂ ਨੇ ਇਕ ਹੋਰ ਰਕਸ਼ਾ ਦਲ ਬਣਾ ਲਿਆ । ਕੋਈ ਉਸ ਨੂੰ ਰਕਸ਼ਾ ਦਲ ਕਹਿੰਦਾ ਹੈ, ਕੋਈ ਰਿਕਸ਼ਾ ਦਲ ਕਹਿੰਦਾ ਹੈ, ਅਸਲੀ ਨਾਮ ਦਾ ਪਤਾ ਨਹੀਂ ਕੀ ਹੈ (ਹਾਸਾ)। ਅਸੀਂ ਇਹ ਕਹਿੰਦੇ ਰਹੇ ਕਿ ਇਹ ਚੀਜ਼ ਗੈਰ ਕਾਨੂੰਨੀ ਹੈ ਅਤੇ ਇਹ ਇਕ ਪਰਾਈਵੇਟ ਆਰਮੀ ਹੈ ਕਿਉਂ ਜੋ ਇਹ ਲੀਗਲ ਨਹੀਂ ਹੈ । ਇਹ ਗਲ ਅਸੀਂ ਹੀ ਨਹੀਂ ਕਹੀ, ਮੈਨੂੰ ਪਤਾ ਹੈ ਕਿ ਇਨ੍ਹਾਂ ਦੇ ਲੀਗਲ ਐਡਵਾਈਜ਼ਰਜ਼ ਨੇ ਵੀ ਕਹੀ ਤੇ ਰਾਏ ਦਿਤੀ ਕਿ ਇਹ ਲੀਗਲ ਨਹੀਂ ਲੇਕਿਨ ਇਨ੍ਹਾਂ ਨੇ ਲੋਕਾਂ ਦੀਆਂ ਅਖਾਂ ਵਿਚ ਧੂੜ ਪਾਉਣ ਲਈ ਕਿਹਾ ਕਿ ਇਹ ਹੋਮ ਗਾਰਡਜ਼ ਦਾ ਇਕ ਹਿੱਸਾ ਹੈ । ਮੈਂ ਕਹਿੰਦਾ ਹਾਂ ਕਿ ਹੋਮ ਗਾਰਡਜ਼ ਨਾਮ ਤਾਂ ਇਕ ਐਕਟ ਵਿਚ ਹੈ, ਤੁਸੀਂ ਦੂਜਾ ਨਾਮ ਕਿਸ ਤਰ੍ਹਾਂ ਰਖ ਸਕਦੇ ਹੋ ਅਤੇ ਕਿਸ ਤਰ੍ਹਾਂ ਦੋ ਜੁਦਾ ਜੁਦਾ ਨਾਮ ਚਲਾ ਸਕਦੇ ਹੋ ? ਉਨ੍ਹਾਂ ਦੀ ਵਰਦੀ ਹੋਰ, ਸਰਵਿਸ ਕੰਡੀਸ਼ਨਜ਼ ਜੁਦਾ, ਟੀ. ਏ. ਰੂਲਜ਼ ਜੁਦਾ, ਬਜਟ ਜੁਦਾ, ਕਮਾਂਡਰ ਜੁਦਾ ਅਤੇ ਹਰ ਚੀਜ਼ ਜੁਦਾ ਹੈ ਪਰ ਤੁਸੀਂ ਕਹਿੰਦੇ ਹੋ ਕਿ ਉਹ ਇਸਦਾ ਹੀ ਹਿਸਾ ਹਨ । ਤੁਸੀਂ ਤਾਂ ਪੰਜਾਬ ਦੇ ਲੋਕਾਂ ਦੀਆਂ ਅੱਖਾਂ ਵਿਚ ਧੂੜ ਪਾਉਣ ਲਈ ਇਹ ਇਕ ਜਮਾਤ ਖੜ੍ਹੀ ਕਰ ਲਈ ਹੈ। ਪੈਸਾ ਉਹ ਟੈਕਸ ਪੇਅਰਜ਼ ਦਾ ਲੈਂਦੇ ਹਨ ਅਤੇ ਪਰਾਪੇਗੰਡਾ ਇਨ੍ਹਾਂ ਦਾ ਕਰਦੇ ਹਨ । ਕੀ ਅਸੀਂ ਇਨ੍ਹਾਂ ਦਾ ਸ਼ੁਕਰੀਆ ਇਸ ਲਈ ਅਦਾ ਕਰੀਏ ਕਿ ਟੈਕਸ ਪੇਅਰਜ਼ ਦਾ ਜੋ ਪੇਟ ਕਟ ਕੇ ਇਹ ਟੈਕਸ ਲੈਂਦੇ ਹਨ ਉਹ ਇਸ ਬੁਰਛਾ ਗਰਦੀ ਨੂੰ ਦੇ ਰਹੇ ਹਨ ਅਤੇ ਲੋਕਾਂ ਨੂੰ ਭੁੱਖਾ ਮਾਰ ਰਹੇ ਹਨ । ਲਾ ਐਂਡ ਆਰਡਰ ਦੀ ਪੁਜ਼ੀਸ਼ਨ ਵੀ ਬੜੀ ਚੰਗੀ ਦੱਸੀ ਗਈ ਹੈ। ਕਹਿੰਦੇ ਹਨ ਕਿ ਪਿਛਲੇ ਸਾਲ ਜੁਰਮਾਂ ਦੇ 46711 ਕੇਸਿਜ਼ ਹੋਏ ਸਨ ਅਤੇ ਇਸ ਸਾਲ 5 ਹਜ਼ਾਰ ਕੇਸ ਵਧ ਗਏ ਹਨ । ਇਨ੍ਹਾਂ ਵਧੇ ਹੋਇਆਂ ਦੀ ਐਕਸਪਲਾਨੇਸ਼ਨ ਇਹ ਦਿਤੀ ਹੈ ਕਿ ਐਕਸਾਈਜ਼ ਦੇ ਕੇਸ ਬਹੁਤ ਪਕੜੇ ਹਨ । ਇਸ ਦਾ ਮਤਲਬ ਇਹ ਲਈਏ ਕਿ ਇਸ ਵਕਤ ਤਕ ਇਨ੍ਹਾਂ ਨੇ ਅਗੇ ਕੇਸ ਟਰੇਸ ਨਹੀਂ ਕੀਤੇ ਅਤੇ ਇਨ੍ਹਾਂ ਨੇ ਇਸ ਸਾਲ ਯਕਲਖਤ 5 ਹਜ਼ਾਰ ਕੇਸ ਪਕੜ ਲਏ ਹਨ । ਪਹਿਲਾਂ ਇਹ ਕੀ ਕਰਦੇ ਰਹੇ ਹਨ ? ਕੀ ਪਹਿਲਾਂ ਇਨ੍ਹਾਂ ਦੀ ਪਾਲਿਸੀ ਨਾਜਾਇਜ਼ ਸ਼ਰਾਬ ਨੂੰ ਐਨਕਰੇਜ ਕਰਨ ਦੀ ਸੀ ? ਮੈਂ ਅਰਜ਼ ਕਰਦਾ ਹਾਂ ਕਿ ਜਿਤਨਾ ਅਰਸਾ ਤਾਕਤਵਰ ਆਦਮੀਆਂ ਦੇ ਹਥ ਵਿਚ ਇਹ ਸ਼ਰਾਬ ਹੈ ਉਤਨਾ ਅਰਸਾ ਇਸ ਸ਼ਰਾਬ ਦਾ ਹਲ ਨਹੀਂ ਨਿਕਲ ਸਕਦਾ । ਸ਼ਰਾਬ ਨਿਕਲਦੀ ਹੈ, ਮਿਕਸ ਹੁੰਦੀ ਹੈ ਅਤੇ ਬਾਹਰੋਂ ਆ ਕੇ ਵਿਕਦੀ ਹੈ । ਮਿੱਤਲ ਸਾਹਿਬ ਜੋ ਮਰਜ਼ੀ ਕਰ ਲੈਣ ਇਹ ਸ਼ਰਾਬ ਬੰਦ ਨਹੀਂ ਹੋ ਸਕਦੀ ਕਿਉਂਕਿ ਇਸ ਵਿਚ ਵੱਡੇ ਵੱਡੇ ਆਦਮੀਆਂ ਦਾ ਹੱਥ ਹੈ ਜਿਨ੍ਹਾਂ ਦੇ ਖਿਲਾਫ ਉਹ ਕੁਝ ਕਰ ਨਹੀਂ ਸਕਦੇ ।

Mr. Chairman : Please wind up now.

ਸਰਦਾਰ ਗੁਰਨਾਮ ਸਿੰਘ : ਫਿਰ ਇਹ ਕਹਿੰਦੇ ਹਨ ਕਿ ਇਨ੍ਹਾਂ ਦੇ ਵਿਜੀਲੈਂਸ ਦੇ ਮਹਿਕਮੇ ਨੇ ਬੜਾ ਕੰਮ ਕੀਤਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਇਸ ਮਹਿਕਮੇ ਦਾ ਕੰਮ ਸਿਰਫ ਇਹ ਹੈ ਕਿ ਭਲੇਮਾਣਸ ਅਫਸਰਾਂ ਨੂੰ ਧਮਕਾਣਾ ਅਤੇ ਖਰਾਬ ਤੇ ਨਿਕੰਮੇ ਅਫਸਰਾਂ ਦੀ ਮਦਦ ਕਰਨਾ । (ਘੰਟੀ)

ਚਲੋ, ਹੁਣ ਮੈਂ ਸਕਿਪ ਓਵਰ ਹੀ ਕਰਦਾ ਹਾਂ । ਐਗਰੀਕਲਚਰ ਬਾਰੇ ਤਾਂ ਮੈਂ ਸਿਰਫ ਇਕ ਰਿਪੋਰਟ ਹੀ ਪੜ੍ਹ ਦਿੰਦਾ ਹਾਂ ਜੋ ਪਲੈਨਿੰਗ ਕਮੀਸ਼ਨ ਦੇ ਐਡਵਾਈਜ਼ਰ ਮਿਸਟਰ ਐਮ. ਐਸ.

ਸਿਵਾਰਾਮਾ ਦੀ ਹੈ :

Mr. M. S. Sivaraman, Adviser to the Planning Commission in his report expressed his dissatisfaction at the unsatisfactory progress made by Punjab in the year 1963-64. He has also challenged some of the statements received from the working group of the State Government. He is unhappy over the past achievements of the State as he is sceptical of the new schemes submitted to the Planning Commission. He particularly questions claim on progress in food production. The decrease of 7.5 lakh tons below the expected level of production is disquieting. He also finds a considerable deterioration in production of long staple, which comes under the package programme.

ਮੈਂ ਪਹਿਲਾਂ ਵੀ ਇਥੇ ਕਿਹਾ ਸੀ ਕਿ 3 ਕਿਸਮ ਦੇ ਝੂਠ ਹੁੰਦੇ ਹਨ ਅਤੇ ਉਹ ਮੈਂ ਫਿਰ ਰੀਪੀਟ ਕਰ ਦਿੰਦਾ ਹਾਂ :

There are three types of lies—Lies, damned lies and Statistics.

ਚੇਅਰਮੈਨ ਸਾਹਿਬ, ਜਿਹੜੇ ਇਸ ਕੰਮ ਵਿਚ ਮਾਹਿਰ ਹਨ ਉਨ੍ਹਾਂ ਦੀ ਕੋਈ ਸਲਾਹ ਨਹੀਂ ਲਈ ਜਾਂਦੀ ਅਤੇ ਆਪਣੀ ਮਰਜ਼ੀ ਕਰਦੇ ਹਨ । ਜਦੋਂ ਇਹ ਮਾਮਲਾ ਪਲੈਨਿੰਗ ਕਮੀਸ਼ਨ ਦੇ ਐਕਸਪਰਟਸ ਕੋਲ ਗਿਆ ਤਾਂ ਉਨ੍ਹਾਂ ਨੇ ਜੋ ਕੁਝ ਰਿਪੋਰਟ ਦਿਤੀ ਹੈ ਉਹ ਮੈਂ ਹਾਊਸ ਦੇ ਸਾਹਮਣੇ ਪੜ੍ਹ ਕੇ ਸੁਣਾ ਦਿਤੀ ਹੈ । ਮੈਂ ਆਪਣੇ ਵਲੋਂ ਕੁਝ ਨਹੀਂ ਦਸ ਰਿਹਾ ।

ਚੇਅਰਮੈਨ ਸਾਹਿਬ, ਮੇਰੇ ਇਕ ਮਾਨਯੋਗ ਮੈਂਬਰ ਕੈਪਟਨ ਰਤਨ ਸਿੰਘ ਨੇ ਹਾਊਸ ਵਿਚ ਆਪਣੇ ਭਾਸ਼ਨ ਵਿਚ ਕਿਹਾ ਹੈ ਕਿ ਤੁਸੀਂ ਕਮਲੇ ਕਿਉਂ ਹੁੰਦੇ ਹੋ । ਅਗਰ ਕਣਕ ਨਹੀਂ ਹੁੰਦੀ ਤਾਂ ਅੰਗੂਰ ਹੀ ਉਗਾਉ । ਸਾਡੇ ਮੁਲਕ ਵਿਚ ਕਣਕ ਦੀ ਬਹੁਤ ਪ੍ਰੋਡਕਸ਼ਨ ਹੁੰਦੀ ਸੀ । ਪਰ ਪਤਾ ਨਹੀਂ ਕਿ ਹੁਣ ਕੀ ਹੋ ਗਿਆ ਹੈ ਥੁੜ ਕਿਸ ਤਰ੍ਹਾਂ ਆਈ ਹੈ । ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਦੀ ਗਲਤ ਨੀਤੀ ਦੇ ਕਾਰਨ ਹੀ ਸਾਡੇ ਮੁਲਕ ਵਿਚ ਕਹਿਤ ਪੈ ਰਿਹਾ ਹੈ । ਸਾਡੇ ਦੇਸ਼ ਨੂੰ ਬਾਹਰਲੇ ਮੁਲਕਾਂ, ਅਮਰੀਕਾ ਅਤੇ ਆਸਟਰੇਲੀਆ ਤੋਂ ਲੋਕਾਂ ਲਈ ਕਣਕ ਮੰਗਵਾਉਣੀ ਪਈ ਹੈ । ਕਿੰਨੀ ਸ਼ਰਮਨਾਕ ਗਲ ਹੈ ਕਿ ਸਾਨੂੰ ਹੁਣ ਖਾਣ ਲਈ ਕਣਕ ਨਹੀਂ ਮਿਲ ਰਹੀ ਅਤੇ ਦੂਜਿਆਂ ਦੇਸ਼ਾਂ ਦਾ ਮੂੰਹ ਤਕਦੇ ਹਾਂ । (ਵਿਘਨ)

ਮੈਂ ਅਰਜ਼ ਕਰ ਰਿਹਾ ਸੀ ਕਿ ਸਾਡੇ ਆਨਰੇਬਲ ਮੈਂਬਰ ਨੇ ਕਿਹਾ ਹੈ ਕਿ ਦੇਸ਼ ਵਿਚ ਅੰਗੂਰ ਉਗਾਉ । ਸਾਡੀ ਸਰਕਾਰ ਨੇ ਕੈਨੇਡਾ ਕੋਲੋਂ ਅੰਗੂਰ ਦੀਆਂ ਇਕ ਲੱਖ ਕਟਿੰਗਜ਼ ਮੰਗਾਈਆਂ ਹਨ । ਇਸ ਦਾ ਕੀ ਕਾਰਨ ਹੈ ? ਕੀ ਕਟਿੰਗ ਮੰਗਾਉਣ ਤੋਂ ਪਹਿਲਾਂ ਪੰਜਾਬ ਦੇ ਕਿਸੇ ਥਾਂ ਤੇ ਐਕਸਪੈਰੀਮੈਂਟ ਕੀਤਾ ਸੀ? ਜਿਥੋਂ ਤਕ ਮੈਨੂੰ ਪਤਾ ਹੈ ਸਾਡੀ ਸਰਕਾਰ ਨੇ ਕਟਿੰਗਜ਼ ਮੰਗਾਉਣ ਤੋਂ ਪਹਿਲਾਂ ਕਿਤੇ ਵੀ ਐਕਸ-ਪੈਰੀਮੈਂਟ ਨਹੀਂ ਕੀਤਾ । ਅਗਰ ਐਕਸਪੈਰੀਮੈਂਟ ਨਹੀਂ ਕੀਤਾ ਤਾਂ ਇਨ੍ਹਾਂ ਨੂੰ ਕਿਸ ਤਰ੍ਹਾਂ ਪਤਾ ਲੱਗਿਆ ਹੈ ਕਿ ਇਥੇ ਅਤੇ ਕੈਨੇਡਾ ਦਾ ਵਾਯੂ ਮੰਡਲ ਇਕੋ ਜਿਹਾ ਹੈ । ਮੈਂ ਇਸ ਬਾਰੇ ਇਕ ਮਿਸਾਲ ਹਾਊਸ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ । ਕਿਸੇ ਦੇਸ਼ ਵਿਚ ਕਹਿਤ ਪੈ ਗਿਆ । ਉਥੇ ਰੋਟੀ ਦਾ ਕਾਲ ਪੈ ਗਿਆ । ਲੋਕਾਂ ਨੇ ਹਾਹਾਕਾਰ ਮਚਾਈ । ਸਰਕਾਰ ਕਹਿਣ ਲੱਗੀ ਕਿ ਤੁਸੀਂ ਰੋਟੀ ਦੀ ਥਾਂ ਤੇ ਕੇਕ ਖਾਉ । ਇਹੋ ਮਿਸਾਲ ਇਥੇ ਢੁਕਦੀ ਹੈ । ਲੋਕ ਰੋਟੀ ਲਈ ਰੋਂਦੇ ਹਨ । ਸਾਡੀ ਸਰਕਾਰ ਤਾਂ ਕਣਕ ਦੀ ਬਜਾਏ ਅੰਗੂਰ ਉਗਾਉਣ ਦੇ ਨਾਅਰੇ ਲੋਕਾਂ ਦੇ ਸਾਹਮਣੇ ਲਾਂਦੀ ਹੈ । ਸਾਡੀ ਸਰਕਾਰ ਜਨਤਾ ਦੀ ਸਿਹਤ ਨਾਲ ਮਜ਼ਾਕ ਕਰ ਰਹੀ ਹੈ ਅਤੇ ਲੋਕ ਭੁਖੇ ਮਰ ਰਹੇ ਹਨ ।

[ਸਰਦਾਰ ਗੁਰਨਾਮ ਸਿੰਘ]

ਸਰਕਾਰ ਲਈ ਇਹ ਬਹੁਤ ਹੀ ਸ਼ਰਮਨਾਕ ਗੱਲ ਹੈ । ਸਾਡਾ ਦੇਸ਼ ਬਹੁਤ ਮੁਸ਼ਕਲਾਂ ਵਿਚੋਂ ਨਿਕਲ ਰਿਹਾ ਹੈ ਪਰ ਸਾਡੀ ਸਰਕਾਰ ਸੁੱਤੀ ਹੋਈ ਹੈ । ਇਕ ਪਾਸੇ ਕੋਰੇ ਦੇ ਨਾਲ ਫਸਲਾਂ ਤਬਾਹ ਹੋ ਗਈਆਂ ਹਨ ਅਤੇ ਦੂਜੇ ਪਾਸੇ ਸਾਡੀ ਸਰਕਾਰ ਸਟੇਟਮੈਂਟਾਂ ਦੇ ਪਿਛੇ ਪਈ ਹੋਈ ਹੈ । ਲੋਕਾਂ ਨੂੰ ਰਿਲੀਫ ਮਿਲਣਾ ਚਾਹੀਦਾ ਹੈ । ਲੋਕ ਤਾਂ ਕਣਕ ਚਾਹੁੰਦੇ ਹਨ । ਉਨ੍ਹਾਂ ਨੂੰ ਤਾਂ ਕਣਕ ਅਤੇ ਆਟਾ ਸਪਲਾਈ ਕੀਤਾ ਜਾਣਾ ਚਾਹੀਦਾ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਦੀਆਂ ਗਲਤ ਨੀਤੀਆਂ ਦੇ ਕਾਰਨ ਕਹਿਤ ਪਿਆ ਹੈ । ਸਰਕਾਰ ਗਲਤ ਕਦਮਾਂ ਨੂੰ ਵਾਪਸ ਨਹੀਂ ਲੈਣਾ ਚਾਹੁੰਦੀ ।

Mr. Chariman : The Leader of the Opposition has taken about 35 minutes. He should please try to wind up.

Chief Minister : Sir, I think, he has taken about forty-five minutes.

Sardar Gurnam Singh : How much time are you going to allow to the Chief Minister ?

Mr. Chariman : The Leader of the House has to reply to the comments made by all the Members.

Sardar Gurnam Singh : Sir, we cannot thank the Governor. We cannot be hustled to thank him for this Address.

Mr. Chairman : I would request the hon. Leader of the Opposition to kindly try to wind up.

ਸਰਦਾਰ ਗੁਰਨਾਮ ਸਿੰਘ : ਸਾਡੀ ਸਰਕਾਰ ਕਹਿੰਦੀ ਹੈ ਕਿ ਇੰਡਸਟਰੀ ਵਿਚ ਬਹੁਤ ਤਰੱਕੀ ਕੀਤੀ ਹੈ । ਥੋੜਾ ਚਿਰ ਹੋਇਆ ਹੈ ਕਿ ਕੋਆਪਰੇਟਿਵ ਦਾ ਮਹਿਕਮਾ ਮੁੱਖ ਮੰਤਰੀ ਸਾਹਿਬ ਨੇ ਆਪਣੇ ਹੱਥਾਂ ਵਿਚ ਲਿਆ ਹੈ । ਉਨ੍ਹਾਂ ਨੇ ਦਰਿਆਫ਼ਤ ਕੀਤਾ ਤਾਂ ਪਤਾ ਲਗਾ ਕਿ 3, 4 ਹਜ਼ਾਰ ਬੋਗਸ ਕੋਆਪੇਰਿਟਵ ਸੋਸਾਇਟੀਜ਼ ਨਿਕਲੀਆਂ ਹਨ । ਕੀ ਇਸ ਵੱਲ ਇਹ ਤਰੱਕੀ ਕੀਤੀ ਹੈ ? ਸਾਡੀ ਸਰਕਾਰ ਏਅਰ ਰਾਈਫਲ ਫੈਕਟਰੀ ਸ਼ੁਰੂ ਕਰ ਰਹੀ ਹੈ । ਇਸ ਕੰਮ ਲਈ ਸੰਬੰਧਤ ਡਇਰੈਕਟਰ ਇੰਡਸਟਰੀਜ਼ ਸਾਹਿਬ 3 ਬਾਰ ਅਮਰੀਕਾ ਗਏ । ਦੂਜੇ ਮੁਲਕ ਦੇ ਲੋਕ ਨਿਊਕਲੀਅਰ ਬੰਬ, ਐਟੋਮਿਕ ਵੈਪਨਜ਼ ਤਿਆਰ ਕਰ ਰਹੇ ਹਨ । ਪਰ ਸਾਡੀ ਸਰਕਾਰ ਏਅਰ ਰਾਈਫਲ ਫੈਕਟਰੀ ਲਗਾ ਰਹੀ ਹੈ । ਕੀ ਏਅਰ ਰਾਈਫਲ ਦੇ ਤਜਰਬੇ ਕਰਕੇ ਚੀਨ ਨੂੰ ਆਪਣੀ ਸਰਹੱਦ ਤੋਂ ਨਿਠਾ ਦੇਣਗੇ ? ਅਗਰ ਲੋਕ ਚੁੱਪ ਬੈਠੇ ਹਨ, ਆਪਣੀ ਆਵਾਜ਼ ਨਹੀਂ ਉਠਾਉਂਦੇ ਤਾਂ ਕੀ ਤੁਸੀਂ ਉਨ੍ਹਾਂ ਦੇ ਨਾਲ ਮਖੌਲ ਹੀ ਕਰਦੇ ਰਹੋਗੇ ? ਮੈਂ ਸਮਝਦਾ ਹਾਂ ਕਿ ਅਸੀਂ ਏਅਰ ਰਾਈਫਲਾਂ ਤਿਆਰ ਕਰਨ ਨਾਲ ਆਪਣੀ ਸਰਹੱਦ ਦੀ ਰੱਖਿਆ ਨਹੀਂ ਕਰ ਸਕਾਂਗੇ । ਸਾਨੂੰ ਭੀ ਆਪਣੇ ਦੇਸ਼ ਦੀ ਰੱਖਿਆ ਲਈ ਨਿਊਕਲੀਅਰ ਬੰਬ ਅਤੇ ਐਟੋਮੈਟਿਕ ਵੈਪਨਜ਼ ਦੀ ਲੋੜ ਹੈ ਤਾਂ ਹੀ ਅਸੀਂ ਚੀਨ ਨੂੰ ਪਹਾੜਾਂ ਤੋਂ ਭਜਾ ਸਕਾਂਗੇ ।

Mr. Chairman : I would request the Leader of the Opposition to please wind up.

Sardar Gurnam Singh : I am winding up please.

ਚੇਅਰਮੈਨ ਸਾਹਿਬ, ਮੈਂ ਸਪੋਰਟਸ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ । ਉਸ ਮਹਿਕਮੇ ਦੇ ਇੰਚਾਰਜ ਅਜਿਹਾ ਕੰਮ ਕਰਦੇ ਹਨ ਜਿਸ ਨੂੰ ਕ੍ਰਿਕਟ, ਹਾਕੀ, ਵਾਲੀਬਾਲ ਅਤੇ ਫੁਟਵਾਲ ਦੇ ਫਰਕ ਬਾਰੇ ਪਤਾ ਨਹੀਂ । ਉਹ ਇਹ ਮਹਿਕਮੇ ਦੇ ਲੀਡਰ ਬਣੇ ਹੋਏ ਹਨ । ਉਹ ਤਾਂ ਐਕਸਪੀਰੀਐਂਸਡ ਪਰਸਨਜ਼ ਨੂੰ ਠੀਕ ਢੰਗ ਨਾਲ ਕੰਮ ਨਹੀਂ ਕਰਨ ਦਿੰਦੇ ਬਲਕਿ ਅੜਿਚਨਾਂ ਪਾਉਂਦੇ ਹਨ ।

ਮੈਂ ਮੁਰਗੀਆਂ ਦੇ ਮਹਿਕਮੇ ਬਾਰੇ ਵੀ ਅਰਜ਼ ਕਰਨੀ ਚਾਹੁੰਦਾ ਹਾਂ । ਸਾਡੀ ਸਰਕਾਰ ਨੇ ਇਸ ਮਹਿਕਮੇ ਦੇ ਇਕ ਅਫਸਰ ਨੂੰ ਬਾਹਿਰ ਦੇ ਮੁਲਕ ਵਿਚ ਭੇਜਣ ਬਾਰੇ ਫੈਸਲਾ ਕੀਤਾ । ਦੋ ਬਾਰ ਤਾਂ ਐਕਸਚੇਂਜ ਨਹੀਂ ਮਿਲਿਆ । ਉਸ ਨੂੰ ਪਤਾ ਲਗ ਗਿਆ ਕਿ ਉਸ ਦੀ ਬਜਾਏ ਕਿਸੇ ਦੂਜੇ ਅਫਸਰ ਨੂੰ ਭੇਜਿਆ ਜਾ ਰਿਹਾ ਹੈ । ਉਸ ਅਫਸਰ ਨੇ ਚੀਫ ਮਨਿਸਟਰ ਸਾਹਿਬ ਦੇ ਨਾਲ ਮੁਲਾਕਾਤ ਮੰਗੀ, ਅਤੇ ਆਪਣੀ ਗਲ ਜ਼ਾਹਿਰ ਕੀਤੀ । ਉਸ ਨੂੰ ਸਾਡੇ ਮੁਖ ਮੰਤਰੀ ਨੇ ਕਿਹਾ ਕਿ ਤੇਰੇ ਬਰਖਿਲਾਫ ਪ੍ਰੋਫੈਸਰ ਕਰੇ ਨੇ ਨੋਟ ਭੇਜਿਆ ਹੈ, ਇਸ ਲਈ ਤੁਹਾਨੂੰ ਬਾਹਿਰ ਨਹੀਂ ਭੇਜਿਆ ਜਾ ਰਿਹਾ, ਉਸ ਅਫਸਰ ਨੇ ਪ੍ਰੋਫੈਸਰ ਨੂੰ ਚਿੱਠੀ ਲਿਖੀ । ਉਸ ਪ੍ਰੋਫੈਸਰ ਨੇ ਲਿਖਕੇ ਭੇਜਿਆ ਕਿ ਇਥੇ ਕੋਈ ਭੀ ਬਰਖਿਲਾਫ ਨੋਟ ਨਹੀਂ ਭੇਜਿਆ ਅਤੇ ਨਾ ਹੀ ਕੋਈ ਨੋਟ ਤਿਆਰ ਕੀਤੇ ਗਏ ਸਨ । ਉਸ ਪ੍ਰੋਫੈਸਰ ਨੇ ਚਿਠੀ ਭੇਜੀ ਅਤੇ ਕਿਹਾ "You can use this letter anywhere you like." ਉਹ ਚਿੱਠੀ ਮੁੱਖ ਮੰਤਰੀ ਸਾਹਿਬ ਨੂੰ ਦੱਸੀ ਗਈ । ਉਹ ਚਿੱਠੀ ਲੈਕੇ ਚੱਲ ਪਏ ਤਾਂ ਅਫਸਰ ਨੇ ਜ਼ਬਰਦਸਤੀ ਖੋਹਣ ਦੀ ਕੋਸ਼ਿਸ਼ ਕੀਤੀ । ਅਗਰ ਇਹ ਗੱਲ ਠੀਕ ਨਹੀਂ ਤਾਂ ਮੁੱਖ ਮੰਤਰੀ ਸਾਹਿਬ ਇਸ ਗੱਲ ਨੂੰ ਆਪਣੇ ਜਵਾਬ ਵਿਚ ਕੰਟਰਾਡਿਕਟ ਕਰਨ । (ਘੰਟੀ)

Mr. Chairman : The Leader of the Opposition has taken seven minutes since I requested him to wind up. He may please wind up now.

ਸਰਦਾਰ ਗੁਰਨਾਮ ਸਿੰਘ : ਚੇਅਰਮੈਨ ਸਾਹਿਬ, ਮੈਂ ਇਹ ਗੱਲ ਕਹਿਕੇ ਬੈਠ ਜਾਵਾਂਗਾ । ਸਾਡੀ ਸਰਕਾਰ ਫਲੱਡ ਕੰਟਰੋਲ, ਕੰਸਾਲੀਡੇਸ਼ਨ ਆਫ ਹੋਲਡਿੰਗਜ਼ ਅਤੇ ਰੀਹੈਬਿਲੀਟੇਸ਼ਨ ਲਈ ਪ੍ਰਬੰਧ ਕਰ ਰਹੀ ਹੈ । ਪੰਜਾਬ ਦੀ ਪਾਰਟੀਸ਼ਨ ਹੋਈ ਨੂੰ 17 ਸਾਲ ਹੋ ਚੁਕੇ ਹਨ ਪਰ ਅਜੇ ਤੱਕ ਸਾਡੀ ਸਰਕਾਰ ਇਸ ਮਸਲੇ ਨੂੰ ਹਲ ਨਹੀਂ ਕਰ ਸਕੀ । ਇਹ ਕਿੰਨੀ ਦੁਖ ਦੀ ਗੱਲ ਹੈ । 11 ਲੱਖ ਏਕੜ ਜ਼ਮੀਨ ਦੀ ਕੰਸਾਲੀਡੇਸ਼ਨ ਹੋ ਚੁਕੀ ਹੈ ਅਤੇ ਉਸਨੂੰ ਦੁਬਾਰਾ ਕਰਨਾ ਚਾਹੁੰਦੇ ਹਨ ਪਰ ਮੈਂ ਸਮਝਦਾ ਹਾਂ ਕਿ ਇਸ ਐਮਰਜੈਂਸੀ ਦੇ ਵੇਲੇ ਇਸ ਉਤੇ ਸਰਕਾਰ ਨੇ ਰੁਪਿਆ ਵੇਸਟ ਕੀਤਾ ਹੈ । ਅਸੀਂ ਕਿਸ ਤਰ੍ਹਾਂ ਗਵਰਨਰ ਸਾਹਿਬ ਦਾ ਸ਼ੁਕਰੀਆ ਅਦਾ ਕਰ ਸਕਦੇ ਹਾਂ ਜਦੋਂ ਕਿ ਸਾਡੀ ਸਰਕਾਰ ਕਿਸੇ ਮਸਲੇ ਦਾ ਹਲ ਨਹੀਂ ਕਰ ਸਕੀ ? ਲੋਕਾਂ ਨੂੰ ਤਾਂ ਇਹ ਤੰਗ ਕਰ ਰਹੇ ਹਨ । ਇਹ ਇਨਐਫੀਸ਼ੈਂਟ ਸਰਕਾਰ ਹੈ (ਘੰਟੀ), ਇਹ ਨਿਕੰਮੀ ਸਰਕਾਰ ਹੈ । ਪੰਜਾਬ ਵਿਚ ਹਾਲਾਤ ਬਹੁਤ ਖਰਾਬ ਹਨ । ਪੰਜਾਬ ਵਿਚ ਪ੍ਰੈਜ਼ੀਡੈਂਟ ਰੂਲ ਦੇ ਸਵਾਏ ਕੋਈ ਹਲ ਨਹੀਂ । ਮੈਂ ਚਾਹੁੰਦਾ ਹਾਂ ਕਿ ਪੰਜਾਬ ਵਿਚ ਪ੍ਰੈਜ਼ੀਡੈਂਟ ਰੂਲ ਲਾਗੂ ਕੀਤਾ ਜਾਵੇ ਤਾਕਿ ਲੋਕ ਆਪਣੇ ਆਪ ਨੂੰ ਮਹਿਫੂਜ਼ ਸਮਝ ਸਕਣ । (ਘੰਟੀ)

ਚੇਅਰਮੈਨ ਸਾਹਿਬ, ਮੈਂ ਕਾਫੀ ਗੱਲਾਂ ਹਾਊਸ ਦੇ ਸਾਹਮਣੇ ਰਖਣੀਆਂ ਚਾਹੁੰਦਾ ਹਾਂ, ਪਰ ਟਾਈਮ ਘਟ ਹੋਣ ਦੇ ਕਾਰਨ ਬਜਟ ਦੀ ਡਿਸਕਸ਼ਨ ਵੇਲੇ ਦਸਣ ਦੀ ਕੋਸ਼ਿਸ਼ ਕਰਾਂਗਾ ।

EXTENSION OF TIME OF THE SITTING

4 p. m.

Mr. Chairman : Before I call upon the other Member to speak I would like the hon'ble Members to take into consideration the time at their disposal. The sitting has been extended by an hour. The Leader of the House will take about an hour to reply to the debate. Therefore, I think that 10 to 15 minutes for an Hon'ble Member will do.

DISCUSSION ON GOVERNOR'S ADDRESS. (Resumption)

चौधरी मुख्तियार सिंह मलिक (सोनीपत) : मुहतरिम चेयरमेन साहिब, यहां पर तीन दिन से गवर्नर के ऐड्रेस पर बहस हो रही है । मैं भी आपकी इजाज़त से अपने ख्यालात हाउस में रखना चाहता हूँ। गवर्नर ने अपनी सरकार की साल गुज़श्ता की जो कारगुज़ारी है उसकी यकतरफा तस्वीर हाउस के सामने पेश की है। अच्छा होता अगर गवर्नर साहिब हकूमत की जो खामियां हैं, जो पंजाब गवर्नमेंट की बदउनवानियां हैं उनको भी हाउस के सामने रखते ताकि पंजाब के अवाम को पता चलता कि हमारी हकूमत किस किस्म की कारगुज़ारी करती है। फिर शायद वह पंजाब के अवाम की तरफ से ही नहीं बल्कि इस हाउस की तरफ से भी शुक्रगुज़ारी के मुस्तहक होते।

हमारे मुख्य मन्त्री एक ग्राम के रहने वाले हैं। वह एक किसान हैं, एक देहाती हैं। जब मैं यह देखता हूँ कि पंजाब का मुख्य मन्त्री एक देहाती किसान है तो मेरा दिल खुश होता है, खुशी से मेरा सीना चौड़ा होता है । लेकिन दूसरी तरफ जब मैं यह देखता हूँ कि एक किसान के राज गद्दी पर होते हुए देहात और शहरों में इतना भारी फर्क रखा हुआ है तो मुझे बहुत ज्यादा दुख होता है। आज देहात वाले फौज में भरती होकर नीफा और लद्दाख में लड़ रहे हैं। वे लोग अपनी छातियों पर गोलियाँ खाते हैं । देश रक्षा के लिए सीना तान कर लड़ते हैं। लेकिन शहरों के पकौड़ीमल, जो कि हाथ से कुछ नहीं करते और किसान की कमाई पर पलते हैं उनको तो फी कस सवा किलो खांड दी जाती है लेकिन फौज में भरती होकर देश की खातिर कुरबान होने वाले लोगों को 200 ग्राम चीनी फी कस देकर बहलाया जाता है। बड़े बेड़ लैंड लार्ड्ज़ मुज़ारों को उजाड़ रहे हैं। पुलिस से मिल कर पूंजीपति किसानों का खून निचोड़ते हैं। सरकार कहती है कि पैदावार को दुगना कर दिया जायगा । में हाउस को यकीन दिलाना चाहता हूँ कि जब तक कांग्रेस सरकार है तब तक न तो पैदावार बढ़ेगी और न ही किसान सुखी होगा । अगर यह लोग चाहते हैं कि पंजाब सुखी हो, किसान खुशहाल हो तो इनको राज गद्दियों को छोड़ देना चाहिए (विघ्न') बेईमान और ज्यादा से ज्यादा तादाद जो हीजड़ों की भरी हुई है उनकी जगह पर जब किसानों को नुमाइंदा बना कर भेजा जाएगा तो पंजाब सुखी होगा........(विघ्न) मैं अर्ज कर रहा था कि राज्यपाल महोदय ने अंधे को अंधा न कह कर सूरदास कह कर खुश कर दिया है कि कहीं अंधा कहने से अंधा नाराज़ न हो जाए । इससे ज्यादा भाषण में मुझे कुछ नहीं मिला । मैं आप से अर्ज करूं कि जिस तरह से किसी घनौनी और बदसूरत तस्वीर पर चमकदार प्लास्टिक का पर्दा डाल दिया जाता है लेकिन प्लास्टिक का परदा डालने से उसके अन्दर वाली बदसूरत तस्वीर नहीं छुप सकती उसी तरह इस तस्वीर पर भ्रष्टाचार और महंगाई के बदनुमा धब्बे हैं ; इस तरह वे मिट नहीं सकेंगे । इसी तरह से मैं अर्ज़ करूँ कि इस ऐड्रेस के पेश करने से कांग्रेस सरकार के 17 साल के बुरे कारनामे नहीं छुप सकते । कांग्रेस ने इस अरसे में गरीब को ज्यादा गरीब किया है और अमीर को ज्यादा अमीर किया है । जो रंग राज्यपाल महोदय ने तस्वीर में भरा था वह असली बात को आंखों से छुपा नहीं सका। जब

राज्यपाल महोदय अपना भाषण विदेशी भाषा में पढ़ने लगे तो मैं विधान सभा से बतौर रोष के बाहर चला गया । मैं हैरान हूँ कि इस हाउस में मेम्बरान पंजाबी लोगों के नुमाइंदे बन कर आए हैं। बाहर लोगों को हिन्दी और पंजाबी के नाम पर लड़ाते रहते हैं, वे यहां पर अंग्रेज़ी भाषा में खुद भी बोलते हैं और दूसरों को भी बोलने देते हैं। मुझे इस बात पर बहुत दुख होता है, खास कर कांग्रेसी बैंचों वालों से ज्यादा दुख होता है । एक तरफ तो लोगों को हिन्दी और पंजाबी पढ़ने पर मजबूर किया जाता है, मुख्य मंत्री बार बार एलान करते हैं कि वह हिन्दी और पंजावी के हामी हैं और दूसरी तरफ जब लोग यहां की कार्यवाही देखने के लिये बाहर से किराये खर्च कर के आते हैं तो वे लोगों के सामने अंग्रेज़ी भाषा में सारी कार्यवाही करते हैं। (घंटी की आवाज़) मैं डीफेंस फंड के बारे में भी कुछ अर्ज़ करूँ। राज्यपाल महोदय ने बताया है कि डीफेंस फंड में पंजाब ने पांच करोड़ 66 लाख रुपया इकट्ठा कर के दिया है। मैं आपको बताऊं कि लोगो को रजिस्ट्रियाँ करवाते वक्त मजबूर किया कि चंदे दो । सरकार ने किसानों से जबरन चंदे वसूल किये हैं। सरकार के जो अपने लाडले आदमी थे उनको छोड़ कर गरीब लोगों को तंग करके यह रकम इकट्ठी की । जो छोटा किसान है उससे ज्यादा रुपए वसूल किये गए । बड़े लैंडलार्डों को छोड़ दिया गया । यह ठीक है कि लोगों में उस वक्त जोश था, देशभक्ति के वश उन्होंने धन इकट्ठा किया। (बार बार घंटी की आवाज़) मैं कह दूं कि धन इकट्ठा करने से देश से वफादारी नहीं हुआ करती। देशभक्ति तो तपस्या से और कुरबानियां देने से होती है। यह लोग अंग्रेज़ों से लड़ा करते थे; वैसे तो अब उनमें चंद ही लोग हैं जो कि जंगे आज़ादी में हिस्सा लेने वाले थे, बाकी तो वही हैं जो कि अंग्रेज़ के साथ रहा करते थे । मैं दावे के साथ कहता हूँ कि इस देश की तरक्की तभी हो सकती है...........

Mr. Chairman : Please wind up, you have already taken 10 minutes.

चौधरी नेत राम : मैं आपसे प्रार्थना करता हूँ कि मुझे थोड़ा सा समय और दीजिए ।

Mr. Chairman : You can have only one minute more.

चौधरी नेत राम : अब मैं युद्ध में मारे जाने वाले फौजियों को इनाम दिये जाने के बारे में अर्ज़ करूँ कि बड़े अफसरों को पांच हज़ार, छोटे को तीन हजार और सिपाही को दो हज़ार रुपया दिया जाता है। इस सरकार ने मरने वालों में भी फर्क रखा हुआ है । यह है इनका समाजवाद । सिपाही तो सीना तान कर अपनी छाती में गोली खाता है । यह फर्क दूर किया जाना चाहिए ।

गवर्नर ने अपने ऐड्रेस में यह कहा है कि क्राइम्ज़ की तफतीश साईंटिफिक ढंग से की जाती है। मैं कहता हूँ कि मुशतिबाह आदमियों को चार चार महीने पुलिस अपने पास बैठा कर रखती है । मेरे इलाके में एक आदमी को साढ़े चार महीने तक बैठा छोड़ा और पुलिस ने उसके जिस्म की डंडों से पैमायश की । (घंटी की बार बार आवाज़)......

[चौधरी नेत राम]

आपने उस तरफ वालों को तीस तीस मिनट दिये हैं लेकिन सोशलिस्ट पार्टी वालों को आप केवल सात मिनट ही देना चाहते हैं।

Mr. Chairman : You have already taken 11 minutes.

चौधरी नेतराम: मैं, जनाब, केवल एक मिनट में खत्म कर दूंगा। आज पंजाब सरकार के अंदर तीन पार्टियां बनी हुई हैं —एक तो अखबार नवीस भाई हैं, दूसरे भाई व्यापारी, पूंजीपति हैं और तीसरे यह खुद सरकार है। तीनों मिल कर किसान का खून निचोड़ रहे हैं। जब अनाज किसान के पास पक कर तैयार होता है तो अखबार नवीस भाई लिखता है कि मजदूर मर रहा है, लूटा जा रहा है और अन्न सस्ता कर दिया जाता है। जब वही अन्न पूंजीपति के पास चला जाता है वह सस्ते दामों खरीद लेता है तो वह अनाज को एक्सपोर्ट कर देता है और महंगा कर देता है। वही अनाज किसानों को महंगे भाव बेचा जाता है। (विघ्न) तीसरा भाई सरकार है जो कि कीमतों को बढ़ने से नहीं रोकती और बेचारा मजदूर गरीब आदमी आटा भी खरीद कर नहीं खा सकता। (विघ्न)

Mr. Chairman : I am requesting you again and again to resume your seat.

चौधरी नेतराम : मैं तो आपका शुक्रिया अदा करके बैठने लगा हूँ। (विघ्न) उनको आता है प्यार पर गुस्सा, हमको गुस्सा पे प्यार आता है। (विघ्न) आपका शुक्रिया।

Mr. Chairman : I call upon Shri Chand Ram. I would request the hon. Member to speak for 10 minutes only.

ਸਰਦਾਰ ਲਛਮਣ ਸਿੰਘ ਗਿੱਲ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਪਹਿਲੇ ਅਤੇ ਦੂਜੇ ਦਿਨ ਸਾਰਾ ਵਕਤ ਟਰੈਜ਼ਰੀ ਬੈਂਚਿਜ਼ ਨੂੰ ਮਿਲਦਾ ਰਿਹਾ ਹੈ। ਉਨ੍ਹਾਂ ਦਾ ਟਾਈਮ ਤੁਸੀਂ ਕੁਲੈਕਟ ਕਰਕੇ ਵੇਖ ਲਉ। ਸਾਡੀ ਹੰਬਲ ਰੀਕੁਐਸਟ ਹੈ ਕਿ 16/17 ਆਦਮੀ ਇਕ ਪਾਰਟੀ ਵਿਚ ਹਨ, ਉਨ੍ਹਾਂ ਵਿਚੋਂ ਦੋ ਤੋਂ ਬਗੈਰ ਹੋਰ ਕਿਸੇ ਬੰਦੇ ਨੂੰ ਬੋਲਣ ਦਾ ਮੌਕਾ ਨਹੀਂ ਮਿਲਿਆ। ਚਾਹੇ ਤੁਸੀਂ ਟਾਈਮ ਹੋਰ ਵਧਾ ਦਿਉ ਪਰ ਸਾਨੂੰ ਮੌਕਾ ਜ਼ਰੂਰ ਮਿਲਣਾ ਚਾਹੀਦਾ ਹੈ।

श्री **चांदराम** (साल्हावास. ऐस. सी.) : चेयरमैन साहिब, गवर्नर साहिब के ऐड्रेस पर पंडित अमरनाथ जी ने जो धन्यवाद का प्रस्ताव पेश किया है, मैं उसका समर्थन करने के लिए खड़ा हुआ हूं। मैं समझता हूँ कि इस राज्य में जो काम हो रहा है, जो डिवैल्पमैंट हो रही है जो बुनियाद बन रही है उसकी तरफ गवर्नर साहिब ने अपने भाषण में इशारा किया है। हमारी स्टेट के अन्दर अगले साल में क्या कुछ होने जा रहा है यह तो बजट ही बताएगा लेकिन जहां तक इस ऐड्रेस का सम्बन्ध है, इसके हर एक पैरे को पढ़ने से इस राज्य के अन्दर जो बुनियाद बन रही है, जिस तरह राज्य खुशहाली की तरफ जा रहा है, उसकी झलक हमें मिलती है।

चूंकि समय बहुत ज्यादा नहीं है इसलिये मैं उन बातों का जिक्र नहीं करूंगा जिनका ऐड्रेस में वर्णन किया गया है। मैं उनको दुहराना नहीं चाहता। मैं इस वक्त सिर्फ उन इलाकों की तरफ सरकार का ध्यान दिलाना चाहता हूँ यहां पर आज कहत के हालात पाए जाते हैं। (विघ्न)

Mr. Chairman : I would request the hon. Members of the Opposition to listen to the hon. Member who is speaking and also give him a patient hearing.

श्री चांदराम : तो, चेयरमैन साहिब, मैं यह बताने जा रहा था कि नाहड़ का, साल्हावास थाने का, तहसील झज्जर का ऐसा इलाका है जहां पर कोई घर ऐसा नहीं होगा जिसका कोई न कोई जवान नेफा, लद्दाख या फौज में किसी न किसी जगह पर काम करके देश की सेवा न कर रहा हो। वह इलाका ऐसा है जहां पर नहरी पानी नहीं मिलता। वहां पर ट्यूबवैल इरीगेशन, कुवों के जरिए से आबपाशी होती है लेकिन वहां भी जब मई और जून का महीना आएगा तो लोगों को पीने का पानी भी दस्तयाब नहीं होगा। ताज्जुब होता है कि वहां के लोगों ने देश के लिए इतनी सेवाएं अर्पित की हुई हैं लेकिन उसके साथ लगते महेन्द्रगढ़ के जिले को तो रियायतें मिली हुई हैं, सरकार की तरफ से कन्सैशंज मिली हुई हैं, इस इलाके के साथ कुछ डिस्क्रिमिनेशन की झलक नज़र आती है। मैं नहीं कहता कि महेन्द्रगढ़ के इलाके के लोगों को क्यों सुविधाएं मिली हुई हैं, मैं तो बल्कि यह कहूंगा कि जिस इलाके में ज़रूरत है, वहां जितनी मिली हुई है उससे भी ज्यादा रियायतें मिलनी चाहिएं लेकिन सवाल यह है कि जहां साल में चार-पांच महीने तक कहत के हालात रहे हैं वहां पर डिवैल्पमेंट ऐक्स-पैंडीचर में ज़रूर प्रायरटी दी जानी चाहिए। मैं तो कई बार सरकार को लिखता रहा हूँ खुद सिंचाई तथा विद्युत मन्त्री से मिल रहा हूँ। सटेट इलैक्ट्रिसिटी बोर्ड ने एक पालिसी को माना हुआ है कि जहां पर नहरी इलाका नहीं है वहां पर ट्यूबवैल इरीगेशन से पानी दिया जाए। तो मेरी समझ में नहीं आता कि इस तैशुदा पालिसी के होते हुए ऐसे इलाकों में लोगों को बिजली मुहैया करने के लिए प्रायरटी क्यों नहीं दी जाती। मैं समझता हूँ कि अगर वहां पर कुवों के लिये बिजली दी जाए तो स्टेट की आमदन भी बढ़ सकती है। लेकिन हैरानगी होती है कि बावजूद इस बात के कि मेरे पास इस मकसद की कई चिट्ठियां हैं, इलैक्ट्रिसिटी बोर्ड की और मनिस्टर मुतअल्लिका की कि उन इलाकों को प्रायरटी देने का फैसला किया हुआ है जो कि इरीगेशन से मुस्तफीद नहीं होते और जहां पर नहरी पानी नहीं जाता, मगर अमल उन पर बिल्कुल उलटा होता है। हैरानी होती है कि घरों को मुनव्वर करने के लिए तो बिजली दे दी जाती है लेकिन जहां पर बिजली देने से देश की पैदावार में इजाफा हो सकता है, जहां के लोग नेफा और लद्दाख में देश रक्षा के लिए सेवा कर रहे हैं, जिन के इलाकों में सहूलियात देकर उनका दिल बढ़ाया जा सकता है, हौसला अफजाई की जा सकती है, वहां पर बिजली अमलन दी ही नहीं जाती। (विघ्न)

हमारी स्टेट तरक्की कर रही है और अगर एक ही बार सारी तरक्की हो जाए तो फिर हमारी सब की यहां नुमाइन्दगी करने की ज़रूरत ही न रहे। लेकिन मेरे

[श्री चांदराम]

कहने का मतलब यह है कि जहां पर फंड्ज़ लिमिटिड हों वहां प्रायरटी ऐसे इलाकों को दी जानी चाहिए जो कि बैकवर्ड हों और उनके लिए जो स्कीमें बनाई जाएं वह सिर्फ कागज़ात पर ही न रहें । मैं समझता हूँ कि जो लांग रेंज पालिसी है कि जो इलाके नहरी पानी से मुस्तफीद नहीं होते उनको पहिले बिजली दी जाए ताकि ट्यूबवैल्ज़ से वहां पर इरीगेशन की सहूलियात बहम पहुंचाई जाएं, उसके मुताबिक इस इलाके को प्रायरटी दी जाए, वहां के लोगों को कर्ज़े दिए जाएं ताकि वह वहां पर बिंजली से आबपाशी करके देश की पैदावार बढ़ा सकें ।

इसी तरह से सड़कों का मामला है । मैंने कुछ सड़कों के नाम लिख कर भी दिये थे । उस इलाके के पड़ोस में महेन्द्रगढ़, भिवानी में 27-28 लाख रुपए का सड़कों का काम हो रहा है । लेकिन उसके साथ वाला जो झज्जर तहसील का बैकवर्ड इलाका है इसके बारे में मुझे मालूम हुआ कि वहां सड़कें इसलिये नहीं बन सकीं कियोंकि डी.सी. या ऐस. डी. ओ. ने स्कीमें भेजने में देर कर दी थी और इस अरसना में कैबिनेट ने यह फैसला कर दिया था कि अब मजीद सड़कों की स्कीमें शुरु नहीं की जायेंगी । यानी महज़ वहां पर इसलिये सड़कों का काम शुरू नहीं किया गया क्योंकि ऐस. डी. ओ. ने वक्त पर स्कीमों को नहीं भेजा । मैं नहीं चाहता कि वहां पर लोगों में खैरात बांटी जाए । मैं तो हमेशा से इस बात के खिलाफ हूँ और मैं यह समझता हूँ कि लोगों को इस बात की आदत हरगिज़ नहीं डालनी चाहिए । यह स्टेट का काम है और इन्हें करना चाहिए । जहां जहां लोगों को काम नहीं मिलता वहां पर काम दिया जाए । किसी भी डैमाक्रेटिक सरकार का यह पहला फर्ज़ है कि जहां पर बेकारी है के जहां पर खेतों पर काम करने वालों की खेती खराब हो गई है, जिनके पास ज़मीन नहीं और फिर भी वह जमीन पर काम करते हैं लेकिन किसी वजह से वह बेकार हैं, उन सब को काम दिया जाए ताकि वह काम करके अपनी रोटी कमा सकें । इसलिये इस बात पर ज्यादा न जाता हुआ मैं निवेदन करूँगा कि अगर्चि वक्त पर सड़कों की स्कीमें नहीं पहुंच सकीं लेकिन उस इलाके की बैकवर्डनैस को ध्यान में रखते हुए उसे भी वही सहूलियात दी जायें जो कि साथ लगते महेन्द्रगढ़ के ज़िला को दी जा रही हैं, सड़कों का काम शुरू किया जाए, जोहड़ों की खुदाई का काम शुरू किया जाए । बिजली मुहैया की जाए ।

मैं ड्रेन नम्बर 8 की बाबत भी कुछ अर्ज़ करना ज़रूरी समझता हूँ । इस सम्बन्ध में मैं आगे भी कई बार कह चुका हूँ कि अम्बाला, शिमला और दूसरे इलाकों का पानी जमा होकर वहां पर जाता है और देहली और रोहतक का बार्डर जहां मिलता है वहां ढाँसा बान्ध लगा कर पानी के आउटलैट को आगे जाने से रोका गया है । पानी वहां पर इकट्ठा है । उसको अभी तक बन्द रखा हुआ है । हमारे सिंचाई मन्त्री महोदय ने सैंट्रल इरीगेशन और पावर मिनिस्टर, डा० के० ऐल० राओ को जो चिट्ठी लिखी उन्होंने उसकी कापी भी मुझे भेजी है जिसमें उन्होंने लिखा कि उस पानी को खोल दिया जाए । लेकिन वह वैसे का वैसा ही है । अब कहा जाता है कि वह तो एक लेक है । मैं आपके जरिए हाऊस को बताना चाहता हूँ कि वह इलाका लेक नहीं है । वहां पर अब भी खेत हैं

बीस-बीस तीस तीस-हज़ार आबादी के गांव हैं लेकिन पानी के नीचे हैं । सरकार का यह फर्ज़ है कि उस पानी को निकाल कर उस इलाके को बचाए । देहली के साथ काग़ज़ात में यह ऐग्रीमेंट किया हुआ है कि फलां डेट के बाद पानी जमना में नहीं जाएगा । ठीक है, पानी जमना में तो नहीं जाता लेकिन उस इलाके में बेतहाशा जाता है और खराब करता है । इस तरफ फोरी तवज्जुह देने की ज़रूरत है ।

हरिजनों के बारे में मैंने शुक्रवार को चीफ मिनिस्टर साहिब को कुछ स्कीमें दीं । उनके बारे में मैं बहुत कुछ कहना नहीं चाहता क्योंकि वह स्कीमें हैं । फिर भी आशा करता हूँ कि जो सुझाव मैंने दिए हैं अगर उनको ईमानदारी के साथ, ईमानदार मशीनरी के जरिए जल्दी इम्पलीमेंट किया जाए, उन पर अमल किया जाए तो मैं यकीन से कह सकता हूँ कि पंजाब में बसने वाले 4,200,000 हरिजनों........आठ लाख के करीब कुनबों का फायदा होगा । इस वक्त पंजाब में दो लाख के करीब हरिजन अच्छे रोज़गार में हैं । एक लाख तो नौकरी पेशा है और कुछ ज़मीन पर हैं और इसके अलावा कुछ शहरों में रहते हैं जिनकी हालत कुछ आसूदा है । लेकिन बाकी छः लाख की हालत अच्छी नहीं है । मौजूदा मुज़ारा कानून के होते हुए अगर उसको ठीक ढंग से इम्पलीमेंट किया जाए तो दो दो एकड़ फी फैमिली ज़मीन मिल सकती है । इस तरह से जैसा के चीफ मिनिस्टर साहब ने एलान किया था कि वह हर हरिजन मुज़ारे को दो एकड़ ज़मीन देना चाहते हैं इनकी वह बात पूरी हो सकती है और अगर मेरी प्लैन पर अमल किया जाए तो मैं यकीन के साथ कह सकता हूँ कि इससे उन मुज़ारों की दो दो एकड़ की खेती से 200 रुपए पर फैमिली फी महीना आमदनी हो सकती है ।

चेयरमैन साहब, मैं ज्यादा वक्त नहीं लेना चाहता और सिर्फ इतना कह कर अपनी स्पीच खत्म करना चाहता हूँ कि उस इलाके के लिये जहां के हजारों नौजवान लद्दाख और नीफा पर रह कर देश की खिदमत कर रहे हैं, सरकार का फर्ज़ है कि उनके परिवारों के बचाव के लिए कुछ इन्तज़ामात करे, कुछ इन्तज़ामात आर्ज़ी तौर पर किए जाएं और कुछ परमानेंट तौर पर किए जाएं ताकि वह हर साल कहत और सैलाब से तबाह और बरबाद न होते रहें । जो इलाके ज़रूरतमन्द हैं सरकार का फर्ज़ है कि उनकी ज़रूरतों को पूरा करने के काम को प्रायरटी दे, जो मुस्तहिक हैं उनको प्रायरटी देनी चाहिए और जो मुस्तहिक नहीं हैं और जो अपने आप तरक्की करते जा रहे हैं उन पर अब गवर्नमेंट को खर्च करने की ज़रूरत नहीं है । उनकी बजाए उन लोगों पर खर्च किया जाए जिनका स्टैंडर्ड आफ लिविंग वर्थ दी नेम भी नहीं है । जिनकी हालत सुधारने का मौका ही नहीं मिला, उन पिछड़े हुए लोगों की हालत सुधारने के लिए इन्तज़ामात किए जाएं ।

(*Some Hon. Members rose to catch the eye of Mr. Chairman*)

Mr. Chairman : I have been receiving a large number of chits from the hon. Members requesting me to give them time. I am sorry I cannot accommodate all because the time at our disposal is very short.

[Mr. Chairman]

I call upon Comrade Ram Chandra. I would request Comrade Ram Chandra not to take a second more than 10 minutes.

श्री मंगल सेन : आप कितने बजे तक मैम्बरों को बोलने दे रहे हैं ?

श्री सभापति : सवा छः बजे तक मैम्बर्ज़ बोलेंगे और उसके बाद चीफ मिनिस्टर बोलेंगे ।

कामरेड राम चन्द्र (नूरपुर) :

या रब न वह समझे हैं न समझेंगे मेरी बात,
दे और दिल उनको जो न दे मुझ को ज़बां और ।

चेयरमैन साहिब, 1956 से जब से यहां गवर्नमेंट बदली है उस वक्त से जिन हथकंडों को इस्तेमाल किया जाने लगा उनको देख कर मैंने यह कहा था कि यहां फासिस्ट ट्रेण्ड शुरु हो गया है । मैंने यह पहले भी कहा था कि यहां वही कुछ शुरु हो रहा है जो फ्रांस में नैपोलियन दी थर्ड के वक्त हुआ था । नैपोलियन एम्परर की मौत के बाद वहां रिपब्लिक कायम हो गई थी । उसके बाद जब नैपौलियन का भतीजा नैपोलियन थर्ड वहां का प्रेज़ीडेंट बना तो उसने भी यही पालिसी अपना रखी थी कि जिसको छुरा घोंपना होता था उसी को वह जफ्फी डाल कर मिलता था । वह इसी तरह से ऐक्ट करता था जैसा कि यहां का चीफ मिनिस्टर कर रहा है। जब वह किसी शहर के जल्से में जाता था तो वहां कहता था कि मैं तुम्हारे लिए यह कर रहा हूँ, जब किसी देहात में जल्से में जाता था तो वहां कह देता था कि मैं आपके लिये यह कर रहा हूँ। इसी तरह से वह लैंड लार्ड्ज़ के जल्सों में कह देता था कि वह उनके लिये यह कर रहा है । गर्जे कि वह सब को तरक्की के वायदे देता था । इसका नतीजा यह हुआ कि जब वह किसी जल्से में बोलने के लिये जाता तो उसके हव्वारी वहां प्रेजोडेंट ज़िन्दा रहे के नारे बुलाने की बजाए यह नारे लगाते कि शहनशाह ज़िन्दा रहे । इस तरह से वह अपनी प्लान के नतीजा के तौर पर प्रेज़ीडेंट की बजाए एम्परर बन गया और वह सब लोगों को धोखा देने में सफल हुआ, हमारे चीफ मिनिस्टर साहिब जब चीफ मिनिस्टर बने तो इन्होंने भी यही तरीका शुरु किया। इन्होंने देखना शुरु किया कि किस तरीके के साथ वह अपने हाथ में सारी ताकत जमा कर सकते हैं । सब से पहले इन्होंने इस मतलब के लिए रिजनल ट्रांस्पोर्ट एथारिटीज़ के हाथ में जो अख्तियार थे वह छीने और यह इन्होंने इसलिये किया क्योंकि इन्होंने देखा कि यह पावर्ज़ अपने हाथ में लेकर वह लोगों को परमिट और कोटाज़ दे कर ममनून कर सकते हैं और उनको ममनूने करके उन्हें खरीद सकते हैं। इस तरह से इन्होंने उनको खरीदा और जब इनको पैसे वगैरह की ज़रूरत पड़ी तो उनसे लिए । इस मतलब के लिए इन्होंने रिजनल ट्रांस्पोर्ट एथारिटीज़ के हाथ से अख्तियारात लेकर यह अख्तियारात ज़ाहरा तौर पर स्टेट ट्रांस्पोर्ट कमिश्नर के हाथ में कर दिए, और आप पीछे से तार हिलाकर अपनी इच्छा पूरी कराने लग । इस से इनके पास चन्दा इकट्ठा करने का ढंग हो गया ।

इसके बाद डिवैलपमेंट बलाक्स का काम शुरु हो गया तो ब्लाक्स की नौकरियां पब्लिक सर्विस कमीशन के हाथ से निकाल कर अपने हाथ में कर लीं ताकि यह बहुत से पुलिटीकल वर्कर्ज़ को ज़ाती तौर पर मुकर्रर कर सकें । जिस तरह के आदमी इन्होंने उन पोस्टों पर लगाए उनके बारे अगर आप फ्लैचर साहिब की रिपोर्ट को पढ़ें तो आपको पता चलेगा कि उनमें से 80 या 90 फीसदी बेईमान और कुरप्ट अफसर निकले क्योंकि उन पर कुरप्शन के इलज़ाम लगते रहे हैं। ऐसे आदमियों को लगाने का इनका असली मक्सद यह था कि यह क्योंकि इनके अपने आदमी होंगे इसलिये सूबा भर के देहात में इनके हक में प्रोपेगण्डा करेंगे और इनकी ताकत बनायेंगे। इस तरह से फासिस्ट ट्रेण्ड शुरु हो गया । और इस मतलब के लिये पहले इन्होंने रिजनल ट्रांस्पोर्ट एथारिटीज़ को डीफंक्ट कर के स्टेट के ट्रांस्पोर्टर्ज़ को अपने हाथ में किया। फिर इन ब्लाक्स में अफसर अपने आदमी लगा कर यह ताकत भी अपने हाथ में ली। फिर इन्होंने कोयले, भट्ठे, लोहे के परमिट अपने हव्वारियों में तकसीम किये और अपने जाती वफादार अफसर लगा कर महकमा इण्डस्ट्री में अपनी मर्ज़ी का फ़ायदा उठाया। इसके बाद इन्होंने कान्स्टीच्यूशन को सबवर्ट करना शुरु किया और पब्लिक सर्विसिज कमिशन और सूबार्डीनेट सर्विसिज़ सीलेक्शन बोर्ड की पाकीज़गी को, खत्म किया वह आदमी इनकी पार्टी के जो चुनाव में हार खा चुके हुए थे, और जो या तो मैट्रिक पास भी न थे या सिर्फ मैट्रिक पास थे, उनको पब्लिक सर्विस कमिशन का मेम्बर बना कर सितम किया। ऐसा करने में इनका मतलब यह था कि अगर किसी ने नौकरी भी लेनी है तो वह चीफ मिनिस्टर से सिफारिश करा कर ले। लोगों को इस बात का खयाल हो गया कि अगर किसी ने नौकरी लेनी है तो वह सरदार प्रताप सिंह के ज़रिये ले सकता है । इस तरह से इन्होंने लोगों को डीमारेलाइज़ किया है और कान्स्टीच्यूशन को सबवर्ट करने की कोशिश की है। हालांकि इन्होंने इन पोस्टों पर अपनी कठपुतलियां लगाई हुई हैं, फिर भी इनको इस बात का डर महसूस हुआ कि किसी वक्त उनसे इख्तलाफ भी हो सकता है और ऐसा कई बार हुआ भी; इसलिये इन्होंने समझा कि कुछ सर्विसिज़ ऐसी होनी चाहिएं जो यह खुद भर सकें और जिनके लिए पब्लिक को सिरफ इनकी तरफ देखना पड़े। इस तरह से जो आदमी इन्होंने भरती किए हैं उनकी लिस्ट मेरे पास पड़ी हुई है जिनमें से कुछ आदमी पब्लिक रिलेशन्ज़ डिपार्टमेंट के ऐसे हैं जो बार बार पब्लिक सर्विस कमिशन के पास जाते रहे हैं और रीजेक्ट होकर आते रहे हैं, लेकिन इसके बावजूद भी वे अफसर बने हुए हैं।

इसी तरह से इन्होंने लेजिस्लेटिव कौंसल के मैंबर नामीनेट करने में कान्स्टीच्यूशन को सबवर्ट करने की कोशिश की है । कान्स्टीच्यूशन में यह प्रोवियन थी कि जो मेंबर नामीनेट किए जाएं वह मेन आफ लिट्रेचर हों, वे मेन आफ सायंस और आर्ट हों और मेन आफ कोआप्रेटिव मूवमेंट और सोशल सर्विस हों । लेकिन, चेयरमैन साहब, पहली लिस्ट को छोड़ कर आप देखें तो आपको पता चलेगा कि जितने भी आदमी नामज़द किए गए हैं वे सब के सब खोटे रुपए हैं और सही रुपये नहीं हैं। इनको सिलेक्ट करने में सिर्फ यही कोशिश की जाती रही है कि ऐसे आदमी नामीनेट किए जाएं जो एक खास प्रस्नैलिटी के आगे झुकें और सलाम करें। इस सिलसिले में एक और मुल्क का ज़िक्र करना चाहता हूँ । उस मुल्क में भी ऐसा ही किया गया था। उस बड़े मुल्क से जितने लोग अपने अपने मुल्कों को जाते थे उन्हें भी यही कहा जाता था कि यहाँ सलाम कर लो फिर अपने अपने मुल्कों में जो मर्ज़ी है करो

[कामरेड राम चन्द्र]

आज हिन्दुस्तान में यही हो रहा है । जो दिल्ली में सलाम कर के आए वह अपने सूबे में जिस तरह मर्ज़ी आए करे।

6.00 p.m.

कुरप्शन यहां से शुरु नहीं हुई है बल्कि सैंटर से शुरु हुई है। (तालियां) नतीजा यह हुआ है कि यहां पर मनमानियां हुई हैं, बेईमानियां हुई हैं, जुल्म, कत्ल और अगवा हुए हैं और जब कभी किसी ने सैंटर में जा कर शिकायत की है तो उसकी सुनवाई नहीं हो सकी । फासिस्ट टैंडैंसी बढ़ती ही गई और इस हद तक पहुंच गई कि हमें बगावत करनी पड़ी और कांग्रेस छोड़नी पड़ी ।(तालियां) जब हम यह बातें कांग्रेस पार्टी में करते थे तो हमें कहा जाता था कि तुम अकेले क्या कर लोगे । इस बारे में मुझे अकबर का एक शेर याद आ गया है जो इस तरह से है:

गये दिन कि तनहा था मैं अंजमन में
मगर अब मेरे राज़दां और भी हैं ।। (तालियां)

और आज जो लोग आपोजीशन के बैंचिज़ पर बैठे हैं उनको देखें कि कैसे कैसे लोग हैं, पर्सनैलिटीज़ हैं और अगर दूसरी तरफ देखा जाए तो ऐसा मालूम होता है कि यतीम बैठे हैं। कांग्रेस में कोशिश यह की गई है कि सारे के सारे यैसमैन इकट्ठे कर लिये जाएं । अगर इस बात का पता लगाया जाए तो पता चलेगा कि गवर्नमेंट के बैंचिज पर बैठे हुए लोगों में से कितनों ने डिपो लिए हुए हैं, कितनों ने पर्मिट लिए हुए हैं या दूसरी रियायतें हासिल की हुई हैं। और इसी तरह से इधर बैठे हुए मैंबरों ने रियायतें ली हुई हैं वह भी देख लें ।

श्री बाबू दयाल शर्मा : आन ए प्वायंट आफ आर्डर। क्या माननीय मैम्बर रैलेवेंट हैं ? (विघ्न)

कामरेड राम चन्द्र : पार्लियामेंट्री तरीके को ज़लील और खार करने का एक और ढंग भी है। जिस तरह से अकबर और विक्रमाजीत ने नौरत्न बनाए हुए थे इसी तरह से इन्होंने कुछ आदमियों को जाती मशीरों का नाम देकर प्रोवाइड कर दिया।

Mr. Chairman : Please wind up within two minutes.

कामरेड राम चन्द्र : इसके इलावा अफसरों से मतलब निकालने के लिए आज तक ज्यूडीशरी को ऐग्जैक्टिव से अलहदा नहीं किया गया। मैजिस्ट्रेट्स को पता होता है कि अगर तरक्कियां हासिल करनी हैं तो उन को वज़ीरों की जाती मर्जी के मुताबिक काम करना पड़ेगा । उनके कहे के मुताबिक मुकदमात के फैसले करने होंगे । इसी तरह से दूसरे विभागों के अफसरों से पूछा जाता है कि तूने नौकरी करनी है कि नहीं । इस तरह से सर्विसिज़ को डीमौरेलाइज़ और डिग्रेड किया जाता है । सरकार की सारी मशीनरी सिर्फ एक ही फैमिली के इन्ट्रैस्ट के लिए सबवर्ट की गई है (विघ्न) सभी जानते हैं कि यह सब कुछ चीफ मिनिस्टर के लिए ही हो रहा है जो कि काश्मीर के अब्दुल्ला की तरह चाहता है कि महाराजा प्रताप सिंह बन जाए । और जब सरदार प्रताप सिंह किसी अफसर से नाराज़ हो जाए तो जाती

दुशमनियों की बिना पर अफसरों के खिलाफ मुकद्दमात बनाए जाते हैं। श्री कपूर के खिलाफ जो मुकद्दमा किया गया उस पर पिछले साल तक 1,96,000 रुपए खर्च आ चुका था। उसके बाद जो खर्च हुआ होगा उसका अन्दाज़ा आप लगा लें। (घंटी) मैंने कहनी तो बहुत बातें थीं मगर मुख्तसरन इतना ही कहूँगा कि जिस सोशलिज्म का यह दम भरते हैं उसकी झलक तक इस ऐड्रेस में नहीं है। सोशलिज्म क्या है? It is a Government in the interest of the labour and in the interest of the working class and agriculturist tenant.† तो टैनेंट्स का क्या हाल है? इस बारे में मैं आपको पैप्सू लैंड कमिशन के मैंबर श्री हरभगवान सिंह ने जो कहा है वह पढ़ कर सुनाता हूँ:

"(i) The landlords in Pepsu were able to keep their cases pending with the co-operation of Revenue Officers till amendments were passed by the Government in their favour;

(ii) The delay involved in the implementation of the Act (Pepsu Tenancy and Lands Act) went invariably in favour of the landlords;

(iii) Originally when the ceiling legislation was conceived, 15 lakh acres of land was expected to be declared surplus but now 30,000 acres had been declared surplus."

Now, Sir, take the case of Punjab. The recent report of the Commissioner, Agrarian Reforms, Punjab Government, states briefly:—

"The implementation of agrarian reforms in Punjab has been very tardy. Figures compiled by the Commissioner, Agrarian Reforms, Punjab Government, up to December last reveal that only 25 per cent of the total area declared surplus in the State, has so far been allotted to eligible tenants and even 45 per cent of them have not yet got physical possession of the land allotted to them. The number of eligible tenants on the waiting list runs into 1.5 lakhs"

It will be seen how the Government have betrayed socialism. The Report further says:—

DELAYING TACTICS

"Delaying tactics were also adopted by landowners whose holdings were bigger than the permissible limit and filed appeals on a very large scale. Such appeals are still pending in respect of 30 per cent of the area declared surplus. It has generally been complained that revenue officials dealing with the implementation of agrarian reforms lent all possible help to landowners in their delaying tactics. About half a dozen amendments were made in the Agrarian Reform Act, relating to former Pepsu State and the Rules made under the Act were also amended on 20 different occasions. This also greatly delayed the implementation of the agrarian reforms."

It would be interesting to note that the Rules were amended on 20 different occasions.

Now, I would draw the attention of the hon. Members to the shameful act of the Government, which has been further described in the Report. It is stated:—

"It has been calculated that the huge expenditure incurred by the Government on the enactment of agrarian reforms and their enforcement through a spcieally created Department and its official units at district level during all these years has exceeded the total value of the land declared surplus in the State...."

Voices from the Opposition : Shame, shame, shame.

Mr. Chairman : The Hon'ble Member should now wind up. He will have only one minute more.

कामरेड राम चन्द्र : बहुत अच्छा, जी, मैं बहुत सारी बातें छोड़ देता हूँ। कहना तो मैंने बहुत कुछ था मगर सोशलिज्म की बात चली है तो दूसरी चीज़ इसमें होती है ट्रेड यूनियनिजम। हिटलर ने जरमनी में एक नैशनल सोशलिज्म चलाया था और यहां पर भी पंजाब के हिटलर ने मजदूरों को आइ० ऐन० टी० यू० सी० के हाथ से निकाल कर सरमायादारों के रहम पर डाल दिया है। सारी लेबर मूवमेंट को डिसआर्गेनाइज़ और डिसइंटैग्रेट कर दिया है (तालियां) कम तनखाह पाने वाले सरकारी मुलाज़िम चपड़ासी, जमादार, चौकीदार, मास्टर, कलर्क वगैरह जो हैं वह महंगाई की वजह से पिस रहे हैं; उनकी तन्खाह नहीं बढ़ रही, मगर जो बड़े बड़े लोग हैं उनकी स्पैशल पेज़ आगे बढ़ी हैं। (घंटी) कहनी तो मैंने बहुत सी बातें थीं मगर मैं सिर्फ फूड की हालत के बारे....................

Mr. Chairman : The Hon'ble Member should please resume his seat. Shri Ajit Kumar will now speak, but he will have only seven minutes, as the Chief Minister will rise to reply to the debate exactly at 6-15 p.m.

ਬਾਬੂ ਅਜੀਤ ਕੁਮਾਰ (ਸਿਧਵਾਂ ਬੇਟ, ਐਸ. ਸੀ.) : ਚੇਅਰਮੈਨ ਸਾਹਬ, ਕਹਿੰਦੇ ਨੇ—

'ਕੈਸੇ ਕੋਈ ਹਿਫਾਜ਼ਤ ਕੀ ਉਮੀਦ ਰਖੇ
ਜਹਾਂ ਰਹਿਜ਼ਨ ਹੀ ਰਹਿਨੁਮਾ ਕੇ ਭੇਸ ਮੇਂ ਹੋ।

ਚੇਅਰਮੈਨ ਸਾਹਬ, ਅਜ ਪੰਜਾਬ ਦੀ ਹਾਲਤ ਤੇ ਉਸ ਪੇਂਡੂ ਦੀ ਮਿਸਾਲ ਢੁਕਦੀ ਹੈ ਜਿਸ ਦਾ ਇਕੋ ਇਕ ਢੱਗਾ ਗੁੰਮ ਹੋ ਗਿਆ ਸੀ। ਉਹ ਪੇਂਡੂ ਤੇ ਉਸਦਾ ਮੁੰਡਾ ਉਸ ਨੂੰ ਲਭਣ ਟੁਰ ਪਏ। ਸਾਹਮਣੇ ਪਹਿਲਾਂ ਮਸਜਿਦ ਆਈ ਤਾਂ ਉਹ ਕਹਿਣ ਲੱਗਾ ਕਿ ਹੇ ਗਿਆਰ੍ਹਵੀਂ ਦੇ ਪੀਰ ਜੇ ਮੇਰਾ ਢੱਗਾ ਲਭ ਪਵੇ ਤਾਂ ਤੈਨੂੰ ਮੈਂ 5¼ ਰੁਪਏ ਚੜ੍ਹਾਵਾਂਗਾ। ਅਗੇ ਗੁਰਦੁਆਰਾ ਸਾਹਮਣੇ ਆਇਆ ਤਾਂ 5¼ ਦਾ ਪ੍ਰਸ਼ਾਦ ਸੁਖ ਲਿਆ। ਫਿਰ ਸ਼ਿਵਦੁਆਲਾ ਆਇਆ ਤਾਂ ਉਥੇ ਭੀ 5¼ ਦਾ ਪ੍ਰਸ਼ਾਦ ਸੁਖ ਲਿਆ। ਤਾਂ ਉਸ ਦਾ ਮੁੰਡਾ ਕਹਿਣ ਲਗਾ ਕਿ ਬਾਪੂ ਤੂੰ ਤਾਂ ਬਲ੍ਹਦ ਦੇ ਮੁਲ ਨਾਲੋਂ ਬਹੁਤੀਆਂ ਮੰਨਤਾਂ ਹੀ ਮੰਨ ਲਈਆਂ ਹਨ। ਉਸ ਨੇ ਜਵਾਬ ਦਿਤਾ ਕਿ ਬਲ੍ਹਦ ਦੇ ਸਿਗਾਂ ਨੂੰ ਹਥ ਪੈ ਲੈਣ ਦੇ, ਮੈਂ ਸਾਰੇ ਦੇਵੀ ਦੇਵਤੇ ਦੇਖ ਲਵਾਂਗਾ। ਇਹੀ ਹਾਲਤ ਸਾਡੇ ਚੀਫ ਮਨਿਸਟਰ ਸਾਹਬ ਦੀ ਹੈ। ਗੱਦੀ ਤਾਂ ਹੇਠੋਂ ਨਿਕਲਦੀ ਪਈ ਹੈ ਪਰ ਸਭ ਨੂੰ ਦਿਲਾਸੇ ਦਿੰਦੇ ਫਿਰਦੇ ਨੇ ਕਿ ਤੈਨੂੰ ਇਹ ਦਿਲਾ ਦਿਆਂਗਾ, ਤੇਰਾ ਇਹ ਕੰਮ ਸੰਵਾਰ ਦਿਆਂਗਾ, ਮੈਨੂੰ ਜ਼ਰਾ ਦਾਸ ਕਮਿਸ਼ਨ ਵਲੋਂ ਵਿਹਲਾ ਹੋ ਲੈਣ ਦਿਉ, ਸਭ ਨੂੰ ਖੁਸ਼ ਕਰ ਦੇਵਾਂਗਾ।

ਮੈਂ ਇਹ ਐਮੈਂਡਮੈਂਟ ਦਿਤੀ ਹੈ ਕਿ ਇਕ ਕਮਿਸ਼ਨ ਮੁਕਰਰ ਕੀਤਾ ਜਾਵੇ ਜੋ ਲੈਜਿਸਲੇਟਰਜ਼, ਮਨਿਸਟਰਜ਼ ਅਤੇ ਇਨ੍ਹਾਂ ਦੇ ਵਿਸ਼ਿਸ ਸਰਕਲ ਵਿਚ ਜਿੰਨੇ ਅਫਸਰ ਆਉਂਦੇ ਹਨ ਉਨ੍ਹਾਂ ਨੇ ਜਿੰਨੀ ਜਾਇਦਾਦ ਇਕੱਠੀ ਕੀਤੀ ਹੈ ਉਸ ਦੀ ਪੜਤਾਲ ਕਰੇ, ਤਾਂ ਹੀ ਪਤਾ ਲਗ ਸਕਦਾ ਹੈ ਕਿ ਸੂਬੇ ਦੀ ਕੀ ਹਾਲਤ ਹੈ। ਜਿਹੜਾ ਸਵੇਰ ਨੂੰ ਕੰਗਾਲ ਸੀ ਉਹ ਸ਼ਾਮ ਨੂੰ ਲੱਖਾਂ ਦਾ ਮਾਲਕ ਬਣ ਜਾਂਦਾ ਹੈ। ਜਿਹੜਾ ਪਹਿਲਾਂ ਭਿਖ ਮੰਗਦਾ ਸੀ ਹੁਣ ਇਹ ਵੱਡਾ ਇੰਡਸਟ੍ਰਿਲਿਸਟ

ਬਣ ਗਿਆ ਹੈ। ਉਹ ਅੱਜ ਇੰਡਸਟ੍ਰੀ ਤੇ ਡਾਮੀਨੇਟ ਕਰਦਾ ਹੈ। ਇਹ ਕਿਸ ਤਰੀਕੇ ਨਾਲ; ਕਿਉਂਕਿ ਉਸ ਪਾਸ ਲੱਖਾਂ ਰੁਪਏ ਦੀ ਬਲੈਕ ਮਨੀ ਹੈ। ਜਿਸ ਪਾਸ ਕੱਲ ਕੁਝ ਵੀ ਨਹੀਂ ਸੀ ਅਜ ਉਹ ਹਜ਼ਾਰਾਂ ਪਾਵਰ ਲੂਮਾਂ ਦਾ ਮਾਲਕ ਹੈ। ਮੈਂ ਕੇਵਲ ਆਪਣੇ ਜ਼ਿਲੇ ਦੀ ਗੱਲ ਕਰਦਾ ਹਾਂ, ਬਾਕੀ ਦੇ ਜ਼ਿਲਿਆਂ ਦਾ ਮੈਨੂੰ ਪਤਾ ਨਹੀਂ; ਮੈਂ ਕਹਿ ਸਕਦਾ ਹਾਂ ਕਿ ਉਥੇ ਇਸ ਨਾਲੋਂ ਚੰਗੀ ਹਾਲਤ ਨਹੀਂ। ਚੀਫ਼ ਮਨਿਸਟਰ ਦੀ ਵਜਾਹ ਨਾਲ ਉਨ੍ਹਾਂ ਨੂੰ ਕਰੋੜਾਂ ਰੁਪਏ ਕਮਾਉਣ ਦਾ ਰਾਹ ਦੱਸ ਦਿਤਾ ਗਿਆ ਹੈ। ਫਿਰ ਇੰਨੇ ਵਡੇ ਕਾਰਖਾਨੇਦਾਰਾਂ ਨੂੰ ਇਹ ਬਚਾਉਂਦੇ ਕਿਸ ਤਰੀਕੇ ਨਾਲ ਹਨ ? ਚੇਅਰਮੈਨ ਸਾਹਿਬ, ਮੈਂ ਆਪ ਨੂੰ ਇਕ ਮਿਸਾਲ ਦੇਣਾ ਚਾਹੁੰਦਾ ਹਾਂ ਕਿ ਲੁਧਿਆਣੇ ਵਿਚ ਇਕ ਇਨਕਮ ਟੈਕਸ ਅਫ਼ਸਰ ਨੇ ਇਹ ਕਿਹਾ ਕਿ ਮੈਂ ਫਲਾਂ ਫਰਮ ਤੇ ਛਾਪਾ ਮਾਰਨਾ ਹੈ। ਇਨ੍ਹਾਂ ਨੂੰ ਪਤਾ ਲਗ ਗਿਆ। ਉਹ ਇਕ ਵੱਡਾ ਇੰਡਸਟ੍ਰੀਲਿਸਟ ਸੀ ਜਿਸ ਦੇ ਛਾਪਾ ਮਾਰਿਆ ਜਾਣਾ ਸੀ ਕਿਉਂਕਿ ਉਸ ਨੇ ਹਿਸਾਬ ਠੀਕ ਨਹੀਂ ਸੀ ਰਖਿਆ ਹੋਇਆ। ਇਹ ਉਹ ਇੰਡਸਟ੍ਰੀਲਿਸਟ ਹੈ ਜੋ ਚੀਫ਼ ਮਨਿਸਟਰ ਨੂੰ ਲੱਖਾਂ ਰੁਪਏ ਦੀ ਥੈਲੀ ਪੇਸ਼ ਕਰਦਾ ਹੈ। ਚੀਫ ਮਨਿਸਟਰ ਨੂੰ ਤਾਂ ਭਾਗ ਲਗ ਗਏ ਨੇ ਦਾਸ ਕਮਿਸ਼ਨ ਬੈਠਣ ਨਾਲ। ਜਟ ਦੀਆਂ 36 ਪਤਾਂ ਹੁੰਦੀਆਂ ਹਨ ਤੇ ਜੇਕਰ 36 ਹੀ ਚਲੀਆਂ ਜਾਣ ਤਾਂ ਫਤਵਾ ਫਿਰ ਵੀ ਨਹੀਂ ਲਹਿੰਦਾ। ਇਹ ਹਾਲ ਇਸ ਚੀਫ ਮਨਿਸਟਰ ਦਾ ਹੈ। (ਵਿਰੋਧੀ ਦਲ ਵਲੋਂ ਹਾਸਾ) ਦਾਸ ਕਮਿਸ਼ਨ ਕੀ ਬਣਿਆ ਇਸ ਨਾਲ ਤਾਂ ਚੀਫ਼ ਮਨਿਸਟਰ ਦੇ ਭਾਗ ਖੁਲ੍ਹ ਗਏ ਨੇ। ਇਹ ਥਾਂ ਥਾਂ ਤੇ ਮੁਕੱਦਮਾ ਲੜਨ ਲਈ ਲੱਖਾਂ ਰੁਪਏ ਇਕੱਠੇ ਕਰਦੇ ਫਿਰਦੇ ਨੇ ਅਤੇ ਦੇਣ ਵਾਲੇ ਹਨ ਵੱਡੇ ਵੱਡੇ ਇੰਡਸਟ੍ਰੀ-ਅਲਿਸਟ ਜਿਨ੍ਹਾਂ ਨੂੰ ਇਨ੍ਹਾਂ ਨੇ ਸ਼ੈਲਟਰ ਦਿਤੀ ਹੋਈ ਹੈ। (ਸ਼ੇਮ ਸ਼ੇਮ) ਜਦ ਇਸ ਇਨਕਮ ਟੈਕਸ ਅਫਸਰ ਨੇ ਇਸ ਗਲ ਦਾ ਫੈਸਲਾ ਕੀਤਾ ਕਿ ਇਸ ਫਰਮ ਦਾ ਹਿਸਾਬ ਕਿਤਾਬ ਠੀਕ ਨਹੀਂ ਅਤੇ ਇਸ ਤੇ ਛਾਪਾ ਮਾਰਨਾ ਹੈ ਤਾਂ ਇਨ੍ਹਾਂ ਨੇ ਡੀ. ਸੀ. ਨੂੰ ਕਹਿ ਕੇ, ਐਸ. ਪੀ. ਨੂੰ ਕਹਿ ਕੇ ਇਕ ਮੁੰਡੇ ਜਿਹੇ ਦਾ ਸਕੂਟਰ ਨਾਲ ਐਕਸੀਡੈਂਟ ਕਰਵਾ ਦਿਤਾ ਅਤੇ ਉਸ ਆਈ. ਟੀ. ਓ. ਦਾ ਚਾਲਾਨ ਕਰਵਾ ਦਿਤਾ। ਉਸ ਵਿਚਾਰੇ ਨੂੰ ਇਥੋਂ ਭਜ ਕੇ ਜਾਣਾ ਪਿਆ। ਉਸ ਦੀ ਕੋਈ ਸੁਣਵਾਈ ਨਾ ਹੋਈ। (ਵਿਰੋਧੀ ਧੜੇ ਵਲੋਂ : ਸ਼ੇਮ ਸ਼ੇਮ)

ਫਿਰ ਹਰੀਜਨ ਵੈਲਫੇਅਰ ਦੀਆਂ ਗੱਲਾਂ ਕਰਦੇ ਨੇ। ਸਫਾ 16 ਤੇ ਗਵਰਨਰ ਸਾਹਿਬ ਨੇ ਕੇਵਲ ਇਕ ਡੇਢ ਲਾਈਨ ਹਰੀਜਨਾਂ ਬਾਰੇ ਲਿਖਣ ਦੀ ਖੇਚਲ ਕੀਤੀ ਹੈ। ਇਹ ਹਾਲ ਹੈ ਸਾਡੀ ਵੈਲਫੇਅਰ ਦਾ। ਇਹ ਸਾਡੀ ਬਦਕਿਸਮਤੀ ਹੈ ਕਿ ਆਨਰੇਬਲ ਵਜ਼ੀਰ ਜੋ ਇਸ ਮਹਿਕਮੇ ਦਾ ਲਗਾਇਆ ਹੋਇਆ ਹੈ ਉਨ੍ਹਾਂ ਦੀ ਆਪਣੀ ਹੀ ਕਾਬਲੀਅਤ ਹੈ। ਜੇਕਰ ਉਹ ਇੰਨੀ ਹੀ ਕਾਬਲੀਅਤ ਦੇ ਮਾਲਕ ਹਨ ਕਿ ਹਰੀਜਨਾਂ ਦਾ ਸੁਧਾਰ ਨਹੀਂ ਕਰ ਸਕਦੇ ਤਾਂ ਫਿਰ ਕੀ ਹਾਲ ਹੈ, ਕੀ ਕਰ ਸਕਦੇ ਹਾਂ ! (ਹਾਸਾ) ਇਨ੍ਹਾਂ ਨੂੰ ਤਾਂ ਕਾਬਲੀਅਤ ਦਾ ਮਾਲਕ ਕੋਈ ਵੀ ਵਜ਼ੀਰ ਨਹੀਂ ਚਾਹੀਦਾ। ਇਨ੍ਹਾਂ ਨੂੰ ਤਾਂ ਚੀਫ ਮਨਿਸਟਰ ਦਾ ਅੰਗੂਠਾ ਛਾਪ ਵਜ਼ੀਰ ਚਾਹੀਦਾ ਹੈ। (ਹਾਸਾ) ਅੰਗੂਠਾ ਛਾਪ ਕੰਪਨੀ ਚਾਹੀਦੀ ਹੈ।

ਇਕ ਵੇਰ ਇਕ ਆਦਮੀ ਆਪਣੇ ਜਾਨਵਰ ਵੇਚਣ ਗਿਆ ਤਾਂ ਉਸ ਨੇ ਵਡੇ ਦਾ ਮੁਲ ਇਕ ਰੁਪਿਆ ਅਤੇ ਛੋਟੇ ਦਾ ਡੇਢ ਰੁਪਿਆ ਰਖਿਆ। ਗਾਹਕ ਨੇ ਪੁਛਿਆ ਕਿ ਇਸ ਵਿਚ ਫਰਕ ਕਿਉਂ ਹੈ ਕਿ ਵਡੇ ਦਾ ਮੁਲ ਇਕ ਰੁਪਿਆ ਅਤੇ ਛੋਟੇ ਦਾ ਡੇਢ ਰੁਪਿਆ, ਤਾਂ ਮਾਲਕ ਕਹਿਣ ਲਗਾ ਕਿ ਵੱਡਾ ਤਾਂ ਉਲੂ ਹੈ ਉਸ ਦੀ ਕੀਮਤ ਇਕ ਰੁਪਿਆ ਰੱਖੀ ਹੈ ਤੇ ਛੋਟਾ ਉਲੂ ਦਾ ਪੱਠਾ ਹੈ ਇਸ ਲਈ ਉਸ ਦੀ ਕੀਮਤ ਡੇਢ ਰੁਪਿਆ ਰਖੀ ਗਈ ਹੈ (ਹਾਸਾ)। ਵਜ਼ੀਰ ਵੀ ਇਸ ਸਰਕਾਰ ਵਿਚ ਇਸੇ ਤਰ੍ਹਾਂ ਲਏ ਜਾਂਦੇ ਹਨ। (ਵਿਘਨ) (ਵਿਰੋਧੀ ਦਲ ਵਲੋਂ ਪ੍ਰਸ਼ੰਸਾ)।

[ਬਾਬੂ ਅਜੀਤ ਕੁਮਾਰ]

ਫਿਰ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਅਸੀਂ ਮੁਰਗੀਖਾਨੇ ਖੋਲ੍ਹਣੇ ਹਨ, ਅੰਡੇ ਵੇਚਣੇ ਹਨ। ਮੈਂ ਇਸ ਬਾਰੇ ਅਰਜ਼ ਕਰਾਂ ਕਿ ਮਲੇਰਕੋਟਲੇ ਵਿਚ ਹਰੀਜਨ ਵੈਲਫੇਅਰ ਦੀ ਸਕੀਮ ਅਨੁਸਾਰ ਸਰਕਾਰ ਨੇ ਇਕ ਬਾਗ ਮੁੱਲ ਲਿਆ ਹੈ। ਇਹ ਨਵਾਬ ਸਾਹਿਬ ਦੀ ਇਮਾਮਗੜ੍ਹ ਦੀ ਬੀੜ ਸੀ। ਇਹ ਪਤਾ ਨਹੀਂ ਕਿਸ ਕੀਮਤ ਤੇ ਅਤੇ ਕਿਉਂ ਇਸ ਨੂੰ ਖਰੀਦਿਆ ਗਿਆ। ਪਰ ਆਪ ਸੁਣ ਕੇ ਹੈਰਾਨ ਹੋਵੋਗੇ ਕਿ ਹਰੀਜਨਾਂ ਦੀ ਭਲਾਈ ਜਾਂ ਬੁਰਾਈ ਦੇ ਵਜ਼ੀਰ ਨੇ ਇਸ ਵਿਚ ਸਾਰੇ ਆਪਣੇ ਰਿਸ਼ਤੇਦਾਰ ਦੁਆਬੇ ਤੋਂ ਲਿਜਾ ਕੇ ਭਰ ਦਿਤੇ ਹਨ। (ਵਿਘਨ) ਇਹ ਸਾਡੀ ਹਰੀਜਨਾਂ ਦੀ ਭਲਾਈ ਦੀ ਗੱਲ ਕਰਦੇ ਹਨ। ਇਸ ਦੇ ਨਾਲ ਹੀ ਮੁਰਗੀਖਾਨੇ ਲਈ ਲੁਧਿਆਣੇ ਵਿਚ ਸਕੀਮ ਚਾਲੂ ਕਰਨ ਦਾ ਫੈਸਲਾ ਕੀਤਾ ਗਿਆ। ਲੁਧਿਆਣ ਵਿਚ ਬਲਾਕ ਮਾਛੀਵਾੜਾ ਇਸ ਲਈ ਚੁਣਿਆ ਗਿਆ। ਪਰ ਸਾਡੇ ਰਕਸ਼ਾ ਦਲ—ਕੋਈ ਇਸ ਨੂੰ ਰਿਕਸ਼ਾ ਦਲ ਕਹਿੰਦਾ ਹੈ—ਦੇ ਚੀਫ ਰਕਸ਼ਾ ਦਲ ਬਣਾ ਕੇ ਨਹੀਂ ਰਜੇ। ਫਿਰ ਲਖਾਂ ਰੁਪਏ ਕਮਾ ਕੇ ਨਹੀਂ ਰਜੇ, ਕੁਆਪ੍ਰੇਟਿਵ ਸੁਸਾਇਟੀਆਂ ਬਣਾ ਕੇ ਨਹੀਂ ਰੱਜੇ, ਫਿਰ ਹਰੀਜਨ ਕਾਲੋਨੀਆਂ ਬਣਾ ਕੇ ਨਹੀਂ ਰੱਜੇ ਤੇ ਫਿਰ ਇਸ ਸਕੀਮ ਨੂੰ ਬਾਇਫਰਕੇਟ ਕਰਵਾ ਕੇ ਅੱਧਾ ਜੁਗਿਆਣਾ ਅਤੇ ਅਧੇ ਵਿਚ ਵਜ਼ੀਰ ਨੇ ਆਪਣੇ ਰਿਸ਼ਤੇਦਾਰ ਭਰ ਦਿਤੇ ਹਨ। ਇਹ ਹਾਲ ਹੈ ਇਨ੍ਹਾਂ ਦੇ ਹਰੀਜਨ ਵੈਲਫੈਅਰ ਦਾ।

ਫਿਰ ਇਹ ਮੈਨਸ਼ਨ ਕੀਤਾ ਗਿਆ ਕਿ ਜਿੰਨੀਆਂ ਪ੍ਰੋਮੋਸ਼ਨ ਨਾਲ ਭਰੀਆਂ ਜਾਣ ਵਾਲੀਆਂ ਪੋਸਟਾਂ ਹਨ ਉਨ੍ਹਾਂ ਵਿਚੋਂ ਦਸ ਫ਼ੀਸਦੀ ਹਰੀਜਨਾਂ ਨੂੰ ਦਿਤੀਆਂ ਜਾਣਗੀਆਂ। ਪਰ ਸਾਰੇ ਹਾਲਾਤ ਤੁਹਾਡੇ ਸਾਹਮਣੇ ਹਨ। ਮੈਂ ਤਾਂ ਇਹ ਕਹਾਂਗਾ ਕਿ ਇਹ ਇਸ ਵਿਚ ਸਰਾਸਰ ਧੋਖਾ ਦਿੱਤਾ ਜਾ ਰਿਹਾ ਹੈ ਅਤੇ ਇਸ ਨਾਲ ਗੌਰਮੈਂਟ ਸਰਵੈਂਟਸ ਨੂੰ ਆਪਸ ਵਿਚ ਲੜਾਇਆ ਜਾ ਰਿਹਾ ਹੈ। ਸ਼ੈਡਿਊਲਡ ਕਾਸਟ ਮੁਲਾਜ਼ਮਾਂ ਦੀਆਂ ਸਰਵਿਸ ਬੁਕਾਂ ਨੂੰ ਲਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀਆਂ ਐਡਵਰਸ ਰਿਪੋਰਟਾਂ ਲਿਖੀਆਂ ਜਾ ਰਹੀਆਂ ਹਨ ਅਤੇ ਇਹ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਦੀ ਕੋਈ ਤਰੱਕੀ ਨਾ ਹੋ ਸਕੇ, ਉਨ੍ਹਾਂ ਨੂੰ ਕੋਈ ਪ੍ਰੋਮੋਸ਼ਨ ਨਾ ਦਿਤੀ ਜਾ ਸਕੇ। ਚੀਫ਼ ਮਨਿਸਟਰ ਦੇ ਮਹਿਕਮੇ ਵਿਚ ਜਾਂ ਮਾਸਟਰ ਗੁਰਬੰਤਾ ਸਿੰਘ ਦੇ ਮਹਿਕਮੇ ਵਿਚ ਇਕ ਵੀ ਪ੍ਰੋਮੋਸ਼ਨ ਹਰੀਜਨ ਅਫਸਰ ਨੂੰ ਨਹੀਂ ਦਿਤੀ ਗਈ ਅਤੇ ਇਥੇ ਆ ਕੇ ਡੀਂਗਾਂ ਮਾਰਨ ਲਗ ਜਾਂਦੇ ਹਨ ਕਿ ਕੀ ਕੁਝ ਅਸੀਂ ਕਰ ਰਹੇ ਹਾਂ।

ਚੇਅਰਮੈਨ ਸਾਹਿਬ, ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਅਨ੍ਹਾ ਵੰਡੇ ਸ਼ੀਰਨੀ ਮੁੜ ਮੁੜ ਆਪਣਿਆਂ ਨੂੰ ਦੇ। ਇਥੇ ਤਾਂ ਸਾਰਾ ਆਵਾ ਹੀ ਊਤ ਗਿਆ ਹੈ। ਮਾੜੀ ਸਮਝ ਦੇ ਮਾੜੇ ਨਤੀਜੇ ਨਿਕਲਦੇ ਹਨ। ਪਤਾ ਨਹੀਂ ਇਨ੍ਹਾਂ ਨੂੰ ਕੀ ਹੋ ਗਿਆ ਹੈ। ਸ੍ਰੀ ਚਾਂਦ ਰਾਮ ਨੇ ਸਿਫਾਰਸ਼ ਭੇਜੀ ਹੈ, ਇਹ ਸੁਧਾਰ ਕਰਨਾ ਚਾਹੁੰਦੇ ਹਨ ਹਰੀਜਨਾਂ ਦਾ ਕਿ ਦੋ ਏਕੜ ਜ਼ਮੀਨ ਦੇ ਦਿਉ ਤਾਂ ਹਰੀਜਨਾਂ ਦਾ ਗੁਜ਼ਾਰਾ ਹੋ ਜਾਵੇਗਾ। ਪਰ ਮੈਂਨੂੰ ਹੈਰਾਨੀ ਹੁੰਦੀ ਹੈ। 12, 12 ਏਕੜ ਲੈ ਕੇ ਵੀ ਅੱਜ ਭੁੱਖੇ ਮਰ ਰਹੇ ਹਨ ਤਾਂ ਦੋ ਏਕੜ ਤੇ ਕਿਸ ਤਰ੍ਹਾਂ ਉਨ੍ਹਾਂ ਨੂੰ ਜ਼ਿੰਦਾ ਰਖਿਆ ਜਾ ਸਕਦਾ ਹੈ। ਇਹ ਪਤਾ ਨਹੀਂ ਕਿਥੋਂ ਦੀ ਸਿਫਾਰਸ਼ ਇਨ੍ਹਾਂ ਵਲੋਂ ਕੀਤੀ ਗਈ ਹੈ। ਇਕ ਤਾਂ ਪਹਿਲਾਂ ਹੀ ਚੰਡੀਗੜ੍ਹ ਵਿਚ ਇਹ ਸੈਕਰੀਟੇਰੀਏਟ ਬਣਾ ਕਿ ਇਕ ਸਲਾਟਰ ਹਾਊਸ ਤਿਆਰ ਕਰ ਲਿਆ ਗਿਆ ਹੈ ਗਰੀਬ ਮੁਲਾਜ਼ਮਾਂ ਨੂੰ ਭੁਖੇ ਮਾਰਨ ਦਾ ਤੇ ਹੁਣ ਇਸ ਤਰ੍ਹਾਂ ਦੀ ਸਕੀਮ ਬਣਾ ਕੇ ਹਰੀਜਨਾਂ ਨੂੰ ਮਾਰਨ ਲਈ ਸਲਾਟਰ ਹਾਊਸ ਤਿਆਰ ਕੀਤਾ ਜਾ ਰਿਹਾ ਹੈ। ਇਹ ਤਾਂ ਲੋਕਾਂ ਨੂੰ ਐਕਸਪਲਾਇਟ ਕਰਨ ਦਾ ਢੰਗ ਹੈ। ਹਰੀਜਨਾਂ ਦਾ ਸੁਧਾਰ ਨਹੀਂ ਹੋ ਸਕਦਾ ਜਦ ਤੱਕ ਕਿ ਅਸੀਂ ਨੈਸ਼ਨਲਾਇਜ਼ੇਸ਼ਨ ਨਾ ਕਰ ਦੇਈਏ। (ਵਿਘਨ)

ਬਾਬੂ ਅਜੀਤ ਕੁਮਾਰ: ਮੈਂ ਤਾਂ ਬਿਲਕੁਲ ਖਤਮ ਹੀ ਕਰਨ ਲਗਾ ਹਾਂ। ਕੇਵਲ ਇਕ ਗਲ ਕਹਿੰਦਾਂ ਹਾਂ ਕਿ ਇਕ ਜਲਸੇ ਵਿਚ ਮੈਂ ਗਿਆ। ਪੰਜਾਬ ਦੇ ਕਵੀ ਆਏ ਹੋਏ ਸਨ, ਸਾਡੇ ਚੀਫ਼ ਮਨਿਸਟਰ ਵੀ ਸਨ, ਹਰੀਜਨਾਂ ਦੀ ਭਲਾਈ ਕਰਨ ਗਏ ਸਨ, ਤਾਂ ਉਥੇ ਸ਼ੇਅਰ ਪੜ੍ਹੇ ਗਏ ਅਤੇ ਪੱਬ ਚੁੱਕ ਕੇ ਜਿੰਨੇ ਠਿਗਨੇ ਸਨ ਉਨਾਂ ਨੇ ਆਪਣੇ ਵਿਚਾਰ ਪਰਗਟ ਕੀਤੇ, ਚੀਫ ਮਨਿਸਟਰ ਦੀ ਬੇਲੋੜੀ ਤਾਰੀਫ ਕੀਤੀ।

ਮੁੱਖ ਮੰਤਰੀ (ਸਰਦਾਰ ਪਰਤਾਪ ਸਿੰਘ ਕੈਰੋਂ): ਜਨਾਬ ਚੇਅਰ ਮੈਨ ਸਾਹਿਬ, ਮੇਰਾ ਖਿਆਲ ਹੈ ਕਿ ਇਸ ਹਾਊਸ ਵਿਚ ਜਿੰਨੀਆਂ ਸਪੀਚਾਂ ਹੋਈਆਂ ਹਨ ਇਹ ਹਾਊਸ ਦੀ ਸ਼ਾਨ ਨੂੰ ਵਧਾਉਣ ਵਾਲੀਆਂ ਨਹੀਂ। ਮੈਂ ਇਹ ਨਹੀਂ ਕਹਿੰਦਾ ਕਿ ਸਾਰੀਆਂ ਘਟੀਆ ਸਪੀਚਾਂ ਹੀ ਸਨ ਪਰ ਇਹ ਠੀਕ ਹੈ ਕਿ ਕਈ ਮੈਂਬਰ ਸਾਹਿਬਾਨ ਨੇ ਆਪੇ ਤੋਂ ਬਾਹਰ ਹੋ ਕੇ ਗੱਲਾਂ ਆਖੀਆਂ ਨੇ, ਮੈਂ ਉਨ੍ਹਾਂ ਦਾ ਕੀ ਜਵਾਬ ਦਿਆਂ। ਗੱਲਾਂ ਕਹਿਣ ਵਾਲੇ ਕੋਈ ਲੁਕੇ ਛਿਪੇ ਪਹਿਲਵਾਨ ਨਹੀਂ। ਮੈਂ ਤਾਂ ਕੇਵਲ ਉਨ੍ਹਾਂ ਨੂੰ ਇੰਨਾਂ ਹੀ ਆਖਾਂਗਾ ਕਿ ਉਹ ਪਹਿਲਾਂ ਆਪਣੀ ਪੀੜ੍ਹੀ ਥਲੇ ਸਟਾ ਫੇਰ ਲੈਣ ਤਾਂ ਉਨਾਂ ਨੂੰ ਆਪੇ ਹੀ ਪਤਾ ਲਗ ਜਾਵੇਗਾ। ਮੈਨੂੰ ਉਨ੍ਹਾਂ ਦੀਆਂ ਗੱਲਾਂ ਬਾਰੇ ਕਹਿਣ ਦੀ ਖੇਚਲ ਹੀ ਨ ਕਰਨੀ ਪਏ। ਸਾਨੂੰ ਇਹ ਵੇਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਹ ਬਾਹਰ ਕੀ ਗੱਲਾਂ ਕਰਦੇ ਹਨ ਅਤੇ ਇਸ ਹਾਊਸ ਵਿਚ ਕਿਸ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਹਨ। (ਸ੍ਰੀ ਜਗਨ ਨਾਥ ਵਲੋਂ ਵਿਘਨ) ਮੈਂ ਇਸ ਨੂੰ ਕੀ ਆਖਾਂ। ਇਸ ਦੀ ਅਜੇ ਛੋਟੀ ਉਮਰ ਹੈ। ਇਸ ਨੂੰ ਕੁਝ ਹਾਉਸ ਦੀਆਂ ਰਵਾਇਤਾਂ ਬਾਰੇ ਸਿਖਣਾ ਚਾਹੀਦਾ ਹੈ। ਜਨਾਬ ਚੇਅਰਮੈਨ ਸਾਹਿਬ,..

[*Mr. Speaker in the Chair*]

ਮੈਨੂੰ ਅਫਸੋਸ ਹੈ। ਸਪੀਕਰ ਸਾਹਿਬ, ਪੰਜਾਬ ਵਿਚ ਫੈਮਿਨ ਦੇ ਹਾਲਾਤ ਹਨ। ਇਨ੍ਹਾਂ ਦਾ ਸਾਨੂੰ ਪਤਾ ਹੈ। ਮਹਿੰਦਰਗੜ ਦੇ ਜ਼ਿਲੇ ਵਿਚ, ਹਿਸਾਰ. ਰੋਹਤਕ ਅਤੇ ਗੁੜਗਾਵਾਂ ਦੇ ਕੁਝ ਹਿੱਸੇ ਵਿਚ ਡਰਾਟ ਦੀ ਆਮ ਸ਼ਕਾਇਤ ਹੈ ਕਿਉਂਕਿ ਮੀਂਹ ਨਹੀਂ ਪਿਆ, ਇਸ ਕਰਕੇ ਜਿਹੜੀ ਮਾੜੀ ਮੋਟੀ ਫਸਲ ਵੀ ਸੀ ਉਹ ਕੋਰੇ ਨੇ ਮਾਰ ਦਿਤੀ ਹੈ। ਮੈਂ ਅਰਜ਼ ਕਰਾਂ ਕਿ ਇਸਦੇ ਲਈ ਅਸੀਂ ਕੀ ਕਰਨਾ ਹੈ। ਜਿੱਥੋਂ ਤੱਕ ਡਰਾਟ ਦਾ ਤਅੱਲੁਕ ਹੈ ਇਸ ਦੇ ਲਈ ਜਿਤਨੇ ਕੁ ਪੈਸੇ ਅਸੀਂ ਕਢ ਸਕਦੇ ਹਾਂ ਉਹ ਬੜੀ ਖੁੱਲ੍ਹ ਦਿਲੀ ਨਾਲ ਅਸੀਂ ਦੇ ਰਹੇ ਹਾਂ। ਇਸ ਬਾਰੇ ਰੈਵਨਿਊ ਮਨਿਸਟਰ ਸਾਹਿਬ ਨੇ ਵੀ ਆਖਿਆ ਹੈ ਕਿ ਕਿਵੇਂ ਇਸ ਦਾ ਮੁਕਾਬਲਾ ਕਰ ਰਹੇ ਹਾਂ. ਅਜੇ ਇਹ ਚੀਜ਼ ਸਾਨੂੰ ਦੱਸਣ ਦੀ ਲੋੜ ਨਹੀਂ, ਜੇ ਲੋੜ ਵੀ ਪਈ ਤਾਂ ਅਸੀਂ ਇਸ ਮੁਆਮਲੇ ਵਿਚ ਲੋਕਾਂ ਦੀ ਵੱਧ ਤੋਂ ਵੱਧ ਇਮਦਾਦ ਕਰਾਂਗੇ। ਇਸ ਵਿਚ ਬਹੁਤ ਹੱਦ ਤੱਕ ਅਸੀਂ ਇਮਦਾਦ ਵੀ ਕੀਤੀ ਹੈ। ਅਸੀਂ ਤਾਂ ਆਪਣੇ ਸੂਬੇ ਦੀ ਤਰੱਕੀ ਕਰਨੀ ਹੈ ਅਤੇ ਉਨ੍ਹਾਂ ਦੀ ਕਰਨੀ ਹੈ ਜਿਹੜੇ ਕੰਮ ਕਰਕੇ ਰੋਟੀ ਖਾਂਦੇ ਹਨ। ਇਹ ਅੱਜ ਹੀ ਨਹੀਂ, ਅਸੀਂ ਸ਼ੁਰੂ ਤੋਂ ਹੀ ਐਸੇ ਲੋਕਾਂ ਦੀ ਇਮਦਾਦ ਕਰਦੇ ਆਏ ਹਾਂ। ਮੈਂ ਤਾਂ ਕਈ ਮੈਂਬਰਾਂ ਦੀ ਇਸ ਗੱਲ ਤੋਂ ਹੈਰਾਨ ਹਾਂ ਕਿ ਉਹ ਕਹਿੰਦੇ ਹਨ ਕਿ ਫਰਾਸਟ ਆ ਗਿਆ ਤੇ ਉਨ੍ਹਾਂ ਨੇ ਕਿਹਾ ਹੈ ਕਿ ਲੋਕ ਭੁੱਖੇ ਮਰ ਰਹੇ ਹਨ। ਮੈਂ ਅਰਜ਼ ਕਰਾਂ ਕਿ ਫਰਾਸਟ ਦਾ ਅਸਰ ਤਾਂ ਰਬੀ ਕਰਾਪ ਤੇ ਹੈ ਅਤੇ ਜਿਹੜੀ ਹਾੜ੍ਹੀ ਦੀ ਫਸਲ ਹੈ ਇਸ ਤੋਂ ਬਾਦ ਅਜੇ ਤਾਂ ਅਨਾਜ ਨੇ ਆਉਣਾ ਹੈ। (ਵਿਘਨ)

ਸਰਦਾਰ ਲਛਮਣ ਸਿੰਘ ਗਿੱਲ: ਆਦਮੀ ਤਾਂ ਨਹੀਂ, ਚਾਰੇ ਦੀ ਘਾਟ ਨਾਲ ਡੰਗਰ ਤਾਂ ਮਰਨਗੇ।

ਮੁੱਖ ਮੰਤਰੀ: ਮੈਂ ਕਿਹਾ ਹੈ ਕਿ ਲੋਕ ਭੁੱਖੇ ਮਰ ਰਹੇ ਹਨ, ਇਹ ਡੰਗਰਾਂ ਦੀ ਗੱਲ ਨਹੀਂ।

ਸਰਦਾਰ ਲਛਮਣ ਸਿੰਘ ਗਿੱਲ : ਸਰਦਾਰ ਜੀ, ਜੇ ਜੱਟ ਦਾ ਬਲ੍ਹਦ ਮਰ ਜਾਵੇ ਤਾਂ ਜੱਟ ਕਿਹੜਾ ਜਿਉਂਦਾ ਰਹਿ ਜਾਂਦਾ ਹੈ, ਸਮਝੋ ਉਹ ਵੀ ਮਰ ਗਿਆ । (ਵਿਘਨ)

Mr. Speaker : The Opposition had its say. Now let the hon'ble Chief Minister reply to the Debate.

ਮੁੱਖ ਮੰਤਰੀ : ਮੈਂ ਤਾਂ ਸਿਰਫ ਇਹ ਕਹਿਣਾ ਚਾਹੁੰਦਾ ਸੀ, ਸਪੀਕਰ ਸਾਹਿਬ, ਕਿ ਇਹ ਅਸਲ ਗੱਲ ਨਹੀਂ ਦਸਦੇ ਬਲਕਿ ਸਾਰੀ ਗੱਲ ਨੂੰ ਐਗਜ਼ੈਜਰੇਟ ਕਰਕੇ ਹੀ ਦਸਦੇ ਹਨ । ਮੈਂ ਤਾਂ ਸਿਰਫ ਇਹੋ ਚੀਜ਼ ਦਸਣੀ ਚਾਹੁੰਦਾ ਹਾਂ ਕਿ 2, 3 ਸੱਜਨਾਂ ਨੇ ਮਹਿਜ਼ ਇਸ ਗੱਲ ਤੇ ਹੀ ਜ਼ੋਰ ਦਿਤਾ ਕਿ ਫਰਾਸਟ ਨਾਲ ਸਾਡੇ ਲੋਕ ਭੁੱਖੇ ਮਰ ਗਏ ਹਨ। ਫਰਾਸਟ ਦਾ ਇਲਾਜ ਅਸੀਂ ਸਤੰਬਰ ਤੱਕ ਕਰਨਾ ਹੈ । ਅਗਲੀ ਫਸਲ ਸਾਉਣੀ ਦੀ ਆਉਣੀ ਹੈ, ਜਿਹੜੀ ਕਿ ਅਜੇ ਪੱਕੀ ਨਹੀਂ । ਐਨੀ ਦੇਰ ਤੱਕ ਅਸੀਂ ਇਸ ਦਾ ਇਲਾਜ ਕਰਨਾ ਹੈ । ਮੈਂ ਯਕੀਨ ਦਿਲਾਉਂਦਾ ਹਾਂ ਕਿ ਅਸੀਂ ਪੰਜਾਬ ਨੂੰ ਇਹੋ ਜਿਹੀਆਂ ਕੁਦਰਤੀ ਕੈਲੈਮੇਟੀਜ਼ ਵਿਚ ਕਿਵੇਂ ਵੀ ਝੁਕਣ ਨਹੀਂ ਦੇਣਾ ਅਤੇ ਇਸ ਨੂੰ ਹਰ ਹਾਲਤ ਵਿਚ ਉਚਾ ਰੱਖਣਾ ਹੈ । ਪਰ ਕਈ ਭਰਾਵਾਂ ਨੇ ਤਾਂ ਫੈਮਿਨ ਦੇ ਸਿਲਸਲੇ ਵਿਚ ਏਥੋਂ ਤੱਕ ਕੁਝ ਕਿਹਾ ਹੈ ਕਿ ਜਿਸ ਨੂੰ ਮਨ ਨਹੀਂ ਲਾਇਆ ਜਾ ਸਕਦਾ । ਫੇਮਿਨ ਦਰਅਸਲ ਮਹਿੰਦਰ ਗੜ੍ਹ ਦੇ ਜ਼ਿਲੇ ਵਿਚ ਤਹਿਸੀਲ ਭਿਵਾਨੀ ਤੇ ਤਹਿਸੀਲ ਰੀਵਾੜੀ ਦੇ ਵਿਚ ਹੈ । ਇਹ ਫ਼ਰਾਸਟ 10 ਸਾਲ ਤੋਂ ਬਾਦ ਆਇਆ ਹੈ । ਹਿਸਾਰ ਵਿਚ ਪਾਣੀ ਨਾ ਮਿਲਣ ਕਾਰਨ ਆਉਂਦਾ ਸੀ । ਪਰ ਉਹ ਗਲ ਹੁਣ ਖਤਮ ਹੋ ਗਈ । ਗੁੜਗਾਉਂ ਵਿਚ ਅਤੇ ਤਹਿਸੀਲ ਰੀਵਾੜੀ ਵਿਚ ਜਿਥੇ ਪਾਣੀ ਦੀ ਕਮੀ ਹੈ, ਪਾਣੀ ਦੀ ਸਪਲਾਈ ਲਈ ਸਾਡੀ ਲਿਫਟ ਸਕੀਮ ਹੈ। ਅਸੀਂ ਇਸ ਸਕੀਮ ਨੂੰ ਵੱਧ ਤੋਂ ਵੱਧ ਪੈਸਾ ਖਰਚ ਕੇ ਕਾਮਿਆਬ ਬਨਾਉਣਾ ਚਾਹੁੰਦੇ ਹਾਂ । ਇਹ ਸਕੀਮ ਦਾ ਅਸੀਂ ਭਿਵਾਨੀ ਅਤੇ ਰੀਵਾੜੀ ਦੀ ਤਹਿਸੀਲ ਤੇ ਜ਼ੋਰ ਲਾਉਣਾ ਚਾਹੁੰਦੇ ਹਾਂ। ਯਕੀਨ ਕਰੋ ਕਿ ਇਸ ਸਕੀਮ ਨਾਲ ਲੋਕਾਂ ਦੀ ਭੁਖ ਦੂਰ ਹੋਵੇਗੀ। ਇਸ ਸਿਲਸਲੇ ਵਿਚ ਹੋਰ ਵੀ ਸਬਸੀਡੀਜ਼ ਅਸੀਂ ਇਨ੍ਹਾਂ ਲੋਕਾਂ ਨੂੰ ਇਨ੍ਹਾਂ ਦੀ ਇਮਦਾਦ ਵਾਸਤੇ ਦੇਣਾ ਚਾਹੁੰਦੇ ਹਾਂ । ਮੈਂ ਫੇਰ ਆਪ ਨੂੰ ਯਕੀਨ ਦਿਲਾਉਂਦਾ ਹਾਂ ਕਿ ਤਹਿਸੀਲ ਮਹਿੰਦਰ ਗੜ੍ਹ ਦੇ ਵਿਚ ਜਿਹੜਾ ਕਾਲ ਹੈ ਅਸੀਂ ਇਸ ਨੂੰ ਕਢਣ ਦੇ ਯਤਨ ਕਰਾਂਗੇ (ਤਾੜੀਆਂ) । ਇਸ ਸਾਰੀ ਚੀਜ਼ ਲਈ, ਸਪੀਕਰ ਸਾਹਿਬ, ਵਕਤ ਦੀ ਲੋੜ ਹੈ । ਹਿਸਾਰ ਵਿਚ ਜਦੋਂ ਕਾਲ ਪਿਆ ਸੀ ਓਦੋਂ ਹੀ ਪੂਰਾ ਨਹੀਂ ਹੋ ਗਿਆ ਸੀ । ਉਸ ਨੂੰ ਵੀ ਵਕਤ ਦੀ ਜ਼ਰੂਰਤ ਸੀ । ਇਤਨੀ ਦੇਰ ਤੱਕ ਉਹ ਮਰ ਨਹੀਂ ਜਾਣਗੇ ।

ਸਰਦਾਰ ਗੁਰਚਰਨ ਸਿੰਘ : ਤੁਸੀਂ ਤਾਂ ਮੇਰਾ ਖਿਆਲ ਹੈ ਅਜੇ ਜਿਉਂਦੇ ਹੀ ਹੋ ।

Sardar Lachhman Sinth Gill : On a point of Order, Sir. Can such an insinuation be made ?

Mr. Speaker : He never meant that. It was just a joke.

Sardar Gurnam Singh : Is it a joke, Sir, and if so, is it a decent joke ?

(*Interruptions*)

Mr. Speaker : Please, please.

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਤਾਂ ਇਕ ਹਾਸੇ ਦੀ ਗੱਲ ਹੈ ਕਿ ਤੂੰ ਮਰ ਤਾਂ ਨਹੀਂ ਗਿਆ ।

ਸਰਦਾਰ ਗੁਰਚਰਨ ਸਿੰਘ : ਵਾਰੀ ਤਾਂ ਤੇਰੀ ਹੈ।

ਮੁਖ ਮੰਤਰੀ : ਮੈਂ ਇਕ ਗੱਲ ਦੱਸਾਂ ਕਿ ਜੇ ਕਿਸੇ ਨੂੰ ਕਿਹਾ ਜਾਵੇ ਕਿ ਤੂੰ ਮਰ ਗਿਆ ਤਾਂ ਉਹ ਮਰਦਾ ਨਹੀਂ ਸਗੋਂ ਉਸ ਦੀ ਉਮਰ ਵਧਦੀ ਹੈ, ਸਗੋਂ ਉਹ ਛੇਤੀ ਮਰਨ ਦੀ ਬਜਾਏ ਚਰੋਕਣਾ ਮਰਦਾ ਹੈ ।

ਸਰਦਾਰ ਲਛਮਨ ਸਿੰਘ ਗਿੱਲ: ਕੋਈ ਚੰਗੀ ਗੱਲ ਵੀ ਆਉਂਦੀ ਹੈ ?

ਮੁਖ ਮੰਤਰੀ: ਮੈਂ ਤਾਂ ਚੰਗੀ ਵੀ ਸੁਣਾ ਦਿਆਂਗਾ । ਚੰਗੀ ਕਹੋਗੇ ਤਾਂ ਚੰਗੀ ਸੁਣੋਗੇ।

Mr. Speaker : I would request Sardar Lachhman Singh Gill not to interrupt the Chief Minister and to listen to his speech, as he had been listening to the speeches made from the Opposition side without any interruption.

ਮੁਖ ਮੰਤਰੀ : ਮੈਂ ਪੁਛਦਾ ਹਾਂ ਕਿ ਏਥੇ ਫਰਾਸਟ ਆਇਆ, ਇਸ ਦੇ ਵਿਚ ਪੰਜਾਬ ਸਰਕਾਰ ਦਾ ਕੀ ਕਸੂਰ ਸੀ । ਫੇਰ ਏਥੇ ਇਕ ਗੱਲ ਹੋਰ ਕੀਤੀ ਗਈ । ਉਹ ਇਹ ਕਿ ਇਨ੍ਹਾਂ ਨੇ ਮੇਰੇ ਕਹਿਣ ਨੂੰ ਗਲਤ ਆਖਿਆ ਹੈ ਕਿ ਪੈਦਾਵਾਰ ਦੁੱਗਣੀ ਨਹੀਂ ਹੋਣੀ । ਇਨ੍ਹਾਂ ਨੇ ਮੇਰੀ ਇਸ ਗੱਲ ਦਾ ਵਿਰੋਧ ਕੀਤਾ ਹੈ। (ਵਿਘਨ) ਜਿਨ੍ਹਾਂ ਨੇ ਮੇਰੀ ਇਸ ਗੱਲ ਨੂੰ ਰਿਡੀਕਿਊਲ ਕਰਨ ਦਾ ਯਤਨ ਕੀਤਾ ਹੈ ਮੈਂ ਉਨ੍ਹਾਂ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਜੇ ਸਾਰੇ ਸਹਿਯੋਗ ਦਿਉ ਤਾਂ ਮੇਰੀ ਗੱਲ ਤੇ ਯਕੀਨ ਜਾਣੋ, ਇਹ ਕੋਈ ਔਖੀ ਗੱਲ ਨਹੀਂ । ਮੈਂ ਅਰਜ਼ ਕਰਾਂ ਕਿ ਤੁਸੀਂ ਐਨੇ ਸਮਝਦਾਰ ਐਮ. ਐਲ. ਏ ਸਾਹਿਬਾਨ ਹੋ, ਇਹ ਗੱਲ ਤਾਂ ਹਰ ਕੋਈ ਜ਼ਿਮੀਂਦਾਰ ਸਮਝ ਸਕਦਾ ਹੈ । 13 ਮਣ ਫੀ ਏਕੜ ਇਰੀਗੇਟਿਡ ਏਰੀਆ ਵਿਚੋਂ ਝਾੜ ਨਿਕਲਦਾ ਹੈ । ਉਹ ਵੀ...... (ਵਿਘਨ)

ਸਰਦਾਰ ਲਛਮਣ ਸਿੰਘ ਗਿੱਲ: 13 ਮਣ ਹੀ ਉਥੇ ਦੀ ਪੈਦਾਵਾਰ ਹੋਵੇਗੀ, ਦੁਗਣੀ ਕਿਵੇਂ ਹੋਈ ?

ਮੁੱਖ ਮਤਰੀ : ਨਾਲਾਇਕ ਮੈਂਬਰ ਆ ਗਏ ਹਨ , ਫਿਗਰ ਦੀ ਵੀ ਗੱਲ ਨਹੀਂ ਸਮਝਦੇ ।

ਸਰਦਾਰ ਲਛਮਣ ਸਿੰਘ ਗਿੱਲ: ਸਪੀਕਰ ਸਾਹਿਬ, ਚੀਫ ਮਨਿਸਟਰ ਨੇ ਮੈਨੂੰ ਨਾਲਾਇਕ ਕਿਹਾ ਹੈ । ਇਹ ਆਪਣੀ ਕਾਬਲੀਅਤ ਦਾ ਮੇਰੇ ਨਾਲ ਮੁਕਾਬਲਾ ਕਰ ਲਵੇ । ਇਸ ਨੇ ਮੈਨੂੰ ਇਕ ਦਫਾ ਨਾਲਾਇਕ ਕਿਹਾ ਹੈ, ਮੈਂ ਇਸ ਨੂੰ 1,000 ਦਫਾ ਨਾਲਾਇਕ ਕਹਿੰਦਾ ਹਾਂ ।

Mr. Speaker : Sardar Sahib, I would request you to avoid the use of words like 'Nalaik'.

ਮੁਖ ਮੰਤਰੀ : ਮੈਂ ਅਰਜ਼ ਕਰਦਾ ਹਾਂ ਕਿ ਤੁਸੀਂ ਵੀ ਨਕਤਾ ਚੀਨੀ ਖਤਮ ਕਰਾਉਂਦੇ ਹੋਏ, ਸਪੀਕਰ ਸਾਹਿਬ, ਮੇਰੀ ਹੈਲਪ ਕਰੋਗੇ ।

Mr. Speaker : I would request Sardar Lachhman Singh Gill to fight out the issue outside in Patti elections, and not to interrupt the Chief Minister now.

Sardar Lachhman Singh Gill : Well, we will meet him outside also. We give him a challenge.

Mr. Speaker : Please, please.

Chief Minister : Mr. Speaker, I would request you not to ....

Mr. Speaker : I only requested the Chief Minister to avoid the use of bad words. I will be the last person to do any criticism.

Chief Minister : Sir, I would request you to help me and avoid any interruptions from the Members sitting opposite.

Mr. Speaker : I am already helping.

ਮੁਖ ਮੰਤ੍ਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜੋ ਕੁਝ ਮੈਂ ਆਖ ਰਿਹਾ ਹਾਂ ਇਹ ਮੇਰੀ ਗੱਲ ਨੂੰ ਫਾਲੋ ਨਹੀਂ ਕਰ ਰਹੇ । ਜੇ ਇਹ ਹਲ਼ ਆਪ ਵਾਹੁਣ, ਆਪ ਬੀਜ ਤਿਆਰ ਕਰਨ ਅਤੇ ਇਸ ਕਾਬਲ ਹੋ ਜਾਣ ਕਿ ਸਾਰੀ ਮਸ਼ੀਨਰੀ ਦੀ ਹੈਲਪ ਆਪ ਹੀ ਕਰਨ ਯੋਗ ਹੋ ਜਾਣ ਤਾਂ ਮੈਂ ਸਮਝ ਨਹੀਂ ਸਕਿਆ ਇਹ ਘਾਟਾ ਕਿਵੇਂ ਨਹੀਂ ਪੂਰਾ ਹੋ ਸਕਦਾ । ਜੇ ਇਹ ਹੋ ਜਾਵੇ ਤਾਂ ਕਿਸਾਨ ਦੀ ਫਸਲ ਵੀ ਆਪਣੇ ਆਪ ਦੁਗੱਣੀ ਹੋ ਹੀ ਜਾਣੀ ਹੈ । ਮੈਂ ਇਕ ਇਰੀਗੇਟਿਡ ਏਰੀਏ ਦੀ ਗੱਲ ਕਰਦਾ ਹਾਂ । ਜੇ ਉਸ ਵਿਚ ਪੂਰੀ ਤਰ੍ਹਾਂ ਖਾਦ ਪਾਈ ਜਾਵੇ, ਬਾਰ ਬਾਰ ਹਲ਼ ਫੇਰਿਆ ਜਾਵੇ, ਪਾਣੀ ਵਕਤ ਸਿਰ ਮਿਲਦਾ ਜਾਵੇ ਤਾਂ ਮੈਨੂੰ ਦੱਸਣ ਕਿ ਕੀ ਓਥੋਂ 20, 25 ਜਾਂ 26 ਮਣ ਦੀ ਪੈਦਾਵਾਰ ਨਹੀਂ ਹੋ ਸਕਦੀ ? ਇਹ ਤਾਂ ਪੁਰਾਣੇ ਜ਼ਮਾਨੇ ਦੀਆਂ ਗੱਲਾਂ ਕਰਦੇ ਹਨ । ਹਾਂ, ਪੰਜਾਬ ਵਿਚ ਇਹ ਜਿਹੜਾ ਡਰਾਟ ਆ ਗਿਆ ਹੈ ਇਸ ਦੇ ਨਾਲ ਬੜਾ ਨੁਕਸਾਨ ਹੋਇਆ । ਤੁਸੀਂ ਕਹਿੰਦੇ ਹੋ ਕਿ ਡਬਲ ਪਰੋਡਕਸ਼ਨ ਨਹੀਂ ਹੋ ਸਕਣੀ । ਮੈਂ ਕਹਿੰਦਾ ਹਾਂ ਕਿ ਅਸੀਂ ਸਾਰਾ ਜ਼ੋਰ ਲਾਕੇ ਪਰੋਡਕਸ਼ਨ ਜ਼ਰੂਰ ਡਬਲ ਕਰ ਦਿਆਂਗੇ । ਜੇ ਤੁਸੀਂ ਵੀ ਸਾਡੀ ਇਸ ਕੰਮ ਵਿਚ ਮਦਦ ਕਰੋਗੇ ਤਾਂ ਚੰਗੀ ਗੱਲ ਹੈ, ਨਹੀਂ ਤਾਂ ਮੈਨੂੰ ਯਕੀਨ ਹੈ ਕਿ ਇਧਰ ਵਾਲੇ ਸੱਜਣਾਂ ਦੀ ਮਦਦ ਦੇ ਨਾਲ ਅਸੀਂ ਪਰੋਡਕਸ਼ਨ ਦੁੱਗਣੀ ਕਰ ਹੀ ਦਿਆਂਗੇ । ਸਪੀਕਰ ਸਾਹਿਬ, ਇਤਨੇ ਹੜ੍ਹ ਆਉਣ ਦੇ ਬਾਵਜੂਦ ਵੀ ਅਸੀਂ 6 ਲਖ ਟਨ ਤੋਂ ਵਧ ਅਨਾਜ ਬਾਹਿਰ ਭੇਜਿਆ ਹੈ । ਹੁਣ ਦੇਸੀ ਕਣਕ ਮਹਿੰਗੀ ਹੋ ਜਾਣ ਤੇ ਅਸੀਂ ਸੈਂਟਰ ਵਾਲਿਆਂ ਕੋਲੋਂ ਇੰਪੋਰਟਿਡ ਕਣਕ ਲੈ ਕੇ ਖਾ ਰਹੇ ਹਾਂ ਅਤੇ ਸੈਂਟਰ ਵਾਲਿਆਂ ਨੂੰ ਕੋਈ ਪਾਬੰਦੀ ਨਹੀਂ ਲਗਾਉਣ ਦਿੱਤੀ ਕਿ ਅਸੀਂ ਇਤਨੀ ਕਣਕ ਤੋਂ ਵੱਧ ਨਹੀਂ ਦੇਣੀ । ਸਪੀਕਰ ਸਾਹਿਬ, ਸਾਡੇ ਪੰਜਾਬ ਦਾ 60 ਪ੍ਰਤੀ ਸ਼ਤ ਇਰੀਗੇਟਿਡ ਏਰੀਆ ਹੈ । ਜੇ ਅਸੀਂ ਉਸ ਦੇ ਵਿਚ ਪਰੋਡਕਸ਼ਨ ਦੁੱਗਣੀ ਨਾ ਕਰ ਸਕੀਏ ਤਾਂ ਮੈਂ ਸਮਝਦਾ ਹਾਂ ਕਿ ਇਹ ਚੀਜ਼ ਪੰਜਾਬ ਦੀ ਰਵਾਇਤ ਦੇ ਖਿਲਾਫ ਹੋਵੇਗੀ ।

ਇਕ ਮਾਨਯੋਗ ਮੈਂਬਰ : 16 ਸਾਲ ਕਿਥੇ ਫਿਰਦੇ ਰਹੇ ਹੋ ?

ਮੁਖ ਮੰਤ੍ਰੀ : ਮੈਂ ਸੁੱਤਾ ਨਹੀਂ ਰਿਹਾ, ਲੇਕਿਨ ਇਕ ਆਦਮੀ ਕਿਹੜੇ ਕਿਹੜੇ ਪਾਸੇ ਧਿਆਨ ਦੇ ਸਕਦਾ ਹੈ ।

ਕਾਮਰੇਡ ਰਾਮ ਚੰਦਰ : ਦੂਸਰੇ ਮਨਿਸਟਰ ਕਾਹਦੇ ਲਈ ਰਖੇ ਹੋਏ ਸਨ ।

ਮੁਖ ਮੰਤ੍ਰੀ : ਤੁਸੀਂ ਆਪ ਹੀ ਏਥੇ ਰੁਕਾਵਟਾਂ ਪਾਉਂਦੇ ਰਹੇ ਹੋਇਕ ਐਜੀਟੇਸ਼ਨ ਤੋਂ ਬਾਅਦ ਦੂਸਰੀ ਐਜੀਟੇਸ਼ਨ ਚਲੀ ਅਤੇ ਦੂਸਰੀ ਤੋਂ ਬਾਅਦ ਤੀਸਰੀ ਅਤੇ ਤੀਸਰੀ ਤੋਂ ਬਾਅਦ ਚੌਥੀ ਐਜੀਟੇਸ਼ਨ ਚਲਾਈ ਗਈ । ਇਸ ਦੇ ਵਿਚ ਕਈ ਕਾਂਗਰਸੀ ਜਿਹੜੇ ਕਿ ਦਿਲੋਂ ਕਾਂਗਰਸ ਦੇ ਵਿਰੁਧ

ਸਨ ਉਨ੍ਹਾਂ ਨੇ ਵੀ ਪਾਰਟ ਪਲੇ ਕੀਤਾ ਲੇਕਿਨ ਉਸ ਦੇ ਬਾਵਜੂਦ ਵੀ ਅਸੀਂ ਐਜੀਟੇਸ਼ਨਾਂ ਨੂੰ ਦਬਾਇਆ ਅਤੇ ਪੰਜਾਬ ਨੂੰ ਉੱਚਾ ਚੁਕਿਆ ਹੈ। ਜਿਹੜੇ ਲੋਕ ਬਾਹਿਰੋਂ ਆਉਂਦੇ ਹਨ ਉਹ ਸਾਨੂੰ ਪੰਜਾਬ ਦੀ ਤਰੱਕੀ ਵੇਖ ਕੇ ਕਰੈਡਿਟ ਦੇ ਜਾਂਦੇ ਹਨ, ਲੇਕਿਨ ਜਿਹੜੇ ਏਥੇ ਰਹਿੰਦੇ ਹਨ ਅਤੇ ਦਿਲੋਂ ਚਾਹੁੰਦੇ ਹਨ ਕਿ ਕਾਂਗਰਸ ਨੂੰ ਇਸ ਗੱਲ ਦਾ ਕਰੈਡਿਟ ਨਾ ਮਿਲੇ ਉਨ੍ਹਾਂ ਨੇ ਸਾਨੂੰ ਕਰੈਡਿਟ ਨਹੀਂ ਦੇਣਾ। (ਸ਼ੋਰ) (Interruptions)

Chief Minister : I hope, Mr. Speaker, you will kindly exert your influence.

Mr. Speaker : The honourable Chief Minister has reminded me about this thing twice or thrice. I can only request the hon'ble Members to co operate. If he wants me to name somebody, I can do that. But that will aggravate the situation.

Chief Minister : No, Sir; you are an able Speaker and when you wish to do a thing, you can do it.

Mr. Speaker : Sardar Gurnam Singh Jee, will you please help me in maintaining the decorum ?

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਐਵੇਂ ਹੀ ਐਜੀਟੇਟ ਹੋ ਗਏ ਹਨ ਹਾਲਾਂਕਿ ਸਾਰਾ ਹਾਊਸ ਕਾਮ ਹੈ।

ਮੁੱਖ ਮੰਤ੍ਰੀ : ਨਹੀਂ ਜੀ, ਮੈਂ ਐਜੀਟੇਟਿਡ ਨਹੀਂ ਹਾਂ ਅਤੇ ਨਾ ਹੀ ਮੈਂ ਹੋਣਾ ਹੈ ਲੇਕਿਨ ਜੇ ਖੱਪ ਪਏਗੀ ਤਾਂ ਮੈਨੂੰ ਟੌਪ ਆਫ ਦੀ ਵਾਇਸ ਤੇ ਬੋਲਣਾ ਪਏਗਾ, ਜਿਸ ਦਾ ਮੈਂ ਸਮਝਦਾ ਹਾਂ ਕਿ ਸਵਾਦ ਨਹੀਂ ਆਉਣਾ। ਇਸ ਲਈ ਕਿਰਪਾ ਕਰਕੇ ਮੈਨੂੰ ਸਮਝਾ ਲੈਣ ਦਿਓ। ਜਦੋਂ ਤੁਸੀਂ ਗਾਲ੍ਹਾਂ ਕਢਦੇ ਰਹੇ ਹੋ, ਉਹ ਵੀ ਮੈਂ ਹੱਸ ਕੇ ਸੁਣਦਾ ਰਿਹਾ ਹਾਂ। ਅਜੇ ਤਾਂ ਮੈਂ ਗਾਲ੍ਹਾਂ ਦਾ ਜਵਾਬ ਦੇਣ ਵਾਲੇ ਪਾਸੇ ਆਇਆ ਹੀ ਨਹੀਂ ਕਿਉਂਕਿ ਹਾਊਸ ਦੀ ਡਿਗਨਿਟੀ ਰਖਣੀ ਹੈ।

ਤੇ ਮੈਂ ਅਰਜ਼ ਕਰ ਰਿਹਾ ਸੀ ਕਿ ਦੂਗਣੀ ਪਰੋਡਕਸ਼ਨ ਕਰਨ ਲਈ ਕੋਈ ਚਿਰ ਨਹੀਂ ਲਗਦਾ, ਸਿਰਫ ਮਨ ਬਣਾਉਣ ਦੀ ਲੋੜ ਹੈ; ਤੁਹਾਨੂੰ ਪਿੰਡਾਂ ਵਿਚ ਜਾ ਕੇ ਲੋਕਾਂ ਨੂੰ ਕੰਟੈਕਟ ਕਰਨ ਦੀ ਲੋੜ ਹੈ। ਰੂਸ ਅਤੇ ਚੀਨ ਦਾ ਕਿਸਾਨ ਵੀ ਸਾਡੇ ਵਾਂਗ ਹੀ ਹੈ। ਰੂਸ ਦੇ ਐਗਰੀਕਲਚਰ ਮਨਿਸਟਰ ਨੇ ਰਾਤੀਂ ਤਕਰੀਰ ਕੀਤੀ ਸੀ। ਜਿਹੜੀਆਂ ਗੱਲਾਂ ਉਸ ਨੇ ਆਖੀਆਂ ਸਨ ਉਹੀ ਗੱਲਾਂ ਮੈਂ ਤੁਹਾਨੂੰ ਆਖ ਰਿਹਾ ਹਾਂ। ਜੇ ਤੁਸੀਂ ਇਕ ਇਕ ਖੇਤ ਨੂੰ ਚੰਗੀ ਤਰ੍ਹਾਂ ਨਾਲ ਲੁਕ ਆਫਟਰ ਕਰੋਗੇ ਤਾਂ ਸਾਰੀ ਚੀਜ਼ ਹੋ ਜਾਵੇਗੀ। ਮੈਂ ਕਹਿਦਾ ਹਾਂ ਕਿ ਜੇ ਤੁਸੀਂ ਸਾਰੇ ਆਪਣੇ ਆਪਣੇ ਹਲਕੇ ਦੇ ਪਿੰਡਾਂ ਵਿਚ ਜਾ ਕੇ ਕਿਸਾਨਾਂ ਨੂੰ ਪਰੇਰਨਾ ਕਰੋ ਤਾਂ ਉਨ੍ਹਾਂ ਨੂੰ ਅਸੀਂ ਚੰਗੇ ਬੀਜ ਦੇ ਕੇ, ਖਾਦ ਦੇ ਕੇ ਅਤੇ ਉਨ੍ਹਾਂ ਦੀ ਜ਼ਮੀਨ ਦਾ ਕੈਮੀਕਲ ਅਨੈਲੇਸਿਜ਼ ਕਰਕੇ ਦੋ ਤਿੰਨ ਸਾਲਾਂ ਦੇ ਵਿਚ ਦੁੱਗਣੀ ਫਸਲ ਪੈਦਾ ਕਰ ਸਕਦੇ ਹਾਂ ਅਤੇ ਪੰਜਾਂ ਸਾਲਾਂ ਦੇ ਵਿਚ ਚੌਗਣੀ ਪਰੋਡਕਸ਼ਨ ਹੋ ਸਕਦੀ ਹੈ। ਇੰਗਲੈਂਡ ਵਿਚ ਜੇ 30 ਮਣ ਫੀ ਏਕੜ ਪੈਦਾਵਾਰ ਹੋ ਸਕਦੀ ਹੈ, ਰੂਸ ਵਿਚ 26 ਮਣ ਹੋ ਸਕਦੀ ਹੈ ਜਾਂ ਆਸਟਰੇਲੀਆ ਦੇ ਵਿਚ ਇਸ ਤੋਂ ਵੀ ਵੱਧ ਹੋ ਸਕਦੀ ਹੈ ਤਾਂ ਪੰਜਾਬ ਦਾ ਕਿਸਾਨ ਵੀ ਬੜਾ ਬਲੀ ਹੈ, ਇਹ ਵੀ ਪੈਦਾਵਾਰ ਵਧਾ ਸਕਦਾ ਹੈ। ਏਥੇ ਸਿਰਫ ਚਾਰ ਚੀਜ਼ਾਂ ਹਨ ਜਿਹੜੀਆਂ ਵੇਲੇ ਸਿਰ ਨਹੀਂ ਹੁੰਦੀਆਂ, ਉਨ੍ਹਾਂ ਦਾ ਮੈਂ ਪਹਿਲੇ ਜ਼ਿਕਰ ਕਰ ਚੁਕਾ ਹਾਂ; ਉਹ ਅਸੀਂ ਸਰਕਾਰ ਕੋਲੋਂ ਵੇਲੇ ਸਿਰ ਕਰਵਾਉਣੀਆਂ ਹਨ। ਜੇ ਅਸੀਂ

[ਮੁੱਖ ਮੰਤਰੀ]

ਉਹ ਕਰਵਾ ਦਿਆਂਗੇ ਤਾਂ ਕੋਈ ਵਜਾਹ ਨਹੀਂ ਕਿ ਦੁਗਣੀ ਪਰੋਡਕਸ਼ਨ ਨਾ ਹੋਵੇ । ਮੈਂ ਜ਼ਾਤੀ ਗੱਲਾਂ ਵਿਚ ਨਹੀਂ ਪੈਣਾ ਚਾਹੁੰਦਾ । ਅਸੀਂ ਤਾਂ ਸੂਬੇ ਨੂੰ ਤਰੱਕੀ ਵਲ ਲੈ ਜਾਣਾ ਹੈ । ਮੈਂ ਜੋ ਕੁਝ ਕਹਿ ਰਿਹਾ ਹਾਂ ਇਸ ਨੂੰ ਸਲੋਗਨ ਨਾ ਸਮਝਿਆ ਜਾਵੇ । ਮੈਂ ਸਭ ਕੁਝ ਦਿਲੋਂ ਕਹਿ ਰਿਹਾ ਹਾਂ । ਅਸੀਂ ਇਸ ਵਿਚ ਕਾਮਯਾਬ ਹੋ ਸਕਦੇ ਹਾਂ ਸਿਰਫ ਲੋਕਾਂ ਵਿਚ ਸ਼ੌਕ ਪੈਦਾ ਕਰਨ ਦੀ ਲੋੜ ਹੈ, ਕਿਸਾਨ ਦੀ ਮਦਦ ਦੀ ਲੋੜ ਹੈ । ਜਿਹੜਾ ਆਨਰੇਬਲ ਮੈਂਬਰ ਆਪਣੇ ਹਲਕੇ ਦੇ ਵਿਚ ਪਰੋਡਕਸ਼ਨ ਵਧਾਉਣ ਲਈ ਪੂਰਾ ਜ਼ੋਰ ਨਹੀਂ ਲਗਾਉਂਦਾ ਅਤੇ ਜਿਹੜੀਆਂ ਚੀਜ਼ਾਂ ਕਿਸਾਨਾਂ ਲਈ ਅਸਾਨੀ ਨਾਲ ਮਹੱਈਆ ਹੋ ਸਕਦੀਆਂ ਹਨ ਉਹ ਨਹੀਂ ਕਰਦਾ, ਮੈਂ ਸਮਝਦਾ ਹਾਂ ਉਹ ਆਪਣੇ ਸੂਬੇ ਦੇ ਲੋਕਾਂ ਦੀ ਸੇਵਾ ਨਹੀਂ ਕਰਦਾ ।

ਸਰਦਾਰ ਤਾਰਾ ਸਿੰਘ ਲਾਇਲਪੁਰੀ : ਤੁਸੀਂ ਪਾਣੀ ਵੀ ਲੋਕਾਂ ਨੂੰ ਦਿਉ । ਪੈਦਾਵਾਰ ਕਿਸ ਤਰ੍ਹਾਂ ਵਧ ਸਕਦੀ ਹੈ ?

ਮੁਖ ਮੰਤ੍ਰੀ : ਮੈਂ ਨਵੇਂ ਪਾਣੀ ਦੀ ਗੱਲ ਨਹੀਂ ਕਰਦਾ। ਇਸ ਵੇਲੇ 13 ਮਣ ਫੀ ਏਕੜ ਪਰੋਡਕਸ਼ਨ ਹੋ ਰਹੀ ਹੈ। ਇਸ ਲਈ ਤੁਸੀਂ ਪਰਤਾਪ ਸਿੰਘ ਨੂੰ ਗਾਲ੍ਹੀਆਂ ਕਢਣ ਦੀ ਬਜਾਏ ਜੇ ਦਿਲਚਸਪੀ ਲਉ ਤਾਂ ਪੈਦਾਵਾਰ ਦੁਗਣੀ ਹੋ ਸਕਦੀ ਹੈ । ਮੈਂ ਆਪਣੇ ਸਾਹਮਣੇ ਬੈਠੇ ਵੀਰਾਂ ਨੂੰ ਇਕ ਵਾਰ ਫੇਰ ਕਹਿੰਦਾ ਹਾਂ ਕਿ ਤੁਸੀਂ ਕਾਂਗਰਸ ਪਾਰਟੀ ਨੂੰ ਨਿੰਦਣ ਦੇ ਵਿਚ ਹੀ ਨਾ ਰਹੋ ਬਲਕਿ ਆਪਣੇ ਆਪਣੇ ਹਲਕੇ ਦੇ ਵਿਚ ਜਾ ਕੇ ਕੰਮ ਕਰੋ । ਇਹ ਐਸੀ ਚੀਜ਼ ਹੈ ਜਿਸ ਦੇ ਵਿਚ ਸੇਵਾ ਦੀ ਸੇਵਾ ਹੈ ਅਤੇ ਸੂਬੇ ਲਈ ਮੇਵਾ ਹੈ ।

ਸਰਦਾਰ ਗੁਰਦਿਆਲ ਸਿੰਘ ਢਿੱਲੋਂ : ਸਪੀਕਰ ਸਾਹਿਬ, ਮੈਂ ਇਤਰਾਜ਼ ਕੀਤਾ ਸੀ ਕਿ ਦੁੱਗਣੀ ਪਰੋਡਕਸ਼ਨ ਨਹੀਂ ਹੋ ਸਕਦੀ । ਕੀ ਚੀਫ ਮਨਿਸਟਰ ਸਾਹਿਬ ਮੈਨੂੰ ਕਿਸੇ ਮੁਲਕ ਦੀ ਮਿਸਾਲ ਦੇ ਸਕਦੇ ਹਨ ਜਿੱਥੇ ਦਸਾਂ ਸਾਲਾਂ ਦੇ ਵਿਚ ਵੀ ਦੁਗਣੀ ਪਰੋਡਕਸ਼ਨ ਹੋ ਗਈ ਹੋਵੇ ? ਫਿਰ ਤਾਂ ਮੈਂ ਮੰਨ ਜਾਵਾਂਗਾ ਕਿ ਅਸੀਂ ਪਰੋਡਕਸ਼ਨ ਦੁਗਣੀ ਕਰ ਲਵਾਂਗੇ ।

ਮੁਖ ਮੰਤਰੀ : ਤੁਸੀਂ ਮੈਨੂੰ ਦਸੋ ਕਿ ਕਿਸੇ ਮੁਲਕ ਦੇ ਵਿਚ ਪਰ ਏਕੜ ਸਾਡੇ ਨਾਲੋਂ ਘੱਟ ਕਣਕ ਪੈਦਾ ਹੁੰਦੀ ਹੈ । ਮੈਂ ਸਮਝਦਾ ਹਾਂ ਸਰਕਾਰ ਨੂੰ ਏਸ ਵੇਲੇ ਇਕ ਚੀਜ਼ ਕਰਨੀ ਚਾਹੀਦੀ ਹੈ । ਜਿਤਨਾ ਪਾਣੀ ਇਸ ਵੇਲੇ ਮਿਲ ਰਿਹਾ ਹੈ ਜੇ ਤਾਂ ਉਸ ਦੇ ਨਾਲ ਤੁਸੀਂ 30 ਮਣ ਫੀ ਏਕੜ ਕਣਕ ਪੈਦਾ ਕਰ ਰਹੇ ਹੋ ਤਾਂ ਤੇ ਠੀਕ ਹੈ ਉਹ ਵਧ ਤਾਂ ਹੋਵੇਗੀ ਜੇਕਰ ਹੋਰ ਪਾਣੀ ਸਪਲਾਈ ਕੀਤਾ ਜਾਵੇ । ਮੇਰੀ ਅਰਜ਼ ਹੈ ਕਿ ਜਿਤਨਾਂ ਅਰਸਾ ਇਹ ਪਾਣੀ ਹੈ ਇਸੇ ਪਾਣੀ ਨਾਲ ਸਾਨੂੰ ਗੁਜ਼ਾਰਾ ਕਰਨਾ ਪਵੇਗਾ, ਭਾਵੇਂ ਇਕ ਪਾਣੀ ਦਿੰਦੇ ਹੋ, ਦੋ ਪਾਣੀ ਦਿੰਦੇ ਹੋ ਜਾਂ ਤਿੰਨ ਪਾਣੀ ਦਿੰਦੇ ਹੋ । ਜਦੋਂ ਅਸੀਂ ਇਸੇ ਪਾਣੀ ਨਾਲ 26 ਮਣ ਫੀ ਏਕੜ ਦੀ ਪੈਦਾਵਾਰ ਕਰ ਲਵਾਂਗੇ ਤਾਂ ਫੇਰ ਜੇ ਤੁਸੀਂ ਪਾਣੀ ਵਧਾਉਣ ਲਈ ਕਹੋਗੇ ਤਾਂ ਪਾਣੀ ਵੀ ਵਧਾਵਾਂਗਾ ਪਰ ਅਜੇ ਇਸੇ ਪਾਣੀ ਨਾਲ ਇਤਨੀ ਪੈਦਾਵਾਰ ਹੋ ਸਕਦੀ ਹੈ । ਹਾਂ, ਜੋ ਚੀਜ਼ ਘਾਟਾ ਕਰਨ ਵਾਲੀ ਹੈ ਉਹ ਹੈ ਫਸਲਾਂ ਦੀਆਂ ਬਿਮਾਰੀਆਂ । ਮੈਂ ਸਮਝਦਾ ਹਾਂ ਕਿ ਕਪਾਹ ਦੀ ਬਿਮਾਰੀ ਕਰਕੇ ਇਸ ਦੀ ਪੈਦਾਵਾਰ 15,20 ਮਣ ਤੋਂ ਵਧ ਨਹੀਂ ਜਾਂਦੀ ਹੈ । ਹਾਂ ਕੁਝ ਇਲਾਕੇ ਐਸੇ ਹਨ ਜਿਥੇ ਕਿ ਕਪਾਹ ਦੀ ਪੈਦਾਵਾਰ ਕਿਸੇ ਸੂਰਤ ਵਿਚ ਵੀ 7, 8 ਮਣ ਫੀ ਏਕੜ ਤੋਂ ਵੱਧ ਨਹੀਂ ਹੋ ਸਕਦੀ ਹੈ । ਮਿਸਾਲ ਦੇ ਤੌਰ ਤੇ ਅੰਮ੍ਰਿਤਸਰ ਦਾ ਏਰੀਆ ਹੈ, ਜਿਥੇ ਕਿ 7, 8 ਮਣ ਤੋਂ ਵੱਧ ਕਪਾਹ ਨਹੀਂ ਹੋ ਸਕਦੀ ਹੈ, ਕਿਉਂ ਜੋ ਸਾਇਲ ਹੀ ਐਸੀ ਹੈ । ਵੈਸੇ ਅੰਮ੍ਰਿਤਸਰ ਦੀ ਐਵਰੇਜ ਪੈਦਾਵਾਰ 5 ਮਣ ਦੇ ਕਰੀਬ ਹੈ । ਹਾਂ ਅਬੋਹਰ, ਫ਼ਿਰੋਜ਼ਪੁਰ, ਬਠਿੰਡਾ, ਹਿਸਾਰ ਵਿਚ ਜੇ ਪੂਰੀਆਂ ਸਹੂਲਤਾਂ ਨਾਲ ਕਪਾਹ

ਬੀਜਾਂਗੇ ਅਤੇ ਬਿਮਾਰੀਆਂ ਨੂੰ ਦੂਰ ਕਰ ਸਕਾਂਗੇ ਤਾਂ 20 ਮਣ ਤਕ ਕਪਾਹ ਦਾ ਝਾੜ ਨਿਕਲ ਆਵੇਗਾ। ਦਰਅਸਲ ਗੱਲ ਇਹ ਹੈ ਕਿ ਸਾਡੇ ਪੰਜਾਬ ਵਿਚ ਪੈਜ਼ੈਂਟ ਗੁਡ ਕਰਾਪਸ ਪੈਦਾ ਕਰਨ ਦਾ ਸ਼ੌਕ ਰਖਣ ਵਾਲਾ ਨਹੀਂ ਬਣਿਆ ਹੈ ਅਤੇ ਉਹ ਸਿਰਫ ਪੈਦਾ ਕਰਨ ਲਈ ਹੀ ਬੀਜਦਾ ਹੈ। ਇਸ ਤੋਂ ਅਲਾਵਾ ਉਹ ਸੋਚਦਿਆਂ ਸੋਚਦਿਆਂ ਹੀ ਯੀਲਡ ਵਧਾਉਣ ਵਿਚ ਇੰਟਰੈਸਟ ਲੈਂਦਾ ਹੈ। ਜੋ ਪਛਮੀ ਪੰਜਾਬ ਤੋਂ ਆਏ ਹਨ ਉਨ੍ਹਾਂ ਵਿਚ ਇਸ ਗੱਲ ਦਾ ਬੜਾ ਸ਼ੌਕ ਹੈ। ਉਹ ਦਸ ਦੇਣਗੇ ਕਿ ਇਤਨੀਆਂ ਛਿਟੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਇਤਨੀ ਉਨ੍ਹਾਂ ਨਾਲ ਕਪਾਹ ਦੀ ਪੈਦਾਵਾਰ ਹੋਵੇਗੀ। ਫ਼ਿਰੋਜ਼ਪੁਰ ਦੇ ਜ਼ਿਲੇ ਵਿਚ ਐਸੇ ਕਲਟੀਵੇਟਰ ਹਨ ਜੋ 25 ਮਣ ਕਪਾਹ ਵੀ ਕਢ ਲੈਂਦੇ ਹਨ। ਉਸ ਦੇ ਨਾਲ ਦੇ ਜ਼ਿਲੇ ਵਾਲੇ 8 ਮਣ ਅਤੇ ਉਸਦੇ ਨਾਲ ਦੇ ਜ਼ਿਲੇ ਵਾਲੇ 10 ਮਣ ਤਕ ਝਾੜ ਕੱਢ ਲੈਂਦੇ ਹਨ। ਮੈਂ ਕਹਿੰਦਾ ਹਾਂ ਕਿ ਉਹ ਕਿਹੜੀ ਚੀਜ਼ ਹੈ ਜੋ ਨਹੀਂ ਹੋ ਸਕਦੀ ਹੈ, ਲੇਕਿਨ ਲੋਕਾਂ ਵਿਚ ਕਾਂਸ਼ਸਨੈਸ ਪੈਦਾ ਹੋਣੀ ਜ਼ਰੂਰੀ ਹੈ। ਬਿਮਾਰੀਆਂ ਦਾ ਇਲਾਜ ਵੀ ਅਸੀਂ ਸੋਚ ਰਹੇ ਹਾਂ। ਮੈਂ ਜਾਣਦਾ ਹਾਂ ਕਿ ਹਿਸਾਰ, ਫ਼ਿਰੋਜ਼ਪੁਰ, ਬਠਿੰਡਾ ਵਗੈਰਾ ਵਿਚ ਜੇ ਅਸੀਂ ਵੱਧ ਤੋਂ ਵੱਧ ਤੇ ਰਿਆਇਤਨ ਦਵਾਈਆਂ ਦੇਵਾਂਗੇ ਤਾਂ ਬਹੁਤ ਪਰੋਡਕਸ਼ਨ ਨਿਕਲੇਗੀ। ਲੇਕਿਨ ਮੁਸ਼ਕਿਲ ਇਹ ਹੈ ਕਿ ਸਾਰੀਆਂ ਬਿਮਾਰੀਆਂ ਲਈ ਸਾਰੀਆਂ ਦਵਾਈਆਂ ਸਾਡੇ ਦੇਸ਼ ਵਿਚ ਨਹੀਂ ਬਣਦੀਆਂ ਹਨ ਅਤੇ ਸਿਰਫ ਥੋੜੀਆਂ ਦਵਾਈਆਂ ਹੀ ਬਣਦੀਆਂ ਹਨ, ਬਾਕੀ ਸਾਰੀਆਂ ਬਾਹਰੋਂ ਆਉਂਦੀਆਂ ਹਨ। ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਪਰ ਹੋ ਸਕਦਾ ਹੈ ਕਿ ਇਤਨੀਆਂ ਵੀ ਨਾ ਮਿਲਣ। ਇਸ ਦਾ ਮਤਲਬ ਇਹ ਨਹੀਂ ਕਿ ਡਬਲ ਪਰੋਡਕਸ਼ਨ ਤਾਂ ਹੋਵੇਗੀ ਜੇ ਅਸੀਂ ਇਨ੍ਹਾਂ ਦੇ ਕਾਰਖਾਨੇ ਆਪਣੇ ਦੇਸ਼ ਵਿਚ ਲਾਵਾਂਗੇ। ਅਸੀਂ ਇਨ੍ਹਾਂ ਹਾਲਾਤ ਦੇ ਹੁੰਦੇ ਹੋਏ ਵੀ ਡਬਲ ਪਰੋਡਕਸ਼ਨ ਕਰਨੀ ਹੈ। ਗੰਨੇ ਦੀ ਪੈਦਾਵਾਰ ਦੀ ਵੀ ਜੇ ਸਾਰੇ ਪੰਜਾਬ ਦੀ ਔਸਤ ਲਾਉ ਤਾਂ 350 ਜਾਂ 400 ਮਣ ਫ਼ੀ ਏਕੜ ਦੀ ਨਿਕਲਦੀ ਹੈ ਜਿਹੜੀ ਕਿ 800 ਜਾਂ 900 ਮਣ ਏਕੜ ਇਰੀਗੇਟਿਡ ਏਰੀਆ ਵਿਚ ਹੋਣੀ ਚਾਹੀਦੀ ਹੈ। ਜੇਕਰ ਇਸ ਤੋਂ ਘੱਟ ਹੋਵੇਗੀ ਤਾਂ ਇਹ ਸਾਡੇ ਲਈ ਸ਼ਲਾਘਾ ਯੋਗ ਗੱਲ ਨਹੀਂ ਹੋਵੇਗੀ। ਮੈਂ ਅਰਜ਼ ਕਰਦਾ ਹਾਂ ਕਿ ਐਸੀ ਗੱਲ ਨਹੀਂ ਕਿ ਸਿਰਫ ਬਿਮਾਰੀਆਂ ਕਰਕੇ ਹੀ ਪੈਦਾਵਾਰ ਘੱਟ ਹੁੰਦੀ ਹੈ। ਗੰਨੇ ਦੀਆਂ ਕਈ ਐਸੀਆਂ ਕਿਸਮਾਂ ਹਨ ਜੋ ਖੁਦ ਬਿਮਾਰੀਆਂ ਨੂੰ ਰੋਕਦੀਆਂ ਹਨ। ਮੈਂ ਜੋ ਇਹ ਕਿਤਾਬ, ਡਬਲ ਪਰੋਡਕਸ਼ਨ ਦੇ ਸਿਲਸਿਲੇ ਵਿਚ ਕਿ ਉਹ ਕਿਸ ਤਰ੍ਹਾਂ ਹੋ ਸਕਦੀ ਹੈ, ਤੁਹਾਨੂੰ ਦਿੱਤੀ ਹੈ, ਜੇਕਰ ਤੁਸੀਂ ਉਸ ਤੇ ਅਮਲ ਕਰੋਗੇ, ਅਪਣੇ ਹਲਕਿਆਂ ਵਿਚ ਜਾਕੇ ਲੋਕਾਂ ਨੂੰ ਐਸਾ ਕਰਨ ਲਈ ਕਹੋਗੇ ਕਿ ਬੀਜਣਾ ਇਸ ਤਰ੍ਹਾਂ ਹੈ, ਰੂੜੀ ਇਸ ਤਰ੍ਹਾਂ ਪਾਉਣੀ ਹੈ, ਪਾਣੀ ਇਤਨਾ ਦੇਣਾ ਹੈ, ਦਵਾਈਆਂ ਇਸ ਤਰ੍ਹਾਂ ਇਸਤੇਮਾਲ ਕਰਨੀਆਂ ਹਨ ਵਗੈਰਾ ਵਗਰਾ ਤਾਂ ਕੀ ਵਜਾਹ ਹੈ ਕਿ ਫਸਲਾਂ ਦੁਗਣੀਆਂ ਨਾ ਹੋਣ? ਜ਼ਰੂਰ ਹੋਣਗੀਆਂ। (ਵਿਘਨ) ਠੀਕ ਹੈ ਜੇ ਪਰਤਾਪ ਸਿੰਘ ਦੁਗਣੀ ਕਰਨ ਲਈ ਕਹਿੰਦਾ ਹੈ ਤਾਂ ਤੁਸੀਂ ਡੇਢੀ ਵੀ ਨਾ ਕਰੋਗੇ? ਮੈਂ ਤਾਂ ਇਹੋ ਕਹਿਣਾ ਹੈ ਕਿ ਪਰੋਡਕਸ਼ਨ ਦੁਗਣੀ ਕਰਨੀ ਹੈ, ਇਸ ਤੋਂ ਘੱਟ ਨਹੀਂ ਕਰਨੀ। ਜੇਕਰ ਤੁਸੀਂ ਜ਼ੋਰ ਘੱਟ ਵੀ ਲਾਉਗੇ ਤਾਂ ਡੇਢੀ ਤਾਂ ਕਰਗੇ ਹੀ। ਮੈਂ ਕਹਿੰਦਾ ਹਾਂ ਜੇ ਅਸੀਂ ਸਾਰੇ ਮਿਲ ਕੇ ਹੰਭਲਾ ਮਾਰੀਏ ਤਾਂ ਪਰੋਡਕਸ਼ਨ ਦੁਗਣੀ ਤਾਂ ਕੀ ਤਿੱਗਣੀ ਹੋ ਸਕਦੀ ਹੈ।

ਸਰਦਾਰ ਲਛਮਣ ਸਿੰਘ ਗਿੱਲ : ਪਰ ਜਿਹੜਾ ਤੁਸੀਂ ਹਰ ਇਲਾਕੇ ਨੂੰ ਪੁਲੀਟੀਕਲ ਨਜ਼ਰੀਏ ਨਾਲ ਵੇਖਦੇ ਹੋ ਉਸ ਨਜ਼ਰੀਏ ਨੂੰ ਵੀ ਬਦਲੋ।

ਮੁਖ ਮੰਤਰੀ : ਇਹ ਗੱਲ ਉਸ ਵਕਤ ਕਹਿਣਾ ਜਦੋਂ ਕੋਈ ਇਸ ਤਰ੍ਹਾਂ ਕਰਦਾ ਹੋਵੇ। ਮੈਨੂੰ ਆਪ ਦੇ ਹਲਕੇ ਨਾਲ ਕਿਉਂ ਪਿਆਰ ਨਹੀਂ? ਹਿਸਾਰ ਨਾਲ ਕਿਉਂ ਪਿਆਰ ਨਹੀਂ? ਮੈਂ

[ਮੁਖ ਮੰਤਰੀ]

ਮਹਿੰਦਰਗੜ੍ਹ ਜ਼ਿਲੇ ਵਿਚ ਗਿਆ ਹਾਂ ਅਤੇ ਸਾਰਾ ਜ਼ੋਰ ਲਗਾਇਆ ਹੈ ਕਿ ਉਥੇ ਪਾਣੀ ਪਹੁੰਚਾਇਆ ਜਾਵੇ । ਅਸੀਂ ਉਥੇ ਪਹਾੜੀਆਂ ਤੋੜਨ ਦਾ ਵੀ ਯਤਨ ਕੀਤਾ ਹੈ ਲੇਕਿਨ ਐਸਾ ਨਹੀਂ ਕਰ ਸਕੇ ਹਾਂ ਅਸੀਂ ਸਾਰਾ ਪਤਾ ਕੀਤਾ ਹੈ । ਉਥੇ ਪਾਣੀ 100 ਫੁਟ ਨੀਚੇ ਹੈ ਅਤੇ ਮੈਂ ਉਥੇ ਇਹ ਫੈਸਲਾ ਕਰ ਆਇਆ ਹਾਂ ਕਿ ਉਥੇ 100 ਫੁਟ ਤੋਂ ਵੀ ਪਾਣੀ ਕਢ ਕੇ ਦੇਣਾ ਹੈ........(ਸ਼ੋਰ) ....ਲੁਹਾਰੂ ਦੇ ਇਲਾਕੇ ਵਿਚ....

ਸਰਦਾਰ ਤਾਰਾ ਸਿੰਘ ਲਾਇਲਪੁਰੀ : ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ....

Mr. Speaker: No please, he does not give way (*noise*).

ਸਰਦਾਰ ਲਛਮਣ ਸਿੰਘ ਗਿੱਲ : ਜੇਕਰ ਤੁਸੀਂ ਆਪਣੇ ਸੀਡ ਫਾਰਮਾਂ ਵਿਚ ਪਰੋਡਕਸ਼ਨ ਦੁਗਣੀ ਕਰ ਦਿਉਗੇ ਤਾਂ ਸਾਰੇ ਹੀ ਦੁਗਣੀ ਹੋ ਜਾਵੇਗੀ । ਪਹਿਲਾਂ ਆਪਣੇ ਘਰ ਵਿਚ ਤਾਂ ਦੁਗਣੀ ਕਰਕੇ ਵਿਖਾਉ ।

ਮੁਖ ਮੰਤਰੀ : ਇਹ ਡਬਲ ਪਰੋਡਕਸ਼ਨ ਇਕ ਆਦਮੀ ਦੇ ਜ਼ੋਰ ਨਾਲ ਹੀ ਨਹੀਂ ਹੋ ਸਕਦੀ ਹੈ ਕਿ ਮੈਂ ਇਕੱਲੇ ਨੇ ਹੀ ਕਰ ਦੇਣੀ ਹੈ ਬਲਕਿ ਤੁਸੀਂ ਇਕ ਇਕ ਹਲਕੇ ਨੂੰ ਲੈ ਲਓ ਅਤੇ ਉਸਨੂੰ ਆਪਣਾ ਘਰ ਬਣਾ ਲਓ । ਤੁਸੀਂ ਉਥੋਂ ਇਲੈਕਟ ਹੋਕੇ ਵੀ ਆਉਗੇ ਅਤੇ ਲੋਕਾਂ ਦਾ ਵੀ ਭਲਾ ਹੋਵੇਗਾ । ਮੈਂ ਲੁਹਾਰੂ ਦੇ ਇਲਾਕੇ ਵਿਚ ਪੰਜ ਚਾਰ ਸਾਲ ਪਹਿਲਾਂ ਕਾਫੀ ਫਿਰਿਆ ਹਾਂ । ਉਸ ਇਲਾਕੇ ਦਾ ਤੀਜਾ ਜਾਂ ਚੌਥਾ ਹਿੱਸਾ ਐਸਾ ਹੈ ਜਿਥੇ ਪਾਣੀ ਮਿੱਠਾ ਹੈ ਅਤੇ ਬਾਕੀ $\frac{2}{3}$ ਜਾਂ $\frac{3}{4}$ ਹਿਸੇ ਵਿਚ ਖਾਰਾ ਪਾਣੀ ਹੈ । ਮੈਂ ਆਈ. ਪੀ. ਐਮ. ਸਾਹਿਬ ਨੂੰ ਕਹਾਂਗਾ ਕਿ ਜਿਥੇ ਮਿੱਠਾ ਪਾਣੀ ਹੈ ਉਥੇ ਟਿਊਬਵੈਲਜ਼ ਰਾਹੀਂ ਪਾਣੀ ਕਢ ਕੇ ਲੋਕਾਂ ਨੂੰ ਸਿੰਜਾਈ ਲਈ ਪਾਣੀ ਦਿਤਾ ਜਾਵੇ । ਮੈਂ ਅਰਜ਼ ਕਰਦਾ ਹਾਂ ਕਿ ਪੈਸੇ ਦੀ ਕਮੀ ਦੇ ਬਾਵਜੂਦ ਭਾਵੇਂ ਬਜਟ ਡਿਫੇਸਿਟ ਹੋ ਜਾਵੇ ਅਤੇ ਜੇ ਬਜਟ ਵਿਚ ਪੈਸੇ ਨਾ ਹੋਣ ਤਾਂ ਸਪਲੀਮੈਂਟਰੀ ਬਜਟ ਰਾਹੀਂ ਲੈ ਲਉ ਪਰ ਲੁਹਾਰੂ ਵਿਚ ਪਾਣੀ ਜ਼ਰੂਰ ਦਿਉ । (ਸ਼ੋਰ) ਜੇਕਰ ਤੁਸੀਂ ਸਾਰਾ ਜ਼ੋਰ ਨਿੰਦਣ ਲਈ ਅਤੇ ਗਾਲ੍ਹਾਂ ਕਢਣ ਲਈ ਹੀ ਲਾ ਦਿਉਗੇ ਤਾਂ ਮੈਨੂੰ ਵੀ ਉਨ੍ਹਾਂ ਦਾ ਜਵਾਬ ਦੇਣ ਲਈ ਵਕਤ ਜ਼ਾਇਆ ਕਰਨਾ ਪਵੇਗਾ । ਇਸ ਲਈ ਆਉ ਰਲ ਕੇ ਕੋਈ ਕੰਸਟਰਕਟਿਵ ਕੰਮ ਕਰੀਏ । ਮੈਂ ਸਮਝਦਾ ਹਾਂ ਸਾਰੀਆਂ ਚੀਜ਼ਾਂ ਹੋ ਸਕਦੀਆਂ ਹਨ, ਜੇ ਵਿਲ ਹੋਵੇ । ਮੈਂ ਰਾਜਸਥਾਨ ਦਾ ਅਲਾਕਾ ਵੀ ਵੇਖਿਆ ਹੈ ਅਤੇ ਰਾਜਸਥਾਨ ਤੋਂ ਅਗੇ ਲੰਘ ਕੇ ਵੀ ਅਲਾਕਾ ਵੇਖਿਆ ਹੈ ਜਿਥੇ ਪੰਜਾਬੀ ਰਹਿੰਦੇ ਹਨ ਅਤੇ ਮੈਂ ਮਿਓਜ਼ ਦਾ ਅਲਾਕਾ ਵੀ ਵੇਖਿਆ ਹੈ । ਰਾਜਸਥਾਨ ਦੇ ਪਰਲੇ ਪਾਸੇ ਜਿਥੇ ਪੰਜਾਬੀ ਰਹਿੰਦੇ ਹਨ ਪੈਲੀ ਚੰਗੀ ਹੈ ਲੇਕਿਨ ਨਾਲ ਪੈਲੀ ਮਾੜੀ ਹੈ । ਮਿਓਜ਼ ਤੋਂ ਅਗਲੇ ਪਾਸੇ ਪੈਲੀ ਚੰਗੀ ਹੈ ਪਰ ਉਨ੍ਹਾਂ ਦੀ ਪੈਲੀ ਮਾੜੀ ਹੈ । ਜ਼ਮੀਨ ਇਕ ਹੈ ਲੇਕਿਨ ਵਾਹੀ ਕਰਨ ਵਾਲਿਆਂ ਵਿਚ ਫਰਕ ਹੈ । ਜੇਕਰ ਅਸੀਂ ਮਿਓਜ਼ ਨੂੰ ਸਮਝਾ ਦੇਈਏ ਅਤੇ ਜਿਸ ਚੀਜ਼ ਦੀ ਉਨ੍ਹਾਂ ਨੂੰ ਲੋੜ ਹੈ, ਜੇ ਬੈਲਾਂ ਲਈ ਮਦਦ ਦੀ ਲੋੜ ਹੈ, ਟਰੈਕਟਰਾਂ ਲਈ ਮਦਦ ਦੀ ਲੋੜ ਹੈ ਅਤੇ ਜੋ ਚਾਹੀਦਾ ਹੈ ਲੈਣ ਅਤੇ ਫੇਰ ਜੇ ਉਹ ਸਿਆਣਪ ਨਾਲ ਵਾਹੀ ਕਰਨ ਤਾਂ ਮੈਂ ਦਾਵੇ ਨਾਲ ਕਹਿ ਸਕਦਾ ਹਾਂ ਕਿ ਜੋ ਪੰਜਾਬ ਤੋਂ ਬਾਹਰ ਬੈਠੇ ਹਨ ਉਨ੍ਹਾਂ ਨਾਲੋਂ ਕਿਸੇ ਸੂਰਤ ਵਿਚ ਘੱਟ ਨਹੀਂ ਰਹਿਣਗੇ ।

पंडित चिरन्जी लाल शर्मा : आध घंटे से ज्यादा वक्त तो आपने इसी आइटम पर ले लिया है । आगे भी कोई बात करें ।

ਸਰਦਾਰ ਪ੍ਰਤਾਪ ਸਿੰਘ ਕੈਰੋਂ : ਮੈਂ ਪੰਡਿਤ ਚਿਰੰਜੀ ਲਾਲ ਸ਼ਰਮਾ ਦੀ ਸਪੀਚ 2, 3 ਬਾਰ ਪੜ੍ਹਵਾਈ ਸੀ, ਬਹੁਤ ਹੀ ਚੰਗੀ ਸੀ । ਅਗਰ ਐਗਰੀਕਲਚਰਲ ਪ੍ਰੋਡਕਸ਼ਨ ਨੂੰ ਵਧਾ ਸਕਿਆ

ਤਾਂ ਇਸ ਨਾਲ ਘਾਟਾ ਪੂਰਾ ਹੋ ਜਾਵੇਗਾ । ਬਲਕਿ ਅਗਰ ਮੈਂ ਮਾਨਯੋਗ ਆਪੋਜੀਸ਼ਨ ਮੈਂਬਰਾਂ ਦੀ ਤਵੱਜੋ ਇਸ ਵੱਲ ਕਰਾ ਸਕਿਆ ਤਾਂ ਮੈਂ ਸਸਝਦਾ ਹਾਂ ਕਿ ਮੇਰਾ ਬਜਟ ਸੈਸ਼ਨ ਕਾਲ ਕਰਨ ਦਾ ਮਕਸਦ ਪੂਰਾ ਹੋ ਜਾਵੇਗਾ ।

ਸਪੀਕਰ ਸਾਹਿਬ, ਮੈਂ ਹਰੀਜਨ ਵੈਲਫੇਅਰ ਦੇ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ । ਕਈ ਮਾਨਯੋਗ ਮੈਂਬਰਾਂ ਨੇ ਕਿਹਾ ਹੈ ਕਿ ਹਰੀਜਨਾਂ ਦੀ ਭਲਾਈ ਲਈ ਕੁਝ ਨਹੀਂ ਕੀਤਾ ਹੈ। ਮੈਂ ਹਰੀਜਨਾਂ ਲਈ ਪੈਸੇ ਦਿੱਤੇ ਹਨ । ਉਨ੍ਹਾਂ ਦੀ ਮਦਦ ਕੀਤੀ ਹੈ ਉਨ੍ਹਾਂ ਨੂੰ ਭੁਖੇ ਨਹੀਂ ਮਰਨ ਦਿੱਤਾ । $3\frac{1}{2}$ ਕਰੋੜ ਰੁਪਿਆ ਉਨ੍ਹਾਂ ਦੀ ਉਸਾਰੀ ਲਈ ਇਕੱਠਾ ਕੀਤਾ ਹੈ । ਆਪੋਜ਼ੀਸਨ ਦੇ ਮੈਂਬਰਾਂ ਦੀਆਂ ਗਾਲਾਂ ਸੁਣੀਆਂ, ਪਰ ਮੈਂ $3\frac{1}{2}$ ਕਰੋੜ ਰੁਪਏ ਤੋਂ ਵਧਾ ਕੇ 10 ਕਰੋੜ ਰੁਪਿਆ ਦੇਣ ਦਾ ਇਰਾਦਾ ਰਖਦਾ ਹਾਂ ।

(ਕਾਂਗ੍ਰਸ ਬੈਂਚਾਂ ਵਲੋਂ ਤਾੜੀਆਂ)

अब हम ने जो ज़िकरे दर्द छेड़ा तो यहां सिर्फ एक वज़ीर साहिब विराजमान हैं । खैर, मैं अब बिजली की बात करता हूं (घंटी) भाखड़ा का राइट बैंक पावर हाउस हमारे कांगड़ा में है । लेकिन जिस तहसील से यह बिजली बन कर आती है वहां बिजली नहीं दी जाती है । मैं अर्ज़ करूंगा कि भाखड़ा डैम का कोसरी गांव हमीरपुर तहसील में वाक्या है । चार पांच साल हुए उसे कांगड़ा से छीन कर ज़िला होशियारपुर में मिला दिया गया है । इन्जनियरिंग का यह शाहकार जो ज़िला कांगड़ा में था जिसे दुनिया भर के लोग देखने आते हैं और जो हमारी इज्जत का निशान था वह भी इस सरकार ने हमारे से छीन कर जिला होशियारपुर को दे दिया है । कोसरी गांव 84 एकड़ का रकबा है जो कि हमें वापिस दिया जाना चाहिए । इस गांव को इस लिए काट कर दिया गया था कि यह ऊना के नज़दीक है इस लिए वहां मुकदमात का फैसला जल्दी हुआ करेगा । लेकिन अब मैं अर्ज़ करता हूं कि हमारे बड़सर में जो वहां से सिर्फ 8 मील है नई सब-तहसील बन गई है । इस लिए इस गांव को वापिस कर दिया जाए, वहां लोग बड़ी शिद्दत से इस बात की मांग कर रहे हैं । (घंटी) बस दो मिनट और लूंगा

[श्री रूप सिंह फूल]
मैं बड़े फख्र से यह बात कह सकता हूं कि किसी इलाका की फौजी खिदमात का सुनहरी हरूफ में ब्यान किया जाए तो हमारे ज़िला कांगड़ा का नाम सबसे ऊपर है। सारी 2,500 casualties during the present Chinese aggression including dead and missing हुई हैं जिन में से अकेले ज़िला कांगड़ा की 195 हैं और उन में से तहसील हमीरपुर की 65 हैं। गोया न सिर्फ पंजाब में बल्कि सारे हिन्दुस्तान को अगर देखा जाए तो ज़िलावाईज तो हम सारे देश को भरती में और मैदाने जंग में मरने में लीड कर रहे हैं। हमें इस बात का फख्र है लेकिन इस का सिला हमें यह मिला है कि जहां दूसरे प्लान में हमारे हमीरपुर सबडिवीज़न में 119 मील सड़कें बननी थीं वहां सिर्फ 7 मील भी मुश्किल से बनी हैं। गो अर्थ वर्क तो 30/40 मील का हुआ है लेकिन मुकम्मल 7 मील भी नहीं हुई हैं। अगर ऐसी ही रफतार रही तो कम से कम 70 साल 119 मील सड़कें बनने को लगेंगे। कई ऐसे रूट्स हैं जो लोगों ने अपनी हिम्मत से बनाए हैं। मैं ने वज़ीर साहिबान के पास और महकमा ट्रांसपोर्ट का दरवाजा भी कई बार खटखटाया है लेकिन अभी तक वहां सर्विस चालू नहीं हुई है और जब फौजी लोग चन्द यौम की छुट्टी पर घर आते हैं तो अपने कंधों पर बोझ उठा कर पैदल घर जाते हैं। वह कहते हैं कि जब हम देश के लिए मरने के लिए जा रहे हैं तब तो कम से कम मोटर में सफर करने की सहूलियत मिलनी चाहिए। उन के मुंह से यह बात सुन कर हमारा सिर शर्म से झुक जाता है। यह हकूमत देश में सोशलिज़्म कायम करना चाहती है जिस के मायनी हैं कि गरीब और पसमांदा लोगों को ऊपर उठाना है। मेरी अर्ज़ है कि इस पसमांदा पहाड़ी इलाके के साथ अगर सौतीली मां का सलूक इस हकूमत की तरफ से भी किया जाएगा तो फिर और कौन सी सरकार आएगी जो हमारी भलाई करेगी? (घंटी) शुक्रिया जनाब।

ਸਰਦਾਰ ਕੁਲਬੀਰ ਸਿੰਘ (ਫਿਰੋਜ਼ਪੁਰ) : ਸਦਰੇ ਮੋਹਤਰਮ, ਮੇਰੇ ਤੋਂ ਪਹਿਲਾਂ ਜੋ ਦੋਸਤ ਬੋਲ ਰਹੇ ਸਨ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਬੜੀ ਚੰਗੀ ਸਪੀਚ ਕੀਤੀ ਹੈ ਲੇਕਿਨ ਉਨ੍ਹਾਂ ਤੋਂ ਪਹਿਲਾਂ ਜੋ ਉਨ੍ਹਾਂ ਦੀ ਪਾਰਟੀ ਦੇ ਸਜਣ ਬੋਲੇ ਹਨ ਉਹ ਤਾਂ ਹਿਜ਼ ਮਾਸਟਰ ਵਾਇਸ ਰਿਕਾਰਡ ਦੀ ਤਰ੍ਹਾਂ ਲਗੇ ਰਹੇ ਹਨ। ਉਨ੍ਹਾਂ ਨੇ ਸੋਚਿਆ ਕਿ ਖੁਸ਼ਾਮਦ ਕਰਨ ਦਾ ਬੜਾ ਸੁਨਹਿਰੀ ਮੌਕਾ ਮਿਲਿਆ ਹੈ। ਇਸ ਲਈ ਇਸਦਾ ਪੂਰਾ ਫਾਇਦਾ ਉਠਾਉਣਾ ਚਾਹੀਦਾ ਹੈ। ਖੈਰ ਮੈਂ ਇਹ ਗਲ ਛਡ ਕੇ ਅਸਲੀ ਮੌਜ਼ੂ ਤੇ ਆਂਦਾ ਹਾਂ। ਗਜ਼ਾਈ ਮਸਲਾ ਇਸ ਵਕਤ ਬੜੀ ਭਿਆਨਕ ਸੂਰਤ ਅਖਤਿਆਰ ਕਰ ਚੁਕਾ ਹੈ ਅਤੇ ਇਸ ਵਕਤ ਦੇਸ਼ ਦੇ ਹਾਲਾਤ ਬਹੁਤ ਖਰਾਬ ਹੋ ਰਹੇ ਹਨ। 1947 ਵਿਚ ਜਦੋਂ ਇਨ੍ਹਾਂ ਸਾਡੇ ਲੀਡਰਾਂ ਨੇ ਰਾਜ ਦੀ ਵਾਗਡੋਰ ਸੰਭਾਲੀ ਤਾਂ ਇਨ੍ਹਾਂ ਨੇ ਮੁਲਕ ਨੂੰ ਇਹ ਯਕੀਨ ਦਿਲਾਇਆ ਸੀ ਕਿ ਉਹ ਮੁਲਕ ਨੂੰ ਖੁਰਾਕ ਦੇ ਮਾਮਲੇ ਵਿਚ ਸੈਲਫ ਸਫੀਸ਼ੈਂਟ ਬਣਾ ਦੇਣਗੇ, ਸਨਅੱਤੀ ਤਰੱਕੀ ਹੋ ਜਾਵੇਗੀ ਅਤੇ ਇਥੇ ਬੈਲੇਂਸਡ ਇਕਾਨੋਮੀ ਚਲੇਗੀ। ਲੇਕਿਨ ਕੁਝ ਨਹੀਂ ਹੋਇਆ ਅਤੇ ਜਦੋਂ 1952 ਵਿਚ ਇਨ੍ਹਾਂ ਨੂੰ ਇਹ ਗਲ ਯਾਦ ਕਰਾਈ ਗਈ ਤਾਂ

ਸਾਡੇ ਪਰਧਾਨ ਮੰਤਰੀ ਨੇ ਕਿਹਾ ਕਿ ਉਹ ਸ਼ਰਮਿੰਦਾ ਹਨ ਕਿ ਉਹ ਮੁਲਕ ਨਾਲ ਕੀਤੇ ਵਾਅਦੇ ਨੂੰ ਪੂਰਾ ਨਹੀਂ ਕਰ ਸਕੇ ਹਨ। ਲੇਕਿਨ ਉਹ ਭੁਲ ਗਏ ਕਿ ਉਨ੍ਹਾਂ ਦੇ ਇਕ ਲਮਹੇ ਦੀ ਨਦਾਮਤ ਨਾਲ 40 ਕਰੋੜ ਲੋਕਾਂ ਦੇ ਪੇਟ ਦੀ ਅੱਗ ਨਹੀਂ ਬੁਝ ਸਕਦੀ। ਪਰ ਇਨ੍ਹਾਂ ਨੇ ਫਿਰ ਇਹ ਵਾਅਦਾ ਕੀਤਾ ਕਿ ਅਸੀਂ ਖੁਰਾਕ ਵਿਚ ਅਗਲੇ 5 ਸਾਲਾਂ ਵਿਚ ਖੁਦਕਫੈਲ ਹੋ ਜਾਵਾਂਗੇ। ਲੇਕਿਨ ਅਸੀਂ ਵੇਖਦੇ ਹਾਂ ਕਿ ਅਸੀਂ 1,55,18,000 ਮਣ ਕਣਕ ਬਾਹਰ ਤੋਂ ਮੰਗਾਈ ਹੈ ਅਤੇ 1360 ਕਰੋੜ ਰੁਪਿਆ ਇਸ ਲਈ ਬਾਹਰ ਭੇਜਿਆ ਹੈ। ਜਦੋਂ ਫਿਰ ਇਹ ਸਵਾਲ ਉਠਾਇਆ ਗਿਆ ਤਾਂ ਇਨ੍ਹਾਂ ਨੇ ਮੰਨਿਆ ਕਿ ਅਸੀਂ ਆਪਣਾ ਵਾਅਦਾ ਪੂਰਾ ਨਹੀਂ ਕਰ ਸਕੇ। ਅਜ ਹਾਲਤ ਇਹ ਹੈ ਕਿ 18 ਸਾਲ ਤੋਂ ਬਾਅਦ ਵੀ ਖੁਰਾਕ ਦਾ ਮਸਲਾ ਉਥੇ ਹੀ ਖੜਾ ਹੈ ਜਿਥੇ ਕਿ ਪਹਿਲਾਂ ਖੜਾ ਸੀ। ਬਾਜ਼ ਹਾਲਤਾਂ ਵਿਚ ਉਸ ਨਾਲੋਂ ਵੀ ਬਹੁਤ ਹੇਠਾਂ ਚਲੇ ਗਏ ਹਾਂ। ਪਹਿਲੇ ਐਨੀਆਂ ਦਿੱਕਤਾਂ ਮਹਿਸੂਸ ਨਹੀਂ ਸੀ ਹੁੰਦੀਆਂ। ਦੇਸ਼ ਵਾਸੀਆਂ ਨਾਲ ਬੜੇ ਬੜੇ ਵਾਅਦੇ ਕੀਤੇ ਗਏ ਕਿ ਲੋਕਾਂ ਦੇ ਜੀਵਨ ਦਾ ਮਿਆਰ ਉੱਚਾ ਕੀਤਾ ਜਾਵੇਗਾ ਅਤੇ ਲੋਕਾਂ ਦੀਆਂ ਜਰੂਰਤਾਂ ਅਸਾਨੀ ਨਾਲ ਪੂਰੀਆਂ ਹੋ ਸਕਿਆ ਕਰਨਗੀਆਂ। ਵਡੇ ਵਡੇ ਪਲੈਨ ਬਣਾਏ ਗਏ। ਲੇਕਿਨ ਤੁਸੀਂ ਅੰਦਾਜ਼ਾ ਲਗਾਉ ਕਿ ਜ਼ਰੂਰਯਾਤੇ ਜ਼ਿੰਦਗੀ ਦੀਆਂ ਕੀਮਤਾਂ ਕਿਥੋਂ ਤੋਂ ਕਿਥੇ ਪਹੁੰਚ ਗਈਆਂ ਹਨ। ਭਲਿਆਂ ਸਮਿਆਂ ਵਿਚ ਮੁਲ ਇਸ ਨਾਲੋਂ ਵੀ ਬਹੁਤ ਘਟ ਹੁੰਦੇ ਸਨ ਤੇ ਲੋਕ ਤਦ ਵੀ ਸਮਝਦੇ ਸਨ ਕਿ ਕਾਲ ਪੈ ਗਿਆ ਹੈ। ਹੁਣ ਕਣਕ ਦਾ ਭਾਅ 73 ਰੁਪਏ ਕੁਇੰਟਲ ਤੋਂ ਘਟ ਨਹੀਂ ਹੋ ਰਿਹਾ। ਪਹਿਲੇ ਪਲੈਨ ਦੇ ਵੇਲੇ ਖੰਡ ਦਾ ਭਾਅ 6 ਆਨੇ ਸੇਰ ਸੀ। ਦੂਸਰੇ ਪਲੈਨ ਦੇ ਵੇਲੇ 12 ਆਨੇ, 13 ਆਨੇ ਸੇਰ ਹੋ ਗਿਆ। ਤੀਸਰੇ ਪਲੈਨ ਵਿਚ ਸਰਕਾਰੀ ਭਾਅ ਤਾਂ 18 ਆਨੇ ਫੀ ਕਿਲੋ ਮੁਕੱਰਰ ਕੀਤਾ ਗਿਆ ਪਰ ਬਲੈਕ ਵਿਚ 2–4 ਰੁਪਏ ਦੀ ਕਿਲੋ ਕੀਮਤ ਪਹੁੰਚ ਗਈ। ਐਨੀਆਂ ਪਲੈਨਾਂ ਬਨਾਉਣ ਦੇ ਬਾਅਦ ਅਤੇ ਕਰੋੜਾਂ ਰੁਪਏ ਖਰਚ ਕਰਨ ਦੇ ਬਾਅਦ ਵੀ ਸਾਡੀ ਹਾਲਤ ਹੇਠਾਂ ਨੂੰ ਜਾ ਰਹੀ ਹੈ ਅਤੇ ਲੋਕਾਂ ਦੀ ਮਾਯੂਸੀ ਦਿਨ ਬਦਿਨ ਵਧ ਰਹੀ ਹੈ। ਐਥੇ ਗੌਰਮਿੰਟ ਵਲੋਂ ਬਬਾਂਗੇ ਬੁਲੰਦ ਸ਼ੋਸ਼ਲਿਜ਼ਮ ਦੇ ਦਾਅਵੇ ਕੀਤੇ ਜਾਂਦੇ ਹਨ। ਸੋਸ਼ਲਿਜ਼ਮ ਦੇ ਮਾਅਨੇ ਤਾਂ ਇਹੋ ਹੀ ਹੁੰਦੇ ਹਨ ਕਿ ਪ੍ਰਾਫਿਟੀਰਿੰਗ ਏਜੰਸੀ ਨੂੰ ਖਤਮ ਕੀਤਾ ਜਾਵੇ। ਜਿਸ ਕੀਮਤ ਤੇ ਚੀਜ਼ ਪ੍ਰੋਡਿਊਸ ਕੀਤੀ ਜਾਂਦੀ ਹੈ ਉਸੇ ਕੀਮਤ ਤੇ ਕੰਜ਼ਿਊਮਰ ਨੂੰ ਮਿਲੇ। ਸਾਡੇ ਦੇਸ਼ ਦੇ ਫੂਡ ਮਨਿਸਟਰ ਸ਼੍ਰੀ ਅਜੀਤ ਪ੍ਰਸ਼ਾਦ ਜੈਨ ਸਨ। ਉਨ੍ਹਾਂ ਨੇ ਕਿਹਾ ਕਿ 20 ਲਖ ਮਣ ਅਨਾਜ ਸ਼ਰਕਾਰ ਦੇ ਸਟੋਰਾਂ ਵਿਚ ਸੜ ਗਿਆ, ਕੀੜੇ ਲਗ ਗਏ ਅਤੇ ਚੂਹੇ ਦਾਅਵਤਾਂ ਉਡਾਉਂਦੇ ਰਹੇ। ਦੂਸਰੇ ਪਾਸੇ ਐਥੇ ਇਨਸਾਨ ਦਾਣੇ ਦਾਣੇ ਨੂੰ ਤਰਸਦਾ ਹੈ। ਹੁਣ ਸਰਕਾਰੀ ਤੌਰ ਉਪਰ ਇਜਾਜ਼ਤ ਦਿਤੀ ਗਈ ਹੈ ਕਿ 35% ਸੁਫੈਦ ਅਤੇ 65% ਲਗੀ ਹੋਈ ਕਣਕ ਮਿਲਾ ਕੇ ਆਟਾ ਪੀਸੋ ਅਤੇ 55 ਨਵੇਂ ਪੈਸੇ ਫੀ ਕਿਲੋ ਕੰਟਰੋਲਡ ਰੇਟ ਉਪਰ ਵੇਚੋ। ਪਰ ਇਹ ਕੰਮ ਵੀ ਸੈਟਿਸਫੈਕਟਰੀ ਨਹੀਂ ਹੈ। ਅਖਬਾਰਾਂ ਰਾਹੀ ਖਬਰਾਂ ਆਈਆਂ ਹਨ ਕਿ ਜਿਹੜੀ ਕਣਕ ਚੱਕੀਆਂ ਤੇ ਪੀਸੀ ਜਾ ਰਹੀ ਹੈ ਉਹ ਬਿਲਕੁਲ ਸੜੀ ਹੋਈ ਹੈ ਅਤੇ ਉਸ ਨੂੰ ਕੀੜਿਆਂ ਨੇ ਖਾਧਾ ਹੋਇਆ ਹੈ। ਇਸ ਤੋਂ ਅੱਗੇ ਅਰਜ਼ ਕਰਾਂ ਕਿ ਡਿਪੂਆਂ ਉਪਰ ਤੋਲਿਆ ਵੀ ਘਟ ਜਾ ਰਿਹਾ ਹੈ। ਜਿਹੜਾ ਆਟਾ ਇਸ ਤਰ੍ਹਾਂ ਨਾਲ ਬਚਦਾ ਹੈ ਉਹ ਬਲੈਕ ਮਾਰਕਿਟ ਵਿਚ ਵੇਚਿਆ ਜਾਂਦਾ ਹੈ। ਇਹੋ ਹਾਲਤ ਚੀਨੀ ਅਤੇ ਚਾਵਲ ਦੇ ਸਿਲਸਿਲੇ ਵਿਚ ਹੈ। ਖੁਰਾਕ ਦੀਆਂ ਚੀਜਾਂ ਪੂਰੀਆਂ ਨਹੀਂ ਤੋਲੀਆਂ ਜਾਂਦੀਆਂ। ਹੇਰਾ ਫੇਰੀ ਕੀਤੀ ਜਾਂਦੀ ਹੈ। ਘਟੀਆ ਕਿਸਮ ਦੀਆਂ ਚੀਜਾਂ ਦੀ

[ਸਰਦਾਰ ਕੁਲਬੀਰ ਸਿੰਘ]

ਮਿਲਾਵਟ ਕੀਤੀ ਜਾਂਦੀ ਹੈ, ਮਿਕਦਾਰ ਵਧਾ ਕੇ ਅਸਲੀ ਚੀਜਾਂ ਨੂੰ ਬਲੈਕ ਵਿਚ ਵੇਚਿਆ ਜਾਂਦਾ ਹੈ। ਬੜੀਆਂ ਬੁਲੰਦ ਆਵਾਜ਼ਾਂ ਨਾਲ ਦਾਅਵੇ ਕੀਤੇ ਜਾਂਦੇ ਹਨ ਕਿ ਅਸੀਂ ਸੋਸ਼ਲਿਜ਼ਮ ਕਾਇਮ ਕਰਨਾ ਹੈ ਪਰ ਅਮਲ ਇਸ ਦੇ ਬਿਲਕੁਲ ਉਲਟ ਕੀਤਾ ਜਾਂਦਾ ਹੈ। ਭਾਅ ਨੂੰ ਘਟਾਉਣ ਵਾਸਤੇ ਕੋਈ ਕਦਮ ਨਹੀਂ ਪੁਟਿਆ ਜਾਂਦਾ। ਮਿਸਾਲ ਦੇ ਤੌਰ ਤੇ ਯੂ. ਪੀ. ਵਿਚੋਂ ਗੁੜ ਐਕਸਪੋਰਟ ਕਰਨ ਲਈ ਕਿਸਾਨ ਸਤਿਆਗ੍ਰਹਿ ਕਰ ਰਿਹਾ ਹੈ, ਸਿਰਾਂ ਉਪਰ ਗੁੜ ਢੋ ਢੋ ਕੇ ਹਦੂਦ ਨੂੰ ਕਰਾਸ ਕਰ ਰਿਹਾ ਹੈ ਤਾਂ ਜੋ ਉਨ੍ਹਾਂ ਦਾ ਗੁੜ ਦੂਸਰੀਆਂ ਥਾਵਾਂ ਤੇ ਜਾ ਕੇ ਵਿਕ ਸਕੇ।

[*Deputy Speaker in the Chair*]

ਯੂ. ਪੀ. ਵਿਚ ਗੁੜ ਬਹੁਤ ਹੁੰਦਾ ਹੈ ਅਤੇ ਪੰਜਾਬ ਵਿਚ ਗੁੜ ਦੀ ਕਮੀ ਹੈ ਲੇਕਿਨ ਗੁੜ ਐਥੇ ਆਉਣ ਨਹੀਂ ਦਿਤਾ ਜਾ ਰਿਹਾ। ਸਾਨੂੰ ਸਮਝ ਨਹੀਂ ਆਉਂਦੀ ਕਿ ਉਹ ਕਿਹੜੇ ਕਨੂੰਨ ਹਨ ਜਾਂ ਕਾਂਸਟੀਚਿਊਸ਼ਨ ਦੀਆਂ ਕਿਹੜੀਆਂ ਦਫ਼ਾਤ ਹਨ ਜਿਨ੍ਹਾਂ ਦੇ ਅਧੀਨ ਕਣਕ ਨੂੰ ਤਾਂ ਐਥੋਂ ਬਾਹਰ ਜਾਣ ਤੋਂ ਰੋਕਿਆ ਨਹੀਂ ਜਾ ਸਕਦਾ ਪਰ ਗੁੜ ਐਥੇ ਆਉਣ ਤੋਂ ਰੋਕਿਆ ਜਾ ਸਕਦਾ ਹੈ। ਗੁੜ ਦਾ ਭਾਅ ਹੁਣ ਫਿਰ ਉਪਰ ਚੜ੍ਹਨਾ ਸ਼ੁਰੂ ਹੋ ਗਿਆ ਹੈ। ਨਤੀਜੇ ਦੇ ਤੌਰ ਤੇ ਗੁੜ ਡਿਪੂਆਂ ਤੇ ਵਿਕ ਰਿਹਾ ਹੈ। ਸਮੇਂ ਦੀ ਮੰਗ ਤਾਂ ਇਹ ਹੈ ਕਿ ਗੁੜ ਸਸਤਾ ਹੋਵੇ ਪਰ ਹੋਵੇ ਕਿਸ ਤਰ੍ਹਾਂ ਜਦੋਂ ਤਕ ਕਿ ਫੇਵਰੇਬਲ ਕੰਡੀਸ਼ਨਾਂ ਨਾ ਪੈਦਾ ਕੀਤੀਆਂ ਜਾਣ। ਆਦਾਦੋਸ਼ੁਮਾਰ ਦਸਦੇ ਹਨ ਕਿ ਪੈਦਾਵਾਰ ਦਿਨ ਬਦਿਨ ਘਟ ਹੋ ਰਹੀ ਹੈ ਅਤੇ ਪ੍ਰਾਈਸ ਇੰਡੈਕਸ ਵਧ ਰਿਹਾ ਹੈ।

Deputy Speaker : Please wind up (*interruptions*)

ਸਰਦਾਰ ਕੁਲਬੀਰ ਸਿੰਘ : ਡਿਪਟੀ ਸਪੀਕਰ ਸਾਹਿਬਾ ਮੈਨੂੰ ਤਾਂ ਬੋਲਦਿਆਂ ਅਜੇ ਪੰਜ ਮਿੰਟ ਨਹੀਂ ਹੋਏ। ਤੁਸੀਂ ਕਹਿਣਾ ਸ਼ੁਰੂ ਕਰ ਦਿਤਾ ਹੈ ਕਿ ਵਾਈਂਡ ਅਪ ਕਰੋ।

ਮੈਂ ਕਹਿ ਰਿਹਾ ਸਾਂ ਕਿ 1962-63 ਵਿਚ ਜ਼ਰਈ ਪੈਦਾਵਾਰ ਪਹਿਲੇ ਨਾਲੋਂ 3.3% ਘਟ ਹੋਈ। ਚਾਵਲ 21 ਲਖ ਮਣ ਦੇ ਕਰੀਬ ਘਟ ਪੈਦਾ ਹੋਏ। ਚੀਨੀ 7½% ਘਟ ਹੋਈ। ਪਰ ਕੀਮਤਾਂ ਪਹਿਲੇ ਨਾਲੋਂ 17½% ਵਧ ਗਈਆਂ। ਦੇਸ ਦੀ ਆਬਾਦੀ 1950 ਵਿਚ ਤਾਂ 2% ਵਧੀ ਸੀ ਪਰ ਹੁਣ 2.3% ਵਧ ਰਹੀ ਹੈ। ਆਬਾਦੀ ਵਿਚ ਦਿਨ ਬਦਿਨ ਇਜ਼ਾਫ਼ਾ ਹੋ ਰਿਹਾ ਹੈ ਪਰ ਪੈਦਾਵਾਰ ਵਿਚ ਕਮੀ ਹੋ ਰਹੀ ਹੈ। ਪਿਛਲੇ ਦਿਨਾਂ ਵਿਚ ਸਰਦਾਰ ਸਵਰਨ ਸਿੰਘ ਨੇ ਲੁਧਿਆਣੇ ਵਿਚ ਸਪੀਚ ਕਰਦਿਆਂ ਹੋਇਆਂ ਕਿਹਾ ਕਿ ਲੋਕਾਂ ਨੂੰ ਖੁਰਾਕ ਦਾ ਮਿਆਰ ਉਚਾ ਕਰਨਾ ਚਾਹੀਦਾ ਹੈ। ਸਰਦਾਰ ਪਰਤਾਪ ਸਿੰਘ ਹੋਰੀਂ ਬੇਸ਼ੁਮਾਰ ਅੰਡੇ ਦੇਣਗੇ ਜਿਹੜੇ ਕਿ ਸਕੂਲ ਦੇ ਬਚਿਆਂ ਨੂੰ ਦਿਤੇ ਜਾਣਗੇ। ਮਾਸਟਰ ਗੁਰਬੰਤਾ ਸਿੰਘ ਹੋਰੀਂ ਕਹਿੰਦੇ ਹਨ ਕਿ ਬਕਰੇ ਖਾਣੇ ਬੰਦ ਕਰ ਦਿਉ, ਮੁਰਗੇ ਖਾਇਆ ਕਰੋ। ਪੁਰਾਣੇ ਵਕਤਾਂ ਦੀ ਇਕ ਕਹਾਵਤ ਹੈ ਕਿ ਫਰਾਂਸ ਦੀ ਇਕ ਮਲਿਕਾ ਸੀ ਜਿਸ ਨੇ ਭੋਲੇਪਨ ਨਾਲ ਆਪਣੇ ਮਹਲ ਵਿਚ ਖੜੀ ਹੋਕੇ

ਕਿਹਾ ਸੀ ਕਿ ਜੇਕਰ ਲੋਕਾਂ ਨੂੰ ਰੋਟੀ ਨਹੀਂ ਮਿਲਦੀ ਤਾਂ ਉਹ ਕੇਕ ਕਿਉਂ ਨਹੀਂ ਖਾਂਦੇ। ਉਹੋ ਗਲ ਸਾਡੇ ਦੇਸ਼ ਨਾਲ ਬੀਤ ਰਹੀ ਹੈ। ਲੋਕਾਂ ਨੂੰ ਇਥੇ ਆਟਾ ਨਹੀਂ ਮਿਲਦਾ ਪਰ ਇਹ ਕਹਿੰਦੇ ਹਨ ਕਿ ਅੰਡੇ ਖਾਉ, ਮੁਰਗੇ ਖਾਉ, ਮੱਛੀ ਸਸਤੀ ਕਰ ਦੇਵਾਂਗੇ ਮਛੀ ਖਾਉ। ਮੈਨੂੰ ਬਹੁਤ ਹੈਰਾਨੀ ਹੋ ਰਹੀ ਹੈ ਕਿ ਜਿਹੜੀ ਸਰਕਾਰ ਮੁਨਾਫੇਖੋਰੀ ਖਤਮ ਕਰਕੇ ਸੋਸ਼ਲਿਜ਼ਮ ਕਾਇਮ ਕਰਨ ਦੇ ਦਾਅਵੇ ਕਰਦੀ ਹੈ ਉਹ ਖੁਦ ਕਣਕ ਵਿਚ 12 ਰੁਪਏ ਫੀ ਕੁਇੰਟਲ ਮੁਨਾਫਾ ਕਮਾ ਰਹੀ ਹੈ। ਪਹਿਲੇ ਸ਼ਾਰਟੇਜ ਕਰੀਏਟ ਕੀਤੀ ਜਾਂਦੀ ਹੈ ਅਤੇ ਬਾਅਦ ਵਿਚ ਮੁਨਾਫਾ ਕਮਾਇਆ ਜਾਂਦਾ ਹੈ। ਸਰਕਾਰ ਛੋਟੇ ਵਿਉਪਾਰ ਨੂੰ ਕੰਟਰੋਲ ਕਰ ਸਕਦੀ ਹੈ ਪਰ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਇਸ ਦੀ ਇਹ ਨੀਅਤ ਹੋਵੇ। ਪਰ ਇਹ ਤਾਂ ਖੁਦ ਮੁਨਾਫਾ ਕਮਾਉਣ ਲਈ ਭਾਅ ਵਧਾ ਦਿੰਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਕਦਮ ਉਠਾਵੇ ਜਿਨ੍ਹਾਂ ਨਾਲ ਦੇਸ਼ ਵਿਚ ਪੈਦਾਵਾਰ ਜ਼ਿਆਦਾ ਹੋਵੇ। ਉਹ ਤਦ ਹੀ ਹੋ ਸਕਦੀ ਹੈ ਜੇਕਰ ਫਾਰਮ ਲੈਵਲ ਤੇ ਤਰੱਕੀ ਹੋਵੇ। ਅਸੀਂ ਵੇਖ ਰਹੇ ਹਾਂ ਕਿ ਜਿਹੜੀਆਂ ਸੀਡ ਫਾਰਮਜ਼ ਸਰਕਾਰ ਨੇ ਬਣਾਈਆਂ ਉਨ੍ਹਾਂ ਬਾਰੇ ਖੁਦ ਸਰਕਾਰ ਸਵਾਲਾਂ ਦੇ ਜਵਾਬ ਵਿਚ ਦਸਦੀ ਰਹੀ ਹੈ ਕਿ ਉਹ ਘਾਟੇ ਵਿਚ ਜਾ ਰਹੀਆਂ ਹਨ। ਜਿਹੜੇ ਸੀਡ ਪੈਦਾ ਕੀਤੇ ਜਾਂਦੇ ਹਨ ਉਹ ਬਿਲਕੁਲ ਨਿਕੰਮੇ ਹੁੰਦੇ ਹਨ। ਇਸੇ ਕਰਕੇ ਮਾਰਕਿਟ ਵਿਚ ਲਿਆਉਣ ਨਾਲ ਘਾਟਾ ਪੈਂਦਾ ਹੈ। ਗੌਰਮਿੰਟ ਕੋਲ ਐਕਸਪਰਟ ਮੌਜੂਦ ਹਨ, ਜ਼ਰਾਏ ਮੌਜੂਦ ਹਨ, ਮੋਡਰਨ ਇੰਪਲੀਮੈਂਟਸ ਮੌਜੂਦ ਹਨ, ਰੀਸਰਚ ਦਾ ਸਾਮਾਨ ਵੀ ਮੌਜੂਦ ਹੈ ਜਿਹੜਾ ਕਿ ਇਕ ਆਮ ਆਦਮੀ ਕੋਲ ਮੌਜੂਦ ਨਹੀਂ ਹੈ। ਇਸ ਦੇ ਬਾਵਜੂਦ ਜਿਹੜਾ ਜਵਾਬ ਗੌਰਮੈਂਟ ਨੇ ਦਿਤਾ ਹੈ ਉਸ ਨੂੰ ਵੇਖ ਕੇ ਸਾਨੂੰ ਸ਼ਰਮ ਆਉਂਦੀ ਹੈ ਕਿ ਬਜਾਏ ਤਰੱਕੀ ਕਰਨ ਦੇ ਅਸੀਂ ਦਿਨ ਬਦਿਨ ਪਿਛੇ ਨੂੰ ਜਾ ਰਹੇ ਹਾਂ। ਸਮਝ ਨਹੀਂ ਆਉਂਦੀ ਕਿ ਪੈਦਾਵਾਰ ਡਬਲ ਕਿਵੇਂ ਹੋਵੇਗੀ। 1953 ਤੋਂ ਲੈਕੇ ਅਸਾਂ ਅਗਰੇਰੀਅਨ ਰੀਫਾਰਮਜ਼ ਲਈ ਬੜੇ ਕਾਨੂੰਨ ਪਾਸ ਕੀਤੇ ਹਨ। ਹੁਣ 1964 ਆ ਗਿਆ ਹੈ ਪਰ ਜਿਹੜੀ ਜ਼ਮੀਨ ਅਜ ਤਕ ਹਾਸਲ ਹੋਈ ਉਸ ਵਿਚੋਂ 20 ਫੀ ਸਦੀ ਵੀ ਮੁਜ਼ਾਰਿਆਂ ਨੂੰ ਨਹੀਂ ਦਿਤੀ ਜਾ ਸਕੀ। ਜਿਹੜੀ ਇਵੈਕੂਈ ਲੈਂਡ ਸੈਂਟਰ ਕੋਲੋਂ ਮਿਲੀ ਹੈ, ਚਾਹੀਦਾ ਤਾਂ ਇਹ ਸੀ ਕਿ ਉਸ ਨੂੰ ਲੋਕਾਂ ਨੂੰ ਆਸਾਨ ਕਿਸ਼ਤਾਂ ਤੇ ਦਿਤਾ ਜਾਂਦਾ ਤਾਂ ਜੋ ਉਹ ਪਰਮਾਨੈਂਟਲੀ ਉਸ ਉਪਰ ਬੈਠ ਜਾਂਦੇ ਅਤੇ ਬਾਰ ਬਾਰ ਉਜੜਦੇ ਨਾ। ਪਰ ਉਸ ਜ਼ਮੀਨ ਨੂੰ ਨੀਲਾਮ ਕੀਤਾ ਜਾ ਰਿਹਾ ਹੈ ਅਤੇ ਪੰਦਰਾਂ ਸਾਲਾਂ ਦੇ ਲੋਕ ਜਿਹੜੇ ਜ਼ਮੀਨ ਤੇ ਬੈਠੇ ਹੋਏ ਹਨ ਉਨ੍ਹਾਂ ਨੂੰ ਬਾਰ ਬਾਰ ਉਜਾੜਿਆ ਜਾ ਰਿਹਾ ਹੈ ਅਤੇ ਨਵਿਆਂ ਆਦਮੀਆਂ ਨੂੰ ਉਹਨਾਂ ਦੀ ਥਾਂ ਬੈਠਾਇਆ ਜਾਂਦਾ ਹੈ। ਜਦ ਮਾਈਂਡ ਵਿਚ ਸਟੈਬਿਲਿਟੀ ਹੀ ਨਾ ਹੋਵੇ ਤਾਂ ਕੰਮ ਵਿਚ ਕਿਵੇਂ ਤਵਜੁਹ ਦਿਤੀ ਜਾ ਸਕਦੀ ਹੈ। ਡਿਪਟੀ ਸਪੀਕਰ ਸਾਹਿਬਾ, ਇਲਾਕਾ ਬੇਟ ਵਿਚ ਜ਼ਮੀਨਾਂ ਦੀ ਤਕਸੀਮ ਦਾ ਕੰਮ ਸ਼ੁਰੂ ਕੀਤਾ ਗਿਆ। ਹੋਇਆ ਕੀ? ਬਗੈਰ ਮੁਰੱਬਾਬੰਦੀ ਐਵੇਂ ਹੀ ਜ਼ਮੀਨਾਂ ਦੇ ਦਿਤੀਆਂ ਗਈਆਂ। ਪੰਜ ਪੰਜ ਏਕੜ ਇਕ ਇਕ ਨੂੰ ਦੇਣੀ ਸੀ ਔਰ ਉਸ ਦੇ ਨਾਲ ਸੌ ਰੁਪਿਆ ਫੀ ਏਕੜ ਬੰਜਰ ਜਮੀਨ ਲਈ ਗਰਾਂਟ ਦੇਣ ਦਾ ਐਲਾਨ ਕੀਤਾ ਗਿਆ। ਜਿਥੇ ਵੀ ਸਰਕਾਰ ਦੇ ਅਫਸਰ ਇਹ ਪੈਸਾ ਤਕਸੀਮ ਕਰਨ ਗਏ ਉਥੇ ਨਾਲ ਨਾਲ ਥਾਨੇਦਾਰ ਵੀ ਪਹੁੰਚ ਗਏ ਔਰ 10% ਉਨ੍ਹਾਂ ਅਫਸਰਾਂ ਦੀ ਮੌਜੂਦਗੀ ਵਿਚ ਵਸੂਲ ਕੀਤਾ ਗਿਆ। ਜਿਨ੍ਹਾਂ ਚੰਦ ਲੋਕਾਂ ਨੇ ਉਹ ਪੈਸੇ ਨਹੀਂ ਦਿਤੇ ਉਹ ਅਜ ਦੋ ਸਾਲ ਬਾਅਦ ਤਕ ਵੀ ਉਸ ਤਕਾਵੀ ਦੇ ਕਾਗਜ਼ਾਤ ਲਈ ਫਿਰਦੇ ਨੇ ਪਰ ਉਨ੍ਹਾਂ ਨੂੰ ਅਜੇ ਤਕ ਪੈਸੇ ਨਹੀਂ ਮਿਲੇ। ਦੂਜੇ ਪਾਸੇ ਹਾਲਤ ਇਹ ਹੈ ਕਿ ਜਿਨ੍ਹਾਂ ਲੋਕਾਂ ਨੂੰ ਜਿਹੜੇ ਬੰਦਿਆਂ ਨੂੰ ਗਰਾਂਟਾਂ ਦਿੱਤੀਆਂ ਗਈਆਂ ਸਨ ਉਹ ਹੁਣ ਢੂੰਡਿਆਂ ਵੀ ਨਹੀਂ ਮਿਲਦੇ। ਬਾਰ ਬਾਰ ਇਹ ਗੱਲਾਂ ਸਰਦਾਰ ਅਜਮੇਰ ਸਿੰਘ ਸਾਹਿਬ ਦੇ ਨੋਟਿਸ

[ਸਰਦਾਰ ਕੁਲਬੀਰ ਸਿੰਘ]

ਵਿਚ ਲਿਆਂਦੀਆਂ ਗਈਆਂ ਲੇਕਿਨ ਅਜੇ ਤਕ ਉਸ ਹਾਲਤ ਵਿਚ ਇਮਪਰੂਵਮੈਂਟ ਨਹੀਂ ਨਜ਼ਰ ਆਉਂਦੀ ।

ਮਾਲ ਮੰਤਰੀ : ਮੈਂ ਤਾਂ ਕਈ ਕੇਸ ਬਣਾਏ ਸਨ ।

ਸਰਦਾਰ ਕੁਲਬੀਰ ਸਿੰਘ : ਇਸ ਤੋਂ ਇਲਾਵਾ ਖਾਦ ਦੀਆਂ ਤਕਾਵੀਆਂ ਬੜੀਆਂ ਜ਼ਰੂਰੀ ਹਨ । ਖਾਦ ਇਸ ਲਈ ਦਿਤੀ ਜਾਂਦੀ ਹੈ ਤਾਂ ਜੋ ਪੈਦਾਵਾਰ ਵਧੇ । ਪਿਛਲੇ ਦਿਨਾਂ ਵਿਚ ਪਾਰਲੀਮੈਂਟ ਵਿਚ ਇਕ ਸਵਾਲ ਦੇ ਜਵਾਬ ਵਿਚ ਦੱਸਿਆ ਗਿਆ ਸੀ ਕਿ ਬਾਹਰੋਂ ਜਿਹੜੀ ਇਮਪੋਰਟ ਹੋ ਰਹੀ ਹੈ ਉਸ ਦੀ ਤਕਸੀਮ ਦਾ ਹਾਲ ਕੀ ਹੈ । ਜਿਨ੍ਹਾਂ ਲੋਕਾਂ ਨੂੰ ਤਕਾਵੀਆਂ ਦਿਤੀਆਂ ਗਈਆਂ ਉਨ੍ਹਾਂ ਦੀ ਜ਼ਮੀਨ ਹੀ ਨਹੀਂ ਸੀ । ਉਹ ਆਦਮੀ ਅਜ ਲਭਦੇ ਨਹੀਂ ਹਨ । ਜਿਨ੍ਹਾਂ ਨੇ ਤਸਦੀਕਾਂ ਕੀਤੀਆਂ ਉਹ ਨਹੀਂ ਲਭਦੇ ; ਜਿਨ੍ਹਾਂ ਸਰਪੰਚਾਂ ਦੇ ਦਸਖਤ ਸਨ ਉਹ ਮੁਕਰਦੇ ਹਨ ਕਿ ਇਹ ਸਾਡੇ ਦਸਖਤ ਹੀ ਨਹੀਂ ਹਨ । ਮੇਰੀ ਆਪਣੀ ਫਿਰੋਜ਼ਪੁਰ ਤਹਿਸੀਲ ਵਿਚ 17 ਲਖ ਰੁਪਿਆ ਤਕਸੀਮ ਹੋਇਆ ਲੇਕਿਨ ਪਤਾ ਨਹੀਂ ਲਗਦਾ ਕਿ ਕਿਸ ਨੂੰ ਦਿਤਾ, ਕਦੋਂ ਦਿਤਾ (ਘੰਟੀ) । ਕਮਾਲ ਕਰਦੇ ਹੋ । ਬੋਲਣ ਹੀ ਨਹੀਂ ਦਿੰਦੇ ਤੇ ਬੋਲਣਾ ਕੀ ਹੈ ।

ਡਿਪਟੀ ਸਪੀਕਰ : 17 ਮਿੰਟ ਹੋ ਗਏ ਹਨ ਵਾਈਂਡ ਅਪ ਕਰੋ ਹੁਣ । ਤੁਹਾਡੇ ਵਾਂਗੂ ਦੂਜਿਆਂ ਨੇ ਵੀ ਬੋਲਣਾ ਹੈ । (He had already taken seventeen minutes. He should wind up now, others are also equally keen to speak.)

ਸਰਦਾਰ ਕੁਲਬੀਰ ਸਿੰਘ : ਮੈਂ ਤਾਂ ਅੱਗੇ ਬੋਲਿਆ ਹੀ ਨਹੀਂ ।

ਡਿਪਟੀ ਸਪੀਕਰ : ਜਲਦੀ ਜਲਦੀ ਖਤਮ ਕਰੋ । ਇਸ ਕਾਗਜ਼ ਨੂੰ ਪਰੇ ਰਖ ਦਿਉ । ਜ਼ਬਾਨੀ ਜੋ ਕਹਿਣਾ ਹੈ ਝਟਪਟ ਕਹਿ ਲਉ । (He should wind up early. He should please keep away his notes and have his say quickly.)

ਸਰਦਾਰ ਕੁਲਬੀਰ ਸਿੰਘ : ਮੈਂ ਜਲਦੀ ਜਲਦੀ ਹੀ ਅਰਜ਼ ਕਰਦਾ ਹਾਂ । ਜਿਹੜੀਆਂ ਸੀਡ ਫਾਰਮਾਂ ਗੌਰਮਿੰਟ ਨੇ ਖਰੀਦੀਆਂ ਉਨ੍ਹਾਂ ਲਈ ਜ਼ਮੀਨ ਬਿਲਕੁਲ ਨਿਕੰਮੀ ਸੀ, ਜਿਸ ਦੀ ਵਜ੍ਹਾ ਨਾਲ ਨਾ ਤਾਂ ਕੋਈ ਫਾਇਦਾ ਹੋਇਆ ਔਰ ਨਾ ਹੀ ਚੰਗੇ ਬੀਜ ਲੋਕਾਂ ਨੂੰ ਮਿਲ ਸਕੇ । ਹਾਂ ਘਾਟਾ ਜ਼ਰੂਰ ਪਿਆ । ਜਿਥੋਂ ਤਕ ਜ਼ਰਾਇਤੀ ਮਸ਼ੀਨਰੀ ਦਾ ਤੁਅੱਲਕ ਹੈ ਸਰਕਾਰ ਨੂੰ ਇਸ ਚੀਜ਼ ਦਾ ਪਹਿਲੇ ਹੀ ਠੀਕ ਤਰ੍ਹਾਂ ਨਾਲ ਇੰਤਜ਼ਾਮ ਕਰਨਾ ਚਾਹੀਦਾ ਸੀ । ਇਸ ਵਕਤ ਹਾਲਤ ਇਹ ਹੈ ਕਿ ਜਿਤਨੀ ਮਸ਼ੀਨਰੀ ਆਉਂਦੀ ਹੈ ਉਸ ਵਿਚੋਂ 40 ਪ੍ਰਤੀਸ਼ਤ ਡੀਲਰਜ਼ ਨੂੰ ਚਲੀ ਜਾਂਦੀ ਹੈ । ਹੁਣ ਇਸ ਸਕੀਮ ਦਾ ਐਲਾਨ ਕੀਤਾ ਗਿਆ ਹੈ ਕਿ ਸਰਕਾਰ ਵਲੋਂ

ਟਰੈਕਟਰ ਲੈਕੇ ਦਿਤੇ ਜਾਣਗੇ । ਪਤਾ ਨਹੀਂ ਕਿ ਇਸ ਵਿਚ ਕੀ ਰਾਜ਼ ਹੈ । ਕਿਤਨੇ ਟਰੈਕਟਰ ਕਿਸ ਨੇ ਖਰੀਦਣੇ ਹਨ । ਕਿਸ ਕੀਮਤ ਤੇ ਖਰੀਦਣੇ ਹਨ ਔਰ ਕਿਵੇਂ ਸਰਕਾਰ ਦੇ ਖਜ਼ਾਨੇ ਵਿਚੋਂ ਉਹ ਰੁਪਿਆ ਕਿਸ ਕਿਸ ਦੀ ਜੇਬ ਵਿਚ ਜਾਣਾ ਹੈ । ਇਸ ਵਕਤ ਦੇ ਤਜਰਬੇ ਤੋਂ ਤਾਂ ਇਹ ਜ਼ਾਹਿਰ ਹੋ ਗਿਆ ਹੈ ਕਿ ਹਰ ਪਾਸੇ ਧਾਂਦਲੀ ਹੀ ਧਾਂਦਲੀ ਮਚੀ ਹੋਈ ਹੈ । ਹਾਲਤ ਇਹ ਹੈ ਕਿ ਬੇਟ ਦੇ ਇਲਾਕੇ ਵਿਚ ਇਕ ਹਲ ਦੇ ਪਿਛੇ ਪੰਜ ਏਕੜ ਜ਼ਮੀਨ ਦੇਣੀ ਹੈ । ਲੇਕਿਨ ਜ਼ਮੀਨ ਉਸ ਨੂੰ ਦਿਤੀ ਜਾ ਰਹੀ ਹੈ, ਜੋ ਉਸ ਇਲਾਕੇ ਵਿਚ ਵਸਦਾ ਨਹੀਂ । ਮੈਨੂੰ ਪਰਸੋਂ ਪਤਾ ਲਗਿਆ ਹੈ ਕਿ ਬਾਹਲੇ ਲੋਕਾਂ ਕੋਲੋਂ ਨਵੀਆਂ ਅਰਜ਼ੀਆਂ ਲੈ ਲੈ ਕੇ ਨਵੇਂ ਨਾਂ ਲਿਖੇ ਜਾ ਰਹੇ ਹਨ ਜਿਸ ਲਈ 25/25 ਰੁਪਏ ਫੀ ਅਰਜ਼ੀ ਰਿਸ਼ਵਤ ਲਈ ਜਾ ਰਹੀ ਹੈ । (ਘੰਟੀ) ਨਜ਼ੂਲ ਜਾਂ ਦੂਜੀ ਜ਼ਮੀਨ ਉਨ੍ਹਾਂ ਲੋਕਾਂ ਨੂੰ ਦਿਤੀ ਜਾਣੀ ਚਾਹੀਦੀ ਹੈ ਜੋ ਉਥੇ ਪੁਰਾਣੇ ਬੈਠੇ ਹੋਏ ਹਨ, ਅਤੇ ਆਸਾਨ ਕਿਸ਼ਤਾਂ ਤੇ ਦੇਣੀ ਚਾਹੀਦੀ ਹੈ । ਅਲਾਟਮੈਂਟ ਵਿਚ ਬੇਦਖਲੀਆਂ ਨੂੰ ਰੋਕਣਾ ਚਾਹੀਦਾ ਹੈ । ਬਾਰ ਬਾਰ ਚੁਕਣ ਚਕਾਉਣ ਨਾਲ ਤੋੜਾ ਫੋੜੀ ਹੁੰਦੀ ਹੈ । ਲੋਕਾਂ ਨੂੰ ਰਿਸ਼ਵਤਾਂ ਦੇਣੀਆਂ ਪੈਂਦੀਆਂ ਹਨ ਔਰ ਸਿਫਾਰਸ਼ਾਂ ਲਿਆਉਣੀਆਂ ਪੈਂਦੀਆਂ ਹਨ ਔਰ ਖੇਤਾਂ ਵਿਚ ਤਵਜੁਹ ਦੇਣ ਦੀ ਬਜਾਏ ਸਾਰਾ ਵਕਤ ਪੇਸ਼ੀਆਂ ਭੁਗਤਣ ਵਿਚ ਲਗ ਜਾਂਦਾ ਹੈ । ਦੂਜੀ ਗਲ ਇਹ ਹੈ ਕਿ ਫਰੈਗਮੈਨਟੇਸ਼ਨ ਦੀ ਵਜਾਹ ਨਾਲ ਜਿਹੜੀਆਂ ਹੋਲਡਿੰਗਜ਼ ਹਨ ਇਹ ਅਨਇਕਾਨੋਮਿਕ ਹੁੰਦੀਆਂ ਜਾ ਰਹੀਆਂ ਹਨ । ਇਕ ਟਰੈਕਟਰ ਵੈਸੇ ਦੋ ਸੌ, ਢਾਈ ਸੌ ਏਕੜ ਜ਼ਮੀਨ ਲਈ ਚਾਹੀਦਾ ਹੈ ਕਿਉਂਕਿ ਇਸ ਤੋਂ ਅਡ ਕੋਈ ਹੋਰ ਤਰੀਕਾ ਅਪਨਾਇਆ ਜਾਵੇ ਤਾਂ ਉਹ ਇਕਨਾਮਿਕ ਪ੍ਰਾਪੋਜ਼ੀਸ਼ਨ ਨਹੀਂ ਹੋਵੇਗੀ । ਪਰ ਹੁਣ ਪੰਜ ਪੰਜ ਏਕੜ ਦੇ ਰਹੇ ਹਨ ਔਰ ਨਾਲ ਹੀ ਟਰੈਕਟਰਾਂ ਦੀ ਸਪਲਾਈ ਦਾ ਵੀ ਐਲਾਨ ਕਰ ਰਹੇ ਹਨ । ਕੁਝ ਸਮਝ ਨਹੀਂ ਆ ਰਹੀ ਕਿ ਹੋ ਕੀ ਰਿਹਾ ਹੈ । ਤੁਸੀਂ ਅੰਦਾਜ਼ਾ ਲਗਾਉ ਕਿ ਇਸ ਤੋਂ ਅਗਲੀ ਪੁਸ਼ਤ ਵਿਚ ਹਾਲਤ ਕੀ ਹੋਵੇਗੀ । ਪੰਜ ਪੰਜ ਏਕੜ ਜ਼ਮੀਨ ਦੀ ਵੰਡ ਅਗੋਂ ਕੀ ਹੋਵੇਗੀ । (ਵਿਘਨ) ਕਿਥੋਂ ਲਿਆਉਗੇ ਜ਼ਮੀਨ ਉਹਨਾਂ ਵਾਸਤੇ ?

ਮਾਲ ਮੰਤਰੀ : ਕੋਈ ਸੁਜੈਸ਼ਨ ਦਿਉ । (ਵਿਘਨ)

ਸਰਦਾਰ ਕੁਲਬੀਰ ਸਿੰਘ : ਉਨ੍ਹਾਂ ਲੋਕਾਂ ਨੂੰ ਖੇਤਾਂ ਵਲੋਂ ਹਟਾਉ, ਉਨ੍ਹਾਂ ਨੂੰ ਇੰਡਸਟ੍ਰੀਜ਼ ਵਲ ਲਿਆਉਣ ਲਈ ਸਹੂਲਤਾਂ ਦਿਉ (ਘੰਟੀ) । ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬਾ, ਸਰਦੀਆਂ ਦੀ ਵਜਾਹ ਨਾਲ ਕੋਰੇ ਨਾਲ ਜਿਹੜੀ ਫਸਲ ਮਾਰੀ ਗਈ ਹੈ ਉਸ ਦਾ ਅੰਦਾਜ਼ਾ ਪੰਜਾਹ ਕਰੋੜ ਦਾ ਹੈ, ਜਿਹੜੀਆਂ ਫਸਲਾਂ ਤਬਾਹ ਹੋਈਆਂ ਹਨ ਕਮ ਅਜ਼ ਕਮ ਉਨ੍ਹਾਂ ਦਾ ਮਾਲੀਆ ਔਰ ਆਬਿਆਨਾ ਮੁਆਫ ਹੋਣਾ ਚਾਹੀਦਾ ਹੈ । ਗੰਨੇ ਦਾ ਬੀਜ ਮੁਹੱਈਆ ਕਰਨਾ ਚਾਹੀਦਾ ਹੈ, ਚਾਰੇ ਦਾ ਨਿਕਾਸ ਬੰਦ ਕਰਨਾ ਚਾਹੀਦਾ ਹੈ ।

Deputy Speaker : Please wind up now.

ਸਰਦਾਰ ਕੁਲਬੀਰ ਸਿੰਘ . ਬਸ ਥੋੜੀ ਜਿਹੀ ਦੇਰ ਵਿਚ ਖਤਮ ਕਰਦਾ ਹਾਂ ।

ਡਿਪਟੀ ਸਪੀਕਰ . ਇਕ ਮਿਨਟ ਵਿਚ ਖਤਮ ਕਰੋ ਇਸ ਤੋਂ ਬਾਅਦ ਮੈਂ ਤੁਹਾਨੂੰ ਬੋਲਣ ਦੀ ਇਜਾਜ਼ਤ ਨਹੀਂ ਦਿਆਂਗੀ (He should please wind up within a minute. I will not allow him to carry on beyond that).

ਸਰਦਾਰ ਕੁਲਬੀਰ ਸਿੰਘ : ਮੁਆਫ ਕਰਨਾ, ਇਕ ਮਿਨਟ ਵਿਚ ਮੈਂ ਵਾਈਂਡ ਅਪ ਨਹੀਂ ਕਰ ਸਕਦਾ । I can not do that. ਮੈਂ ਵੀ ਹਾਊਸ ਦਾ ਮੈਂਬਰ ਹਾਂ (ਵਿਘਨ) ਸੋ ਮੈਂ ਅਰਜ਼ ਕਰ ਰਿਹਾ ਸਾਂ ਕਿ ਜਿਨ੍ਹਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ ਉਨ੍ਹਾਂ ਨੂੰ ਕੰਪਨਸੇਟ ਕੀਤਾ ਜਾਣਾ ਚਾਹੀਦਾ ਹੈ ।

ਹੁਣ ਮੈਂ ਦੋ ਚਾਰ ਲਫਜ਼ ਕੋਆਪਰੇਸ਼ਨ ਦੇ ਮਹਿਕਮੇ ਬਾਰੇ ਵੀ ਕਹਿਣਾ ਚਾਹੁੰਦਾ ਹਾਂ ਜਿਸ ਦਾ ਰੌਲਾ ਸੋਸ਼ਲਿਜ਼ਮ ਲਿਆਉਣ ਵਿਚ ਬਹੁਤ ਪਾਇਆ ਜਾਂਦਾ ਹੈ । ਇਸ ਬਾਰੇ ਮੈਂ ਆਪ ਦੀ ਰਾਹੀਂ ਸਰਕਾਰ ਦਾ ਧਿਆਨ ਉਨ੍ਹਾਂ ਰੀਪੋਰਟਾਂ ਵਲ ਦਿਵਾਉਣਾ ਚਾਹੁੰਦਾ ਹਾਂ ਜੋ ਸਰਕਾਰ ਵਲੋਂ ਖੁਦ ਕੀਤੀਆਂ ਗਈਆਂ ਹਨ । ਉਹ ਆਪੋਜ਼ੀਸ਼ਨ ਨੇ ਨਹੀਂ ਲਿਖੀਆਂ । ਡਿਪਟੀ ਸਪੀਕਰ ਸਾਹਿਬਾ, ਮਿਨਿਸਟਰੀ ਆਫ ਕੋਆਪਰੇਸ਼ਨ, ਗੌਰਮਿੰਟ ਆਫ ਇੰਡੀਆ, ਦੀ ਰੀਪੋਰਟ ਵਿਚ ਉਸ ਸਾਰੀ ਗਲ ਦਾ ਜ਼ਿਕਰ ਕੀਤਾ ਹੈ ਕਿ ਕਿਸ ਤਰ੍ਹਾਂ ਨਾਲ ਪੰਜਾਬ ਵਿਚ ਕੋਆਪਰੇਸ਼ਨ ਦੇ ਕੰਮ ਨੂੰ ਚਲਾਇਆ ਗਿਆ ਹੈ । ਉਨ੍ਹਾਂ ਨੇ ਕਿਹਾ ਹੈ ਕਿ ਜੋ ਫੰਡਜ਼ ਪੰਜਾਬ ਸਰਕਾਰ ਨੂੰ ਇਸ ਸਿਲਸਿਲੇ ਵਿਚ ਐਲੋਕੇਟ ਕੀਤੇ ਗਏ ਸਨ ਉਹ ਖਰਚ ਨਹੀਂ ਕੀਤੇ ਗਏ ਜੋ ਖਰਚ ਕੀਤੇ ਉਨ੍ਹਾਂ ਦਾ ਬੁਰੀ ਤਰ੍ਹਾਂ ਨਾਲ ਮਿਸਯੂਜ਼ ਹੋਇਆ । ਮਿਸਾਲ ਦੇ ਤੌਰ ਤੇ ਅਕਾਊਂਟੈਂਟ ਜਨਰਲ ਨੇ 1960-61 ਦੇ ਫੰਡਜ਼ ਦੀ ਚੈਕਿੰਗ ਕਰਦਿਆਂ ਇਹ ਕਿਹਾ ਹੈ ਕਿ 1000 ਐਗਰੀਕਲਚਰਲ ਕਰੈਡਿਟ ਸੁਸਾਇਟੀਆ ਵਿਚੋਂ, ਜਿਨ੍ਹਾਂ ਨੂੰ ਗਰਾਂਟ ਦਿਤੀ ਗਈ, 321 ਕੇਸਿਜ਼ ਅਜਿਹੇ ਸਨ ਜਿਨਾਂ ਨੂੰ 1.16 ਲਖ ਰੁਪਏ ਦੀ ਸਬਸਿਡੀ ਦਿੱਤੀ ਗਈ ਲੇਕਿਨ ਕੋਈ ਇਮਪਰੂਵਮੈਂਟ ਉਨ੍ਹਾਂ ਵਿਚ ਨਹੀਂ ਹੋਈ–ਨਾ ਮੈਂਬਰਸ਼ਿਪ ਵਿਚ ਔਰ ਨਾ ਹੀ ਨਫੇ ਵਿਚ । ਅਗੇ ਜਾ ਕੇ ਜ਼ਿਕਰ ਕਰਦੇ ਹਨ ਕਿ ਦੋ ਲਖ ਤਿੰਨ ਹਜ਼ਾਰ ਰੁਪਿਆ 119 ਸੁਸਾਇਟੀਆਂ ਨੂੰ ਦਿਤਾ ਗਿਆ ਜਿਨ੍ਹਾਂ ਨੇ ਗੋਦਾਮ ਬਣਾਉਣੇ ਸਨ । ਉਨਾਂ ਕੇਸਿਜ਼ ਵਿਚ ਯੂਟੀਲਾਈਜ਼ੇਸ਼ਨ ਸਰਟੀਫਿਕੇਟ ਵੀ ਜਾਰੀ ਕਰ ਦਿਤੇ ਗਏ ਲੇਕਿਨ ਅਸਲ ਵਿਚ ਉਹ ਰੁਪਿਆ ਬਿਲਕੁਲ ਇਸਤੇਮਾਲ ਨਹੀਂ ਸੀ ਹੋਇਆ । (Voices of shame, shame from the opposition.)

ਡਿਪਟੀ ਸਪੀਕਰ : ਹੁਣ ਤੁਸੀਂ ਬੈਠ ਜਾਉ । (The hon. Member should resume his seat now.)

ਸਰਦਾਰ ਕੁਲਬੀਰ ਸਿੰਘ : ਇਹ ਇਕੋ ਪੁਆਇੰਟ ਖਤਮ ਕਰਕੇ ਬੈਠ ਜਾਵਾਂਗਾ ।

ਡਿਪਟੀ ਸਪੀਕਰ : No please. ਇਕ ਮਿਨਟ ਵਿਚ ਖਤਮ ਕਰੋ । (No please. Wind up within a minute.)

ਸਰਦਾਰ ਕੁਲਬੀਰ ਸਿੰਘ : ਬਸ ਇਹ ਪੁਆਇੰਟ ਪੇਸ਼ ਕਰਕੇ ਬੈਠਦਾ ਹਾਂ ।

ਡਿਪਟੀ ਸਪੀਕਰ : ਤੁਸੀਂ 22 ਮਿਨਟ ਬੋਲ ਚੁਕੇ ਹੋ । (The hon. Member has spoken for twenty two minutes)

ਸਰਦਾਰ ਕੁਲਬੀਰ ਸਿੰਘ : ਜਿਤਨਾ ਵਕਤ ਤੁਸੀਂ ਜ਼ਾਇਆ ਕੀਤਾ ਹੈ ਇਤਨਾ ਸ਼ਾਮਲ ਨਾ ਕਰੋ ਤਾਂ ਮੇਰਾ ਵਕਤ ਕੁਝ ਨਹੀਂ ਬਣਦਾ । ਤੇ ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਤੋਂ ਅਲਾਵਾ 15 ਕੇਸਿਜ਼ ਵਿਚ ਯੂਟੀਲਾਈਜ਼ੇਸ਼ਨ ਸਰਟੀਫੀਕੇਟ ਦਿਤੇ ਗਏ 24000 ਰੁਪਏ ਦੀ ਸਬਸਿਡੀ ਬਾਰੇ । ਲੇਕਿਨ ਬਾਅਦ ਵਿਚ ਪਤਾ ਇਹ ਲਗਦਾ ਹੈ ਕਿ ਉਹ ਰੁਪਿਆ ਜਾਂ ਤਾਂ ਖਰਚ ਹੀ ਨਹੀਂ ਹੋਇਆ ਔਰ ਜੇ ਹੋਇਆ ਤਾਂ ਮਿਸਯੂਜ਼ ਕੀਤਾ ਗਿਆ । ਪਰ ਸੈਂਟਰਲ ਗੌਰਮਿੰਟ ਨੇ ਜੋ ਰੁਪਿਆ ਦਿਤਾ ਉਹ ਪੰਜਾਬ ਗੌਰਮਿੰਟ ਕੋਲੋਂ ਵਸੂਲ

ਕੀਤਾ ਜਾਣਾ ਹੈ । ਇਸੇ ਤਰ੍ਹਾਂ ਇਕ ਹੋਰ ਬੜੀ ਵਡੀ ਸੁਸਾਇਟੀ ਸੀ ਜਿਸ ਦੇ 25,000 ਰੁਪਏ ਦੇ ਸ਼ੇਅਰ ਲਏ ਗਏ ਸਨ । ਇਸ ਦੀ ਮਦਦ ਕਰਨ ਦੀ ਕੋਈ ਲੋੜ ਵੀ ਨਹੀਂ ਸੀ । ਜਿਸ ਮਤਲਬ ਵਾਸਤੇ ਇਹ ਪੈਸਾ ਦਿਤਾ ਗਿਆ ਉਹ ਕੰਮ ਵੀ ਉਸ ਸੁਸਾਇਟੀ ਨੇ ਨਹੀਂ ਕੀਤਾ । (ਘੰਟੀ) ਇਸੇ ਤਰਾਂ ਸੈਂਟਰਲ ਕੋਆਪਰੇਟਿਵ ਬੈਂਕਾਂ ਨੂੰ ਗਰਾਂਟਾਂ ਦਿਤੀਆਂ ਗਈਆਂ ਜਿਹੜੀਆਂ 14 ਵਿਚੋਂ 3 ਬੈਂਕਾਂ ਨੇ ਇਸਤੇਮਾਲ ਕੀਤੀਆਂ । ਕਹਿਣੇ ਦਾ ਭਾਵ ਇਹ ਹੈ ਕਿ ਜਿਹੜਾ ਰੁਪਿਆ ਸੈਂਟਰਲ ਗੌਰਮਿੰਟ ਵਲੋਂ ਕੋਆਪਰੇਟਿਵ ਕੰਮਾਂ ਲਈ ਲਿਆ ਜਾਂਦਾ ਹੈ ਉਸ ਦਾ ਇਸਤੇਮਾਲ ਨਹੀਂ ਹੁੰਦਾ ਅੋਰ ਜਿਹੜਾ ਉਸ ਵਿਚੋਂ ਦਿਤਾ ਵੀ ਜਾਂਦਾ ਹੈ ਉਸ ਦਾ ਮਿਸਯੂਜ਼ ਹੀ ਹੁੰਦਾ ਹੈ ਬਾਵਜੂਦ ਇਸ ਗੱਲ ਦੇ ਕਿ ਯੂਟੀਲਾਈਜ਼ੇਸ਼ਨ ਸਰਟੀਫੀਕੇਟ ਵੀ ਜਾਰੀ ਕਰ ਦਿਤੇ ਜਾਂਦੇ ਹਨ ।

उपाध्यक्षा : पेश्तर इस के कि मैं किसी दूसरे आनरेबल मेम्बर को काल अपान करूं मैं सरदार कुलबीर सिंह से चाहूंगा कि वह अपने अल्फाज़ जो मेरे बारे में कहे वह वापिस लें । आप ने यह चेयर पर रिफलैक्शन की है जिस को बरदाश्त नहीं किया जा सकता । आप यह लफ़ज़ वापिस लें कि मैंने वक्त ज़ाया किया है । (Before I call upon the next member to speak I would ask Sardar Kulbir Singh to withdraw the remarks he has made about me. It is a reflection on the Chair and can not be tolerated. The hon. Member should withdraw these words that I have wasted his time.)

श्री मंगल सैन : इन के कहने का भाव यह था कि हाऊस का वक्त ज़ाया होता है ।

उपाध्यक्षा : नहीं, उन्होंने कहा कि मैंने वक्त ज़ाया किया है । मैं कहूंगी कि पहले वह अपने लफ़ज़ वापिस लें । (No, the hon. Member said that I have wasted his time. I would ask him to first withdraw his remarks.)

सरदार कुलबीर सिंह : मैं अपने अलफ़ाज़ विदड्रा करता हूं । मेरा तो अपना वक्त कोई नहीं । हाउस का ही वक्त है ।

ਮਾਲ ਮੰਤਰੀ : ਕੁਝ ਗੱਲਾਂ ਕਨਸਾਲੀਡੇਸ਼ਨ ਦੇ ਮੁਤਅਲਕ, ਐਗਰੇਰੀਅਨ ਰੀਫਾਰਮਜ਼ ਦੇ ਮੁਤਅਲਕ ਕਹੀਆਂ ਗਈਆਂ ਹਨ । ਜੇ ਮੁਨਾਸਬ ਸਮਝੋ ਤਾਂ ਮੈਨੂੰ ਥੋੜਾ ਜਿਹਾ ਵਕਤ ਦੇ ਦਿਉ ਤਾਕਿ ਮੈਂ ਇਸ ਬਾਰੇ ਕੁਝ ਦਸ ਸਕਾਂ ।

ਡਿਪਟੀ ਸਪੀਕਰ : ਪਹਿਲੇ ਕੁਝ ਮੈਂਬਰ ਸਾਹਿਬਾਨ ਨੂੰ ਬੋਲ ਲੈਣ ਦਿਉ । (Let some hon. Members have their say first.)

लाला रुलिया राम (घरौंडा) : डिप्टी स्पीकर साहिबा, आज जो बजट हमारे सामने पेश है और जिस पर बहस चल रही है मैं इस के लिए अपने फाइनान्स मिनिस्टर साहिब को मुबारकबाद देता हूं । इस के साथ साथ मेरे ज़िले के मुताल्लिक इस में जो खास खास कमियां रह गई हैं वह मैं हाउस में आप के द्वारा मिनिस्टर साहिब के नोटिस में लाना चाहता हूं । मेरे जिला करनाल में फ्लड्ज का बड़ा ज़ोर रहता है और

[लाला रुलिया राम]

उन से हमारा इतना ज्यादा नुकसान होता है जितना शायद और किसी ज़िले का न होता हो ।

इस के अलावा हमारा ज़िला विद्या के लिहाज़ से बहुत पिछड़ा हुआ है । जिस वक्त हम यहां चण्डीगढ़ से करनाल के लिए चलते हैं तो हम देखते हैं कि न ज़िला अम्बाला में और न ही ज़िला करनाल में कोई गवर्नमैंट हाई स्कूल या कालेज है । हालाँकि पापूलेशन के लिहाज़ से वह किसी दूसरे ज़िले से पीछे नहीं और न ही किसी और तरह पीछे रहता है । जब कोई फण्ड इकठ्ठा करना होता है तो हमारा ज़िला सब ज़िलों से आगे रहता है । इन चीज़ों के बावजूद वहां न कोई गवर्नमैंट कालेज है और न ही कोई गवर्नमैंट हाई स्कूल ही है । पानीपत जो कि एक अच्छा खासा कसबा है और वहां की आबादी डेढ़ लाख के करीब है और करनाल शहर जिसकी आबादी तकरीबन एक लाख के करीब है, वहाँ भी कोई गवर्नमैंट हाई स्कूल या कालेज नहीं । इस ज़िले को बड़ा पिछड़ा हुआ रखा हुआ है । इस तरफ सरकार को जरूर ध्यान देना चाहिए ।

इस के अलावा हमारे ज़िला को जमुना नदी से हर साल बहुत नुकसान पहुंचता है, वहां बहुत ज्यादा पानी आ जाता है लेकिन बदकिस्मती यह है कि हमारे ज़िला के लोगों को हरेक चीज़ बाकी ज़िलों के लोगों से कम मिलती है और इस वक्त जो रिलीफ दिया जा रहा है वह भी कम दिया जा रहा है । हालांकि नुकसान ज्यादा हुआ है । मैं समझता हूं कि इन चीज़ों के लिए ज़िला करनाल को हरियाना में भी शुमार नहीं किया जाता । हरियाना में सिर्फ गुड़गांव, रोहतक और हिसार के ही ज़िले नहीं हैं बल्कि करनाल का ज़िला भी उसी में है जो बैकवर्ड एरिया इस ज़िले का है । वहां के लोगों को भी इमदाद मिलनी चाहिए और उसे सिर्फ नाम से ही बैकवर्ड न रखा जाए । इस वक्त उस एरिया के लोगों को बैकवर्ड होने की वह सहूलतें नहीं मिल रहीं जो दूसरे ज़िलों के बैकवर्ड एरिया के लोगों को मिल रही हैं । वह एरिया इस वक्त नाम का ही बैकवर्ड एरिया रखा हुआ है, वहाँ न कोई स्कूल है और न ही कोई वेट्रेनरी हस्पताल ही है । इस लिए मैं मिनिस्टर साहिबान से अर्ज़ करूंगा कि हमारे ज़िले को कम से कम यह सहूलतें तो जरूर मुहैया की जाएं ।

फ्लडज़ के मुताल्लिक यह अर्ज़ है कि पिछले बजट सेशन के दौरान जब फ्लडज़ पर डिस्कशन हुई थी तो उस वक्त यहाँ जितनी भी स्पीचिज़ हुई चाहे वह अपोज़ीशन के बैंचों की तरफ से हुई थीं या सरकारी बैंचों की तरफ से हुई थीं, तो उस वक्त यह बात कही गई थी कि फ्लडज़ के आने से पंजाब की बहुत नुकसान होता है और इनकी वजह यह है कि जो इस महकमा के

इन्चार्ज अफसर हैं वह काम ठीक तरह से नहीं कर रहे । और इस की वजह से पंजाब का बेड़ा गर्क होता जा रहा है । जो फ्लड कन्ट्रोल के इन्चार्ज हैं वह श्री सिधू हैं और इस काम के अलावा यह सारे इरीगेशन के महकमा की एस्टैबिलशमैंट के भी इन्चार्ज हैं । यह दोनों महकमे उन के सपुर्द किए हुए हैं । इस बारे में पिछले सेशन में भी बहुत शोर हुआ था लेकिन उन से अभी तक एस्टेब्लिशमैंट का काम नहीं लिया गया । मैं नहीं कहता कि क्या कारण है कि उन को वहाँ से क्यों नहीं हटाया जा रहा लेकिन यह देखने की बात है । पिछले साल जब रोहतक में फ्लड आया था तो सिचाई मंत्री तो किश्तियों में बैठ २ कर पानी के अन्दर वहां फिरते रहे और मौके पर जाते रहे लेकिन श्री सिधू जो चीफ इंजीनियर इन्चार्ज हैं इस काम के सिलसिले में एक बार भी वहां मौके पर नहीं गए और यहां लोगों के तबादले करने में ही लगे रहे थे । उन्हें इस की परवाह भी नहीं थी हालाँकि यह इतना जरूरी महकमा है । इन्होंने इतना तक नहीं किया कि खुद दौरा कर के देख लिया हो । इस लिए मैं आप के द्वारा सिचाई मंत्री जी से अर्ज़ करना चाहता हूं कि क्या ऐसे अफसरों को इस तरीका से तैनात किया जाता है । क्या उन का नाम रजिस्टिर्ड हैं जो उन को वहां से हिलाया नहीं जाता । पिछले सेशन में यह तमाम चीज़ें यहां कही जाती रही थी लेकिन उन का कोई भी असर नहीं हुआ । अब वह बीमारी फिर आने वाली है, बरसात फिर आने वाली है और हमें डर है कि पिछले साल की तरह फिर पंजाब में बाढ़ न आए और नुकसान न हो । इस बजट में हमारे ज़िला के लिए कोई खास रकम नहीं रखी गई है । इस लिए मैं आप के द्वारा सिचाई मंत्री जी से अर्ज़ करूंगा कि वह इस साल खुद हमारे ज़िला का ख्याल रखें । पिछले साल जिन अफसरान ने कोताही की थी उन के खिलाफ कोई एकशन नहीं लिया गया ।

इस के अलावा एक अर्ज़ मैं यह करना चाहता हूं कि एक्साईज़ एण्ड टैक्सेशन डिपार्टमैंट में कुछ अफसर इस किस्म के लगाए हुए हैं जो इस बात की ज़रा भी परवाह नहीं करते कि पब्लिक के साथ डीलिंग कैसी रखी जानी चाहिए और इस बात का भी ख्याल नहीं करते कि गवर्नमैंट का कितना नुकसान हो रहा है कि नहीं हो रहा । एक्साईज एण्ड टैक्सेशन कमिश्नर तो ऐसा है जो एम० एल० एज़० की भी परवाह नहीं करता । उस को मिलने के लिए कोई एम० एल० ए० चला जाए तो उस को भी उस के दफ़तर के दरवाज़े के बाहर कई २ घंटे खड़ा होना पड़ता है । उस का रवैया बड़ा सख्त है । एक रोज़ मैं मित्तल साहिब के पास बैठा था तो मेरे वहां बैठे २ उन के पास पांच एम० एल० एज़० आए और उस के रवैये की शिकायत करने लगे और कहने लगे कि उस के रवैये के कारण पब्लिक उस से नालां है और अगर वह इसी तरह से पब्लिक को नाराज़ करता रहा तो यह बहुत बुरी बात होगी । इस पर मैंने मित्तल साहिब से अर्ज़ की कि क्या कारण है कि आप के महकमे में ऐसा अफसर लगा हुआ है......

उपाध्यक्षा : आप मित्तल साहिब को नोट करा दें । (The hon. member may get this point noted by Shri Ram Saran Chand Mittal.)

लाला रुलिया राम : तो उन्होंने कहा कि वह मेरे महकमा को सौंप दिया गया है और उस के अलावा एक दो अफसर और भी ऐसे सौंप दिए गए हैं जिन से वे खुद तंग हैं । डिप्टी स्पीकर साहिबा, यह मित्तल साहिब के अपने अलफाज हैं इस पर उन्होंने मुझ से कहा कि आप इस बारे में चीफ मिनिस्टर साहिब से जिक्र कर दें । तो मैं अर्ज कर रहा था कि ऐसे अफसरों, जिन से खुद मिनिस्टर भी तंग हों और जिन्होंने पब्लिक को भी तंग कर रखा हो, के तबादला के लिए कोई और जगह नहीं है और क्या उनके लिए वही जगह रह गई है ।

मैं, डिप्टी स्पीकर साहिबा, हाऊस का ज्यादा वक्त न लेता हुआ सिर्फ एक बात और कहना चाहता हूं । हमारे जिला करनाल के साथ हमेशा बेइनसाफी होती रही है । वहां पर पिछले फ्लडज़ के दौरान मारकण्डा नदी से बहुत नुकसान हुआ था, एक और नदी है जो कैथल के पास से गुजरती है । उस से भी नुकसान हुआ था और जो इन्दरी ड्रेन है फ्लड के दिनों में वह भी टूट गई थी उस से भी काफी नुकसान हुआ था इस लिए मैं सिंचाई मंत्री जी से कहता हूं कि कम से कम इस साल तो वह जिला करनाल पर रहम करें और इस आफत से बचाने का प्रबन्ध करें ।

ਭਗਤ ਗੁਰਾਂ ਦਾਸ ਹੰਸ (ਹਰਿਆਣਾ, ਐਸ.ਸੀ) : ਡਿਪਟੀ ਸਪੀਕਰ ਸਾਹਿਬਾ, ਵਿਤ ਮੰਤਰੀ ਨੇ......

WALK-OUT

ਸਰਦਾਰ ਗੁਰਨਾਮ ਸਿੰਘ : ਅਗੇ ਤਾਂ ਵਾਰੀ ਵਾਰੀ ਨਾਲ ਇਕ ਆਦਮੀ ਆਪੋਜ਼ੀਸ਼ਨ ਵਲੋਂ ਤੇ ਇਕ ਆਦਮੀ ਗੌਰਮੈਂਟ ਬੈਂਚਾਂ ਵਲੋਂ ਬੋਲ ਰਿਹਾ ਹੈ ਔਰ ਹੁਣ ਕਿਉਂਕਿ ਸਰਕਾਰੀ ਬੈਂਚਾਂ ਤੋਂ ਬੋਲ ਕੇ ਹਟਿਆ ਹੈ, ਇਸ ਲਈ ਹੁਣ ਅਪੋਜ਼ੀਸ਼ਨ ਵਾਲਿਆਂ ਦੀ ਵਾਰੀ ਹੈ ।

ਕਾਮਰੇਡ ਜੰਗੀਰ ਸਿੰਘ ਜੋਗਾ : ਡਿਪਟੀ ਸਪੀਕਰ ਸਾਹਿਬਾ, ਇਹ ਜਿਹੜਾ ਬਜਟ 112 ਕਰੋੜ ਰੁਪਏ ਦਾ ....

Deputy Speaker : Order please. I have called Bhagat Guran Das Hans to speak.

ਕਾਮਰੇਡ ਜੰਗੀਰ ਸਿੰਘ ਜੋਗਾ : ਡਿਪਟੀ ਸਪੀਕਰ ਸਾਹਿਬਾ, ਸਾਨੂੰ ਤੁਸੀਂ ਬੋਲਣ ਹੀ ਨਹੀਂ ਦੇ ਰਹੇ ।

Deputy Speaker : Will you please take your seat. I am not going to be dictated by you.

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ : ਆਨ ਏ ਪੁਆਇੰਟ ਆਫ ਆਰਡਰ, ਮੈਡਮ। ਕੀ ਇਹ ਗੱਲ ਤੈ ਹੋ ਚੁਕੀ ਹੈ ਕਿ ਸਾਡੇ ਗਰੁਪ ਨੂੰ ਵਕਤ ਨਹੀਂ ਦੇਣਾ ? 5, 7 ਦਿਨ ਦੀਆਂ ਪ੍ਰੋਸੀਡਿੰਗਜ਼ ਦੇਖ ਲਉ ਸਾਨੂੰ ਵਕਤ ਨਹੀਂ ਮਿਲਿਆ। ਕਲ ਸਪੀਕਰ ਸਾਹਿਬ ਨੇ ਕਿਹਾ ਸੀ....

ਡਿਪਟੀ ਸਪੀਕਰ : ਮੈਨੂੰ ਪਤਾ ਹੈ ਕਿ ਕੀ ਤੈ ਹੋਇਆ ਹੈ। (I know what has been decided.)

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ : ਸਾਨੂੰ ਇਨਟੈਂਸ਼ਨਲੀ ਛਡ ਦਿਤਾ ਜਾਂਦਾ ਹੈ।

Comrade Shamsher Singh Josh : Madam, I have to make one submission with your permission.

Deputy Speaker : I have not given permission. I have called upon Bhagat Guran Dass Hans.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਕਲ੍ਹ ਇਹ ਫੈਸਲਾ ਹੋਇਆ ਸੀ ਕਿ ਇਕ ਮੈਂਬਰ ਆਪੋਜ਼ੀਸ਼ਨ ਦਾ ਅਤੇ ਇਕ ਟ੍ਰੈਯਰੀ ਬੈਂਚਿਜ਼ ਦਾ ਬੋਲੇਗਾ।

Deputy Speaker : Please resume your seat. The Chair is not going to be dictated by any Member.

(At this the communist group staged a Walk-out.)

चौ० इन्द्र सिंह मलिक : आन ए प्वायंट आफ आर्डर, मैडम। यह क्या बात है कि जिस वक्त आप चेयर में आती हैं तो वाक आउट होता है ?

Deputy Speaker : It is not a point of order. This is done according to a programme.

GENERAL DISCUSSION OF THE BUDGET (RESUMPTION) (NOT CONCLD.)

ਭਗਤ ਗੁਰਾਂ ਦਾਸ ਹੰਸ : ਡਿਪਟੀ ਸਪੀਕਰ ਸਾਹਿਬਾ, ਇਹ ਜੋ ਬਜਟ ਸਾਡੇ ਸਾਹਮਣੇ ਪੇਸ਼ ਹੈ ਇਸ ਵਿਚ ਆਮਦਨੀ 1,12,67,00,000 ਰੁਪਏ ਅਤੇ ਖਰਚ 1,12,91,00,000 ਰੁਪਏ ਹੈ। ਡਿਪਟੀ ਸਪੀਕਰ ਸਾਹਿਬਾ, ਮੈਨੂੰ 12, 13 ਸਾਲ ਇਸ ਹਾਊਸ ਵਿਚ ਆਉਂਦੇ ਨੂੰ ਹੋ ਗਏ ਹਨ ਮਗਰ ਇਸ ਸਾਲ ਜੋ ਹਾਲਤ ਹੈ ਕਿ ਚੇਅਰ ਦਾ ਵੀ ਇਹਤਰਾਮ ਨਹੀਂ ਹੈ ਇਸ ਨਾਲ ਬੜਾ ਦੁਖ ਹੁੰਦਾ ਹੈ। ਮੈਂ ਇਕ ਹਰੀਜਨ ਫੈਮੀਲੀ ਨਾਲ ਤਅਲੁਕ ਰਖਦਾ ਹਾਂ ਅਤੇ ਮੈਂ ਕਹਿ ਸਕਦਾ ਹਾਂ ਕਿ ਇਥੇ ਅਜਿਹੀ ਹਾਲਤ ਹੈ ਜਿਹੀ ਕਿ ਕਿਸੇ ਭੰਗਤ਼ਖਾਨੇ ਵਿਚ ਜਾਂ ਹਰੀਜਨਾਂ ਦੀ ਮੀਟਿੰਗ ਵਿਚ ਹੁੰਦੀ ਹੈ। ਉਸੇ ਤਰ੍ਹਾਂ ਤੂ ਤੂ ਮੈਂ ਮੈਂ ਹੁੰਦੀ ਹੈ। (ਵਿਘਨ) ਮੈਂ ਹੁਣ ਬਜਟ ਬਾਰੇ ਆਪਣੇ ਕੁਝ ਵਿਚਾਰ ਆਪ ਦੇ ਸਾਹਮਣੇ ਪੇਸ਼ ਕਰਦਾ ਹਾਂ। ਮੇਰੇ ਕਮਿਊਨਿਸਟ ਭਰਾ ਉਠ ਕੇ ਚਲੇ ਗਏ।

ਡਿਪਟੀ ਸਪੀਕਰ : ਤੁਸੀਂ ਆਪਣੇ ਹਲਕੇ ਦੀ ਗੱਲ ਕਰੋ। ਇਹ ਛਡੋ ਕਿ ਦੂਜਿਆਂ ਨੇ ਕੀ ਕਿਹਾ ਹੈ। (The hon. Member should refer to his constituance leave aside what others have said.)

ਭਗਤ ਗੁਰਾਂ ਦਾਸ ਹੰਸ : ਬਹੁਤ ਅਛਾ ਜੀ । ਕੁਝ ਕਮਿਊਨਿਸਟ ਭਰਾਵਾਂ ਨੇ ਗਵਰਨਰ ਸਾਹਬ ਦੇ ਐਡਰੈਸ ਤੇ ਬੋਲਦੇ ਹੋਏ ਇਹ ਕਿਹਾ ਕਿ ਸਾਨੂੰ ਗਰੀਬਾਂ ਨਾਲ ਬਹੁਤ ਹਮਦਰਦੀ ਹੈ । ਮੈਨੂੰ ਇਸ ਤੇ ਇਕ ਸ਼ੇਅਰ ਯਾਦ ਆ ਗਿਆ ਹੈ:

ਕਾਂਟਾ ਚੁਭੇ ਕਿਸੀ ਕੋ ਤੋ ਤੜਪਤੇ ਹੈਂ ਹਮ ਅਮੀਰ,
ਸਾਰੇ ਜਹਾਂ ਕਾ ਦਰਦ ਹਮਾਰੇ ਜਿਗਰ ਮੇਂ ਹੈ ।

ਕਮਿਊਨਿਸਟ ਦੋਸਤਾਂ ਨੇ ਤਕਰੀਰਾਂ ਕਰਦੇ ਹੋਏ ਕਿਹਾ ਕਿ ਇਸ ਗੌਰਮਿੰਟ ਨੇ ਕੁਝ ਨਹੀਂ ਕੀਤਾ । ਫਿਰ ਕਹਿਣ ਲਗੇ ਕਿ ਸਵੀਪਰਾਂ ਦੀ ਤਨਖਾਹ 85 ਰੁਪਏ ਕਿਉਂ ਕਰ ਦਿਤੀ ਹੈ, ਚਪੜਾਸੀਆਂ ਦੀ ਕਿਉਂ ਨਹੀਂ ਕੀਤੀ । ਇਸ ਤੋਂ ਸਾਬਤ ਹੁੰਦਾ ਹੈ ਕਿ ਇਨ੍ਹਾਂ ਨੂੰ ਗਰੀਬਾਂ ਨਾਲ ਕਿੰਨਾ ਪਰੇਮ ਹੈ । ਮੈਂ ਆਪ ਦੇ ਜ਼ਰੀਏ ਸਰਕਾਰ ਦਾ ਇਸ ਚੰਗੇ ਕੰਮ ਲਈ ਧੰਨਵਾਦ ਕਰਦਾ ਹਾਂ । (ਤਾੜੀਆਂ) ਜਿਸ ਦੀ ਤਨਖਾਹ ਕਮਿਊਨਿਸਟ ਭਰਾ 85 ਰੁਪਏ ਜ਼ਿਆਦਾ ਸਮਝਦੇ ਹਨ ਉਸ ਦੀ ਤਨਖਾਹ ਬੇਸ਼ਕ 200 ਰੁਪਏ ਕਰ ਦਿਉ ਤੇ ਫੇਰ ਵੀ ਦੇਖੋ ਕਿ ਕਿੰਨੇ ਕਮਿਊਨਿਸਟ ਜਾਂ ਹੋਰ ਦੂਸਰੀਆਂ ਜ਼ਾਤਾਂ ਦੇ ਲੋਕ ਇਸ ਕੰਮ ਨੂੰ ਕਰਦੇ ਹਨ । ਕੋਈ ਇਸ ਔਖੇ ਕੰਮ ਨੂੰ ਕਰਨ ਨੂੰ ਤਿਆਰ ਨਹੀਂ ਹੋਵੇਗਾ । ਸਰਕਾਰ ਨੇ ਇਹ ਇਕ ਨੇਕ ਕਦਮ ਉਠਾਇਆ ਹੈ । ਇਨ੍ਹਾਂ ਗਰੀਬਾਂ ਨਾਲ ਇਨ੍ਹਾਂ ਦੀ ਗਰੀਬੀ ਕਰਕੇ ਨਫ਼ਰਤ ਕੀਤੀ ਜਾਂਦੀ ਹੈ । ਇਹ ਤਰੀਕਾ ਉਨਾਂ ਨੂੰ ਉਪਰ ਚੁਕਣ ਦਾ ਤੇ ਨਫਰਤ ਨੂੰ ਖਤਮ ਕਰਨ ਦਾ ਬੜਾ ਪਵਿੱਤਰ ਹੈ । ਉਨ੍ਹਾਂ ਦੀ ਤਨਖਾਹ 125 ਰੁਪਏ ਹੋਣੀ ਚਾਹੀਦੀ ਹੈ ਜਿਵੇਂ ਕਿ ਯਸ਼ ਜੀ ਨੇ ਕਿਹਾ ਸੀ । ਮੈਂ ਤਾਂ ਕਹਿੰਦਾ ਹਾਂ ਕਿ ਇਨ੍ਹਾਂ ਦੀ ਤਨਖਾਹ ਬੇਸ਼ਕ 200 ਰੁਪਏ ਕਰ ਦਿਉ ਅਤੇ ਦੂਸਰੀਆਂ ਜਾਤੀਆਂ ਦੇ ਲੋਕਾਂ ਨੂੰ ਇਹ ਨੌਕਰੀਆਂ ਦੇ ਦਿਉ ਤਾਕਿ ਇਸ ਤਰ੍ਹਾਂ ਹੀ ਉਚ ਨੀਚ ਖਤਮ ਹੋਵੇ । ਡਿਪਟੀ ਸਪੀਕਰ ਸਾਹਿਬਾ, ਮੈਂ 1933 ਤੋਂ ਲੈਕੇ ਇਸ ਮੈਦਾਨ ਵਿਚ ਹਾਂ ਅਤੇ ਮੈਨੂੰ ਪਤਾ ਹੈ ਕਿ ਅੰਗਰੇਜ਼ਾਂ ਦੇ ਸਮੇਂ ਵਿਚ ਸਾਡੀ ਕੀ ਹਾਲਤ ਸੀ। ਮੈਨੂੰ ਯਾਦ ਹੈ ਕਿ ਹਰੀਜਨਾਂ ਦੇ ਲੀਡਰ ਆਪਣੇ ਲੈਕਚਰਾਂ ਵਿਚ ਇਹ ਮੰਗ ਕਰਦੇ ਹੁੰਦੇ ਸੀ ਕਿ ਸਾਡੇ ਮੁੰਡਿਆਂ ਦੀ ਦਸਵੀਂ ਜਮਾਤ ਤਕ ਅਧੀ ਫ਼ੀਸ ਮਾਫ਼ ਹੋਣੀ ਚਾਹੀਦੀ ਹੈ ਪਰ ਸਾਡੀ ਇਸ ਸਰਕਾਰ ਨੇ ਐਮ.ਏ. ਤਕ ਹਰੀਜਨ ਬਚਿਆਂ ਦੀ ਪੂਰੀ ਫ਼ੀਸ ਮਾਫ ਕਰ ਦਿਤੀ ਹੈ । (ਤਾੜੀਆਂ) ਅਜ ਤਾਂ ਇਹ ਹਾਲਤ ਹੈ ਕਿ ਜ਼ਿਮੀਂਦਾਰਾਂ ਦੇ ਬਚੇ ਤਾਂ ਕਾਲਜ ਵਿਚ ਪੜ੍ਹ ਨਹੀਂ ਸਕਦੇ ਪਰ ਸਾਡੇ ਬਚੇ ਪੜ੍ਹਦੇ ਹਨ ਅਤੇ ਉਨਾਂ ਨੂੰ ਜੇਬ ਖਰਚ ਵੀ ਸਰਕਾਰ ਵਲੋਂ ਮਿਲਦਾ ਹੈ। (ਤਾੜੀਆਂ) ਦਰਅਸਲ ਕਿਸੇ ਗਰੀਬ ਨੂੰ ਜੇ ਉਪਰ ਚੁਕਣਾ ਹੋਵੇ ਤਾਂ ਸਭ ਤੋਂ ਵਧੀਆ ਤਰੀਕਾ ਵੀ ਇਹੀ ਹੈ ਕਿ ਉਸ ਨੂੰ ਪੜ੍ਹਾਇਆ ਜਾਵੇ, ਉਚੀ ਸਿਖਿਆ ਦਿਤੀ ਜਾਵੇ ਤਾਂ ਹੀ ਉਹ ਤਰੱਕੀ ਕਰ ਸਕਦਾ ਹੈ। ਫਿਰ ਅੰਗਰੇਜ਼ਾਂ ਦੇ ਵਕਤ ਵਿਚ ਜੇ ਕਿਸੇ ਹਰੀਜਨ ਨੇ ਮਕਾਨ ਪਾਉਣਾ ਹੁੰਦਾ ਸੀ ਤਾਂ ਉਸ ਨੂੰ ਦੋ ਮਰਲੇ ਜ਼ਮੀਨ ਨਹੀਂ ਸੀ ਮਿਲਦੀ । ਅਸੀਂ ਜ਼ੋਰ ਪਾਉਂਦੇ ਹੁੰਦੇ ਸੀ ਕਿ ਇੰਤਕਾਲ ਆਰਜ਼ੀ ਐਕਟ ਮਨਸੂਖ ਕੀਤਾ ਜਾਵੇ ਤਾਕਿ ਹਰੀਜਨਾਂ ਨੂੰ ਜ਼ਮੀਨ ਮਿਲ ਸਕੇ ਪਰ ਹੁਣ ਸਾਡੀ ਸਰਕਾਰ ਦੇ ਫੈਸਲਿਆਂ ਕਰਕੇ ਕੋਈ ਵੀ ਹਰੀਜਨ ਹਜ਼ਾਰਾਂ ਏਕੜ ਦਾ ਮਾਲਕ ਬਣ ਸਕਦਾ ਹੈ । ਜਿਥੇ ਪਹਿਲਾਂ ਹਰੀਜਨ ਆਪਣੇ ਜ਼ਮੀਂਦਾਰ ਦਾ ਕੰਮੀ ਹੁੰਦਾ ਸੀ ਅਜ ਉਹ ਉਸ ਦਾ ਸ਼ਰੀਕ ਬਣ ਕੇ ਕੰਮ ਕਰਦਾ ਹੈ । ਇਹ ਸਾਰੀ ਮਿਹਰਬਾਨੀ ਕਾਂਗਰਸ ਹਕੂਮਤ ਦੀ ਹੀ ਹੈ । (ਤਾੜੀਆਂ) ਇਹ ਇਸ ਸਰਕਾਰ ਦਾ ਸਾਡੇ ਤੇ ਅਹਿਸਾਨ ਹੈ । ਇਹੀ ਨਹੀਂ ਇਹ ਸਰਕਾਰ ਹਰੀਜਨਾਂ ਨੂੰ ਹਰ ਸਾਲ $7\frac{1}{2}$ ਲਖ ਰੁਪਏ ਦੀ ਜ਼ਮੀਨ ਖਰੀਦ ਕੇ ਦਿੰਦੀ

ਹੈ । 35-40 ਫੈਮੀਲੀਜ਼ ਨੂੰ 35,000/- ਰੁਪਿਆ ਜ਼ਮੀਨ ਲਈ ਦਿਤਾ ਜਾਂਦਾ ਹੈ । ਹਰੇਕ ਟੱਬਰ ਨੂੰ 2,000 ਰੁਪਏ ਗਰਾਂਟ ਦਿਤੀ ਜਾਂਦੀ ਹੈ, 2,500 ਰੁਪਏ ਦਾ ਕਰਜ਼ਾ ਦਿਤਾ ਜਾਂਦਾ ਹੈ ਜਿਸ ਲਈ ਸਰਕਾਰ ਜ਼ਮਾਨਤ ਵੀ ਦਿੰਦੀ ਹੈ । ਸਾਡੇ ਨਾਲ ਇਹ ਸਰਕਾਰ ਇਸ ਤਰ੍ਹਾਂ ਭਲਾਈ ਦੇ ਕੰਮ ਕਰਦੀ ਹੈ ਤਾਂ ਅਸੀਂ ਵੀ ਕਿਰਤਘਨ ਨਹੀਂ ਹਾਂ ਜਿਵੇਂ ਕਿ ਸਾਡੇ ਦੋਸਤ ਜ਼ਰਾ ਜਿੰਨੀ ਗੱਲ ਹੋਵੇ ਤੇ ਕਾਂਗਰਸ ਨੂੰ ਛਡ ਹੀ ਦਿੰਦੇ ਹਨ । ਅਸੀਂ ਅਹਿਸਾਨ ਨਹੀਂ ਭੁਲਾਂਦੇ ਅਤੇ ਇਸੇ ਕਰਕੇ ਹਰੀਜਨ ਕਾਂਗਰਸ ਲਈ ਸਰਵੰਸ ਵਾਰਨ ਲਈ ਤਿਆਰ ਹਨ ।

ਹੁਣ ਮੈਂ ਕੁਝ ਆਪਣੇ ਹਲਕੇ ਬਾਰੇ ਕਹਾਂਗਾ । ਮੇਰਾ ਹੁਸ਼ਿਆਰਪੁਰ ਜ਼ਿਲੇ ਦਾ ਇਲਾਕਾ ਪੰਜਾਬ ਦਾ ਬਾਗ ਕਿਹਾ ਜਾਂਦਾ ਸੀ ਮਗਰ ਅਜ ਚੋਆਂ ਕਰਕੇ ਉਸ ਜ਼ਿਲੇ ਦੀ ਹਾਲਤ ਬਹੁਤ ਖਰਾਬ ਹੈ । (ਵਿਘਨ) ਚੋਰ ਤੁਹਾਡੇ ਵਲ ਹੋਣਗੇ। ਮੇਰਾ ਕੰਡੀ ਦਾ ਇਲਾਕਾ ਹੈ ਜਿਥੇ ਲੋਕਾਂ ਨੂੰ 365 ਦਿਨਾਂ ਵਿਚੋਂ ਸਿਰਫ 56 ਦਿਨਾਂ ਦਾ ਖਾਨਾ ਮਿਲਦਾ ਹੈ। ਕਈ ਅਜਿਹੇ ਪਿੰਡ ਹਨ ਜਿਥੇ ਲੋਕਾਂ ਨੂੰ ਪੀਣ ਦਾ ਪਾਣੀ ਹੀ ਨਹੀਂ ਮਿਲਦਾ । ਜਦ ਅਸੀਂ ਉਸ ਇਲਾਕੇ ਵਿਚ ਜਾਂਦੇ ਹਾਂ ਤਾਂ ਉਨ੍ਹਾਂ ਲੋਕਾਂ ਨੂੰ ਦੇਖਦੇ ਹਾਂ ਕਿ ਕਿਸ ਤਰ੍ਹਾਂ ਉਨਾਂ ਨੂੰ ਧਰਤੀ ਮਾਤਾ ਨਾਲ ਹਿਤ ਹੈ। ਉਹ ਉਥੇ ਬੈਠੇ ਹਨ ਜਿਥੇ ਪੀਣ ਨੂੰ ਵੀ ਪਾਣੀ ਨਹੀਂ ਮਿਲਦਾ । ਪਿਛਲੇ ਇਲੈਕਸ਼ਨਾਂ ਵਿਚ ਮੇਰੇ ਸਾਥੀ ਪ੍ਰਿੰਸੀਪਲ ਰਲਾ ਰਾਮ ਅਤੇ ਮੈਂ ਜਦ ਉਸ ਇਲਾਕੇ ਵਿਚ ਗਏ ਤਾਂ ਉਨ੍ਹਾਂ ਲੋਕਾਂ ਨੇ ਕਿਹਾ ਕਿ ਸਾਨੂੰ ਬੜੀ ਖੁਸ਼ੀ ਹੈ ਕਿ ਮੁਲਕ ਆਜ਼ਾਦ ਹੋ ਗਿਆ ਹੈ ਪਰ ਅਸੀਂ ਸਿਰਫ਼ ਇਕ ਸਵਾਲ ਕਰਦੇ ਹਾਂ ਕਿ ਸਾਨੂੰ ਪੀਣ ਨੂੰ ਪਾਣੀ ਮਿਲ ਜਾਏ । ਅਸੀਂ ਸਭ ਕੁਝ ਵਾਰ ਦੇਵਾਂਗੇ । ਸਾਨੂੰ ਖੁਸ਼ੀ ਹੈ ਕਿ ਸਾਡੀ ਸਰਕਾਰ ਨੇ 17-18 ਲੱਖ ਰੁਪਿਆ ਖਰਚ ਕਰਕੇ ਉਸ ਇਲਾਕੇ ਲਈ ਪੀਣ ਦੇ ਪਾਣੀ ਦਾ ਇੰਤਜ਼ਾਮ ਕੀਤਾ ਜਿਸ ਲਈ ਅਸੀਂ ਇਸ ਦਾ ਧੰਨਵਾਦ ਕਰਦੇ ਹਾਂ । (ਤਾੜੀਆਂ)

1-30 P.M. ਮੈਂ ਇਲਾਕਾ ਕੰਡੀ ਦਾ ਜ਼ਿਕਰ ਕਰ ਰਿਹਾ ਸਾਂ । ਅਸਾਡੀ ਗੌਰਮੈਂਟ ਹਰੀਜਨਾਂ ਨੂੰ ਜ਼ਮੀਨ ਕਾਸ਼ਤ ਲਈ ਦੇ ਰਹੀ ਹੈ । ਮੈਂ ਆਪ ਦੀ ਰਾਹੀਂ ਗੌਰਮੈਂਟ ਪਾਸ ਬੇਨਤੀ ਕਰਾਂਗਾ ਕਿ ਜਿਥੇ ਤੁਸੀਂ ਸਾਡੇ ਹਰੀਜਨਾਂ ਤੇ ਅਹਿਸਾਨ ਕਰ ਰਹੇ ਹੋ ਕਿ ਜ਼ਮੀਨ ਕਾਸ਼ਤ ਵਾਸਤੇ ਦੇ ਰਹੇ ਹੋ ਤਾਂ ਇਨੀ ਗਲ ਜ਼ਰੂਰ ਕਰ ਦਿਉ ਕਿ ਉਹ ਜ਼ਮੀਨਾਂ ਕਾਸ਼ਤ ਦੇ ਕਾਬਲ ਬਣਾ ਕੇ ਦਿਉ ਤਾਂ ਜੋ ਉਹ ਗਰੀਬ ਹਰੀਜਨਾ ਦਾ ਗੁਜ਼ਾਰਾ ਕਰ ਸਕਣ । ਜੇਕਰ ਉਨ੍ਹਾਂ ਨੂੰ ਟੋਏ ਟਿਬੇ ਵਾਲੀ ਜ਼ਮੀਨ ਦੇ ਦਿਤੀ ਗਈ ਅਤੇ ਬੇਕਾਰ ਜ਼ਮੀਨ ਦੇ ਦਿਤੀ ਗਈ ਤਾਂ ਉਹ ਬਹਿ ਤਾਂ ਜਾਣਗੇ ਪਰ ਨਾ ਉਨ੍ਹਾਂ ਪਾਸ ਹਲ ਨਾ ਉਨ੍ਹਾਂ ਪਾਸ ਕੋਈ ਰੁਪਿਆ ਇਸ ਲਈ ਉਨ੍ਹਾਂ ਨੂੰ ਅਜਿਹੀ ਜ਼ਮੀਨ ਤੋਂ ਕੋਈ ਕਾਸ਼ਤ ਕਰਨੀ ਬਹੁਤ ਮੁਸ਼ਕਿਲ ਹੋ ਜਾਵੇਗੀ। ਜਿਥੇ ਤੁਸੀਂ ਅਹਿਸਾਨ ਕੀਤਾ ਹੈ ਕਿ ਇਸ ਕੰਮ ਲਈ 2 ਕਰੋੜ 81 ਲਖ ਰੁਪਿਆ ਰਖਿਆ ਹੈ ਜਿਹੜਾ ਕਿ ਹਰੀਜਨ ਕਲਿਆਨ ਟੈਕਸ ਤੋਂ ਆਇਆ ਅਤੇ ਜਿਥੇ ਅਸੀਂ ਆਪਣੇ ਚੀਫ਼ ਮਨਿਸਟਰ ਸਾਹਿਬ ਨੂੰ ਵਧਾਈ ਦਿੰਦੇ ਹਾਂ ਕਿ ਉਨ੍ਹਾਂ ਦੇ ਹਿਰਦੇ ਵਿਚ ਹਰੀਜਨਾਂ ਲਈ ਸਚੀ ਤੜਪ ਹੈ, ਦਰਦ ਹੈ, ਅਸੀਂ ਉਨ੍ਹਾਂ ਦੀ ਬਿਹਤਰੀ ਲਈ ਜਿਥੇ ਦੁਆ ਮੰਗਦੇ ਹਾਂ ਕਿ ਉਨਾਂ ਨੇ ਸਾਡੇ ਜੀਵਨ ਸਤਰ ਨੂੰ, ਜੀਵਨ ਪਧਰ ਨੂੰ ਉਚਾ ਚੁਕਣ ਲਈ ਬਹੁਤ ਕੁਝ ਕੀਤਾ ਹੈ ਅਤੇ ਹਰ ਵਕਤ ਸੋਚਦੇ ਰਹਿੰਦੇ ਹਨ ਅਤੇ ਇਸੇ ਕਰਕੇ ਅਸੀਂ ਹਰੀਜਨ ਸਾਰੇ ਉਨਾਂ ਦੇ ਨਾਲ ਹਾਂ ਮੈਂ ਇਹ ਬੇਨਤੀ ਉਨਾਂ ਪਾਸ ਕਰਾਂਗਾ ਕਿ ਜਿਥੇ ਉਹ ਅਸਾਨੂੰ ਮਕਾਨ ਬਣਾ ਕੇ ਦੇਣ ਲਈ ਰੁਪਿਆ ਦੇ ਰਹੇ ਹਨ ਉਥੇ ਮੇਰੀ ਤਜਵੀਜ਼ ਹੈ ਕਿ

[ਭਗਤ ਗੁਰਾਂ ਦਾਸ ਹੰਸ]

ਇਸ ਦੀ ਥਾਂ ਤੇ ਅਸਾਨੂੰ ਟੈਕਨੀਕਲ ਐਜੂਕੇਸ਼ਨ ਦਾ ਪ੍ਰਬੰਧ ਕਰ ਦੇਣ । ਸਾਨੂੰ ਉਹ ਟੈਕਨੀਕਲ ਹੈਂਡ ਬਣਾਉਣ ਤਾਂ ਜੋ ਸਾਡੀ ਇਕਤਸਾਦੀ ਹਾਲਤ ਚੰਗੀ ਹੋ ਸਕੇ । ਸਾਡੇ ਬਚੇ ਟੈਕਨੀਕਲ ਵਿਦਿਆ ਪ੍ਰਾਪਤ ਕਰ ਸਕਣ । ਸਾਡੇ ਹਰੀਜਨ ਵਜ਼ੀਰ ਵੀ ਇਥੇ ਬੈਠੇ ਨੇ, ਮੈਂ ਇਨ੍ਹਾਂ ਪਾਸ ਆਪ ਦੀ ਰਾਹੀਂ ਅਰਜ਼ ਕਰਾਂਗਾ ਕਿ ਟੈਕਨੀਕਲ ਕਾਲਜ ਹਰਿਆਨਾ ਅਤੇ ਪੰਜਾਬੀ ਰੀਜਨ ਵਿਚ ਖੋਲ੍ਹ ਦਿਤੇ ਜਾਣ ਜਿਥੇ ਸਾਡੇ ਬਚੇ ਇਹ ਤਾਲੀਮ ਲੈ ਸਕਣ ਅਤੇ ਇਸ ਦੇ ਨਾਲ ਹੀ ਹਰੀਜਨ ਬਚਿਆਂ ਨੂੰ 100 ਰੁਪਿਆ ਮਹੀਨਾ ਵਜ਼ੀਫਾ ਚਾਰ ਸਾਲ ਤਕ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਉਹ ਟੈਕਨੀਕਲ ਐਜੂਕੇਸ਼ਨ ਪ੍ਰਾਪਤ ਕਰਕੇ ਆਪਣੇ ਪੈਰਾਂ ਤੇ ਖੜਾ ਹੋ ਸਕੇ ਤੇ ਜੇਕਰ ਉਹ ਨੌਕਰੀ ਨਾ ਕਰਨਾ ਚਾਹੇ ਅਤੇ ਆਪਣੇ ਕੰਮ ਵਿਚ ਲਗਣਾ ਚਾਹੇ ਤਾਂ ਉਸ ਨੂੰ ਸਰਕਾਰ ਵਲੋਂ 10 ਹਜ਼ਾਰ ਰੁਪਿਆ ਕਰਜ਼ਾ ਦਿਤਾ ਜਾਵੇ ਤਾਂ ਜੋ ਉਹ ਚੰਗਾ ਕੰਮ ਕਰਕੇ ਰੁਪਿਆ ਕਮਾ ਕੇ ਸਰਕਾਰ ਨੂੰ ਵਾਪਸ ਕਰ ਸਕੇ । ਇਸ ਤਰ੍ਹਾਂ ਸਰਕਾਰ ਨੂੰ ਕੋਈ ਘਾਟਾ ਨਹੀਂ ਪੈਣ ਦਿਤਾ ਜਾਵੇਗਾ । ਇਸ ਤਰੀਕੇ ਨਾਲ ਹਰੀਜਨਾਂ ਦਾ ਜੀਵਨ ਚੰਗਾ ਹੋ ਸਕਦਾ ਹੈ ।

ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਗੌਰਮਿੰਟ ਨੇ ਇਸ ਵੇਰ ਕੋਈ ਨਵਾਂ ਟੈਕਸ ਨਹੀਂ ਲਿਆ । ਮੈਂ ਇਹ ਵੀ ਜਾਣਦਾ ਹਾਂ ਅਤੇ ਇਤਹਾਸ ਵੇਖਣ ਤੋਂ ਪਤਾ ਲਗਦਾ ਹੈ ਕਿ ਹਰ ਕੰਮ ਲਈ ਟੈਕਸ ਦੀ ਲੋੜ ਪੈਂਦੀ ਹੈ ਇਹ ਅਜ ਕਲ ਨਹੀਂ ਸਤਜੁਗ ਵਿਚ ਵੀ ਇਤਹਾਸ ਆਉਂਦਾ ਹੈ ਕਿ ਰਾਜਾ ਹਰੀਸ਼ਚੰਦਰ ਨੇ ਟੈਕਸ ਲਿਆ ਸੀ ਮੁਰਦੇ ਨੂੰ ਫੂਕਣ ਲਈ ਉਸ ਸਮੇਂ ਮੁਰਦਾ ਟੈਕਸ ਵੀ ਸੀ । ਘੰਟੀ ਮੈਂ ਬਸ ਖਤਮ ਕਰਨ ਲਗਾ ਹਾਂ, ਡਿਪਟੀ ਸਪੀਕਰ ਸਾਹਿਬ ।

ਦੂਸਰੀ ਗੱਲ ਮੈਂ ਇਹ ਅਰਜ਼ ਕਰਨੀ ਚਾਹੁੰਦਾ ਸਾਂ ਕਿ ਟੈਕਸਾਂ ਦਾ ਬੋਝ ਤਾਂ ਸਰਕਾਰ ਦੇ ਆਪਣੇ ਸਿਰ ਪਰ ਰਿਹਾ ਹੈ । ਇਨ੍ਹਾਂ ਨੇ 10-10 ਇਨਸਪੈਕਟਰ ਰੱਖੇ ਹੋਏ ਹਨ ਉਹ ਇਕ ਇਕ ਦੁਕਾਨ ਵਿਚ ਕਈ ਵੇਰ ਜਾਂਦੇ ਹਨ ਅਤੇ ਇਸ ਤਰ੍ਹਾਂ ਨਾਲ ਵਿਚਾਰਾ ਦੁਕਾਨਦਾਰ ਇਨ੍ਹਾਂ ਨਾਲ ਹੀ ਨਿਬੜਦਾ ਰਹਿੰਦਾ ਹੈ । ਅਜ ਕਲ ਇਨਸਪੈਕਟਰਾਂ ਦਾ ਰਾਜ ਬਣਿਆ ਹੋਇਆ ਹੈ । ਅਤੇ ਇਹ ਟੈਕਸਾਂ ਦੀ ਵਸੂਲੀ ਵਿਚ ਸਰਕਾਰ ਦੇ ਖਜ਼ਾਨੇ ਨੂੰ ਨਹੀਂ ਭਰਦੇ ਸਗੋਂ ਆਪਣੀਆਂ ਜੇਬਾਂ ਭਰਦੇ ਹਨ । ਇਸ ਤਰ੍ਹਾਂ ਗੌਰਮੈਂਟ ਦਾ ਭਲਾ ਨਹੀਂ ਹੋ ਸਕਦਾ, ਸਰਕਾਰ ਜੇ ਕਰ ਇਸ ਪਾਸੇ ਧਿਆਨ ਦੇਵੇ ਤਾਂ ਜਨਤਾ ਦਾ ਭਲਾ ਹੋ ਸਕਦਾ ਹੈ । (ਘੰਟੀ) ਇਸ ਦੇ ਨਾਲ ਹੀ ਇਕ ਹੋਰ ਦਿਕਤ ਹੈ ਕਿ ਹਰੀਜਨਾਂ ਨੂੰ ਅਫਸਰ ਚੰਗੀ ਨਿਗਾਹ ਨਾਲ ਨਹੀਂ ਵੇਖਦੇ । ਕਿ ਸਵੀਪਰ ਨੂੰ ਚਪੜਾਸੀ ਲਗਾਣ ਲਈ ਉਹ ਤਿਆਰ ਨਹੀਂ ਹੁੰਦੇ ਅਤੇ ਕਹਿ ਦਿੰਦੇ ਹਨ ਕਿ ਕਦੇ ਅਸੀਂ ਪਾਣੀ ਵੀ ਇਨਾਂ ਪਾਸੋਂ ਪੀਣਾ ਹੁੰਦਾ ਹੈ ਕਦੇ ਘਰ ਵਿਚ ਰੋਟੀ ਵੀ ਪਕਵਾਣੀ ਪੈ ਜਾਂਦੀ ਹੈ ਇਸ ਲਈ ਸਵੀਪਰਾਂ ਨੂੰ ਚਪੜਾਸੀ ਨਹੀਂ ਬਣਾਇਆ ਜਾ ਸਕਦਾ । ਜਦ ਤਕ ਸਮਾਜ ਵਿਚ ਇਸ ਤਰ੍ਹਾਂ ਦੇ ਨਜ਼ਰੀਏ ਵਾਲੇ ਅਫਸਰ ਹਨ ਹਰੀਜਨਾਂ ਦਾ ਕਲਿਆਨ ਕਿਸ ਤਰ੍ਹਾਂ ਹੋ ਸਕਦਾ ਹੈ। ਇਹ ਠੀਕ ਹੈ ਕਿ 85 ਰੁਪਏ ਤਨਖਾਹ ਕਰ ਦਿਤੀ ਗਈ ਹੈ ਪਰ ਇਨਾਂ ਨੂੰ ਅਜੇ ਵੀ ਬੁਰਾ ਖਿਆਲ ਕੀਤਾ ਜਾਂਦਾ ਹੈ । ਮੈਂ ਜ਼ਿਆਦਾ ਵਕਤ ਹਾਊਸ ਦਾ ਨਹੀਂ ਲੈਣਾ ਚਾਹੁੰਦਾ ਮੈਂ ਡਿਪਟੀ ਸਪੀਕਰ ਸਾਹਿਬਾ ਆਪ ਦੀ ਘੰਟੀ ਦਾ ਅਹਿਤਰਾਸ ਕਰਦਾ ਹਾਂ ਅਤੇ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਗੌਰਮਿੰਟ ਗਰੀਬਾਂ ਦੀ ਹੈ ਅਤੇ ਸੋਸ਼ਲਿਜ਼ਮ ਅਸਾਡੀ ਮਾਂ

ਹੈ ਇਹ ਪਛੜੀਆਂ ਸ਼ਰੇਣੀਆਂ ਨੂੰ ਅਗਾਂਹ ਲਿਜਾਣ ਵਾਲਾ ਹੈ ਸਾਨੂੰ ਹਰ ਤਰ੍ਹਾਂ ਇਸ ਨੂੰ ਸਪੋਰਟ ਕਰਨਾ ਚਾਹੀਦਾ ਹੈ । ਮੈਂ ਇਨਾਂ ਕਹਿ ਕੇ ਆਪ ਦਾ ਧੰਨਵਾਦ ਕਰਦਾ ਹਾਂ ।

उपाध्यक्षा : पेश्तर इस के कि मैं किसी दूसरे मेंम्बर को काल अपान करूं यह बात आप के सामने रखना चाहती हूं । मेरे पास सरदार शमशेर सिंह जोश ने एक नोट भेजा कि श्री रूलिया राम के बाद सरदार जंगीर सिंह जोगा को बुलाया जाए । यह कोई पार्लियामैंट्री प्रैक्टिस नहीं है कि चेयर को इस तरह से डिकटेट किया जा सके । मैं हाउस को इन्फार्म करदूं कि अब तक आपोज़ीशन वाले 101 minutes ले चुके हैं और 71 मिनट ट्रैज़री बैंचिज़ ने लिए हैं, हर समय चेयर के सामने टाइम होता है और दोनों पक्षों में तवाज़न रखने की कोशिश की जाती है । मुझे अफसोस है कि जोश साहिब ने वाक-आउट किया है । मैंने बिज़नेस एडवाइज़री कमेटी में भी कहा है कि प्वायंट आफ आर्डर में और दूसरी बातों में हाउस का टाइम ज़ाया हो रहा है और मैं चाहती हूं कि संजीदगी से हाउस की कारवाई चलनी चाहिए । मैं हाउस में किसी को डिक्टेशन नहीं मानूंगी और गैर-इन्साफी भी नहीं करूंगी । (Before I call upon the next hon. Member I want to place an important matter before the House. Comrade Shamsher Singh Josh sent me a note that I should call upon Sardar Jangir Singh Joga after Shri Rulia Ram finishes his speech. It is not a parliamentary practice to dictate the Chair in this manner. I want to inform the House that so far the opposition members have spoken for 101 minutes whereas the members of the Treasury Benches have spoken for 71 minutes. The Chair always keeps in view the time allotted to both the sides and tries to keep the balance of both the sides of this House. I am sorry to note that Josh Sahib has staged a walk-out. I have already expressed my view in the Business Advisory Committee that most of the time of this House is wasted in raising points of order and other matters and I wish the House should conduct the Business in all seriousness. While I do not want to be dictated by any body in this House I would not be unjust to any one here.)

ਸਰਦਾਰ ਗੁਰਚਰਨ ਸਿੰਘ (ਮੋਗਾ) : ਡਿਪਟੀ ਸਪੀਕਰ ਸਾਹਿਬਾ, ਸਾਡੇ ਸਾਹਮਣੇ 1963-64 ਦਾ ਬਜਟ ਪੇਸ਼ ਕੀਤਾ ਗਿਆ ਹੈ । ਇਸ ਦੇ ਵਿਚ ਸਾਡੀ ਸਰਕਾਰ ਵਲੋਂ ਬੜਾ ਕੁਝ ਕਿਹਾ ਗਿਆ ਹੈ ਕਿ ਐਗਰੀਕਲਚਰ ਪ੍ਰੋਡਕਸ਼ਨ ਵਧਾਣੀ ਹੈ । ਇਸ ਮੁਲਕ ਵਿਚ ਸੋਸ਼ਲਿਜ਼ਮ ਲਿਆਣਾ ਹੈ ਇਥੇ ਡਰੇਨੇਜ ਨੂੰ ਮੁਕੰਮਲ ਕਰਨਾ ਹੈ ਪਰ ਬਜਟ ਦੇਖਣ ਤੋਂ ਬਾਅਦ ਇਨ੍ਹਾਂ ਦੇ ਰੋਜ਼ਮਰ੍ਹਾ ਦੇ ਕੰਮ ਜੋ ਚਲ ਰਹੇ ਹਨ ਨੂੰ ਦੇਖਣ ਤੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਅਸਲ ਹਾਲਾਤ ਕੀ ਹਨ ਅਤੇ ਇਹ ਸਰਕਾਰ ਕਿਨ੍ਹਾਂ ਗੱਲਾਂ ਦਾ ਜ਼ਿਕਰ ਕਰਨਾ ਚਾਹੁੰਦੀ ਹੈ ।

ਦਾ ਜ਼ਿਕਰ ਕਰਦਿਆਂ ਕਿਹਾ ਅਤੇ ਇਤਰਾਜ਼ ਕੀਤਾ ਕਿ ਇਹ ਜ਼ਿਮੀਂਦਾਰ ਜ਼ਰੂਰ ਹਨ ਪਰ ਜ਼ਿਮੀਂਦਾਰਾ ਕਰਦੇ ਨਹੀਂ ਇਸ ਕਰਕੇ ਇਹ ਐਗਰੀਕਲਚਰ ਪ੍ਰੋਡਕਸ਼ਨ ਬਾਰੇ ਅਤੇ ਇਸ ਨੂੰ ਵਧਾਣ ਬਾਰੇ ਕੀ ਕਹਿ ਸਕਦੇ ਹਨ। ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਨ੍ਹਾਂ ਤੇ ਤਾਂ ਕੋਈ ਜ਼ਿਮੇਵਾਰੀ ਨਹੀਂ ਆਉਂਦੀ। ਇਹ ਜ਼ਿਮੇਵਾਰੀ ਤਾਂ ਇਸ ਸੂਬੇ ਦੇ ਚੀਫ਼ ਮਨਿਸਟਰ ਤੇ ਆਉਂਦੀ ਹੈ ਜੋ ਹਰ ਸਮੇਂ ਇਹੋ ਹੀ ਕਹਿੰਦੇ ਹਨ ਕਿ ਪ੍ਰੋਡਕਸ਼ਨ ਅਸੀਂ ਵਧਾਣੀ ਹੈ ਉਹ ਆਪ ਵੀ ਤਾਂ ਜ਼ਿਮੀਂਦਾਰੀ ਛਡ ਗਏ ਹਨ ਅਤੇ ਹੁਣ ਇਕ ਵਡੇ ਕਾਰਖਾਨੇਦਾਰ ਬਣ ਗਏ ਹਨ। ਅਗਰ ਇਸ ਗੱਲ ਨਾਲ ਤੋਲਿਆ ਜਾਵੇ ਕਿ ਜੋ ਜ਼ਿਮੀਂਦਾਰੀ ਨਹੀਂ ਕਰਦੇ ਉਹ ਕੀ ਕਲੇਮ ਕਰ ਸਕਦੇ ਹਨ ਜਾਂ ਕੁਝ ਸਲਾਹ ਨਹੀਂ ਦੇ ਸਕਦੇ ਇਹ ਗਲਤ ਹੈ। ਜੋ ਕੁਝ ਚੌਧਰੀ ਚਾਂਦ ਰਾਮ ਜੀ ਨੇ ਹਰਦਵਾਰੀ ਲਾਲ ਜੀ ਦੇ ਮੁਤਲਿਕ ਕਿਹਾ ਹੈ ਗਲਤ ਹੈ।

उपाध्यक्षा : मैं आप से दरखास्त करूंगी कि आया अपनी बात कहें सवाल जवाब में न जाएं कि दूसरे मेम्बरान ने क्या कहा है। (I would request the hon. Member to put forward his own point of view and not to enter into controversy about what the hon. Members said.)

ਸਰਦਾਰ ਗੁਰਚਰਨ ਸਿੰਘ : ਮੈਂ, ਡਿਪਟੀ ਸਪੀਕਰ ਸਾਹਿਬਾ, ਉਨ੍ਹਾਂ ਨੂੰ ਪ੍ਰੋਵੋਕ ਨਹੀਂ ਕਰ ਰਿਹਾ। ਮੈਂ ਆਪ ਜ਼ਿਮੀਂਦਾਰ ਕਲਾਸ ਨੂੰ ਰੀਪਰਜ਼ੈਂਟ ਕਰਦਾ ਹਾਂ ਅਤੇ ਇਨ੍ਹਾਂ ਗੱਲਾਂ ਨੂੰ ਸਮਝਦਾ ਹਾਂ। ਡਿਪਟੀ ਸਪੀਕਰ ਸਾਹਿਬਾ, ਪੰਜਾਬੀ ਰੀਜਨਲ ਕਮੇਟੀ ਦੀ ਸਬ-ਕਮੇਟੀ ਜੋ ਐਗਰੀਕਲਚਰ ਸਬ-ਕਮੇਟੀ ਬਣਾਈ ਗਈ ਸੀ ਉਸ ਦਾ ਮੈਂ ਮੈਂਬਰ ਸੀ ਅਤੇ ਮੈਨੂੰ ਮੌਕਾ ਮਿਲਿਆ ਪੰਜਾਬ ਦੇ ਬੜੇ ਵਡੇ ਵਡੇ ਅਫਸਰਾਂ ਨਾਲ ਮਿਲਣ ਦਾ, ਗੱਲ ਬਾਤ ਕਰਨ ਦਾ, ਆਪਣੇ ਵਿਊਜ਼ ਦੇਣ ਦਾ ਅਤੇ ਉਨ੍ਹਾਂ ਦੇ ਵਿਊਜ਼ ਲੈਣ ਦਾ। ਤੇ ਮੈਂ ਹਾਊਸ ਵਿਚ ਇਹ ਕਹਿੰਦਾ ਹਾਂ ਕਿ ਜਿੰਨੇ ਵੀ ਐਕਸਪਰਟ ਹਨ ਜਿਨ੍ਹਾਂ ਵਿਚ ਐਗਰੀਕਲਚਰ ਯੂਨੀਵਰਸਟੀ ਦੇ ਚੀਫ਼ ਵੀ ਸ਼ਾਮਲ ਹਨ ਡਰੇਨੇਜ ਦੇ ਵਡੇ ਅਫ਼ਸਰ ਵੀ ਹਨ ਕੋਈ ਵੀ ਐਗਰੀਕਲਚਰ ਪ੍ਰੋਡਕਸ਼ਨ ਵਧਾਣ ਬਾਰੇ ਦਲੀਲ ਨਹੀਂ ਦੇ ਸਕੇ। ਚੀਫ਼ ਮਨਿਸਟਰ ਨੇ ਇਸ ਗੱਲ ਦਾ ਬਾਰ ਬਾਰ ਇਲਾਨ ਤਾਂ ਕਰ ਦਿਤਾ ਕਿ ਅਸੀਂ ਪ੍ਰੋਡਕਸ਼ਨ ਦੁਗਣੀ ਤਿਗਣੀ ਤੇ ਚੌਗਣੀ ਕਰ ਦਿਆਂਗੇ ਪਰ ਦਲੀਲ ਇਕ ਵੀ ਨਹੀਂ ਦਿਤੀ। ਮੈਂ ਸਮਝਦਾ ਹਾਂ ਕਿ ਇਨ੍ਹਾਂ ਗੱਲਾਂ ਵਿਚ ਕੋਈ ਵਜ਼ਨ ਨਹੀਂ। ਮੈਂ ਜ਼ਿਮੀਂਦਾਰ ਹਾਂ ਖੁਦ ਕਾਸ਼ਤ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਪੰਜਾਬ ਦੀ ਪੈਦਾਵਾਰ ਦੋ ਤਰੀਕਿਆਂ ਨਾਲ ਵਧਾਈ ਜਾ ਸਕਦੀ ਹੈ ਇਕ ਐਕਸਟੈਨਸਿਵ ਅਤੇ ਦੂਜਾ ਇਨਟੈਨਸਿਵ। ਜਿਥੋਂ ਤਕ ਐਕਸਟੈਨਸਿਵ ਤਰੀਕੇ ਦਾ ਸਬੰਧ ਹੈ ਪੰਜਾਬ ਵਿਚ ਕੋਈ ਕੋਨਾ ਖਾਲੀ ਨਹੀਂ ਰਿਹਾ ਜੋ ਅਸੀਂ ਛੱਡ ਦਿਤਾ ਹੋਵੇ। ਖੇਤੀ ਬਾੜੀ ਹਰ ਇਕ ਕੋਨੇ ਵਿਚ ਭਾਵੇਂ ਜ਼ਮੀਨ ਬੰਜਰ ਸੀ, ਬੀੜ ... ਇਸ ਦੇ ਨਾਲ ਹੀ ਜਿਥੇ ਤਕ ਇਨਟੈਨਸਿਵ

ਅਸੀਂ ਜ਼ਮੀਨ ਵਿਚ ਖਾਦ ਪਾ ਚੁਕੇ ਹਾਂ । ਇਸ ਤੋਂ ਇਲਾਵਾ ਪਾਣੀ ਦਾ ਸਵਾਲ ਆਉਂਦਾ ਹੈ ਮੈਂ ਸਮਝਦਾ ਹਾਂ ਕਿ ਹਿਸਾਰ ਅਤੇ ਕੁਝ ਹੋਰ ਇਸ ਤਰ੍ਹਾਂ ਦਾ ਇਲਾਕਾ ਛਡ ਕੇ ਸਾਰੀ ਜ਼ਮੀਨ ਆਬਪਾਸ਼ੀ ਦੇ ਥਲੇ ਲੈ ਆਂਦੀ ਗਈ ਹੈ । ਟਿਊਬ ਵੈਲ ਲਗਾ ਕੇ ਪਰਸ਼ੀਅਨ ਵੈਲ ਲਗਾ ਕੇ ਜਾਂ ਨਹਿਰਾਂ ਦੇ ਰਾਹੀਂ ਜ਼ਮੀਨ ਆਬਪਾਸ਼ੀ ਹੇਠ ਕਰ ਲਈ ਗਈ ਹੈ ।

ਜੇਕਰ ਸਚ ਸਮਝੋ ਜਿਤਨੇ ਵੀ ਐਲਾਨ ਹੁੰਦੇ ਹਨ ਇਹ ਸਭ ਕਹਿਣ ਨੂੰ ਹੀ ਹਨ । ਅਸਲੀਅਤ ਇਨ੍ਹਾਂ ਦੇ ਵਿਚੋਂ ਬੜੀ ਦੂਰ ਹੈ । ਜਿਥੋਂ ਤਕ ਚੀਫ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਅਸੀਂ ਪੈਦਾਵਾਰ ਵਧਾ ਦੇਣੀ ਹੈ, ਦੁਗਣੀ ਕਰ ਦੇਣੀ ਹੈ, ਬੜੀ ਚੰਗੀ ਗੱਲ ਹੈ ਜੇ ਉਹ ਇਸ ਤਰ੍ਹਾਂ ਕਰ ਦੇਣ, ਪਰ ਜਿਵੇਂ ਇਕ ਅੰਗਰੇਜ਼ੀ ਦੀ ਕਹਾਵਤ ਹੈ Charity begins at home. ਕੈਰੋਂ ਸਾਹਿਬ ਕੋਲ ਪੈਸਾ ਵੀ ਬੜਾ ਹੈ ਅਤੇ ਕੰਮ ਕਰਾਉਣ ਦੇ ਸਾਧਨ ਵੀ ਬੜੇ ਹਨ । ਇਹ ਕਿਉਂ ਨਹੀਂ 60 ਮਣ ਵਿਘੇ ਦੀ ਕਣਕ ਜਾ ਮੱਕੀ ਅਤੇ 30 ਮਣ ਵਿਘੇ ਦਾ ਨਰਮਾ ਅਤੇ ਕਪਾਸ ਪੈਦਾ ਕਰਕੇ ਦਿਖਾਉਂਦੇ । ਉਹ ਆਪ ਜ਼ਿਮੀਂਦਾਰ ਹਨ, ਖੁਦ ਕਰਕੇ ਦਿਖਾਉਣ । ਲੋਕਾਂ ਨੂੰ ਕਹਿਣ ਦਾ ਕੀ ਫਾਇਦਾ ।

ਦੂਸਰੀ ਗੱਲ, ਡਿਪਟੀ ਸਪੀਕਰ ਸਾਹਿਬਾ, ਜਿਹੜੀ ਕਿ ਮੈਂ ਕਹਿਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਪੰਜਾਬ ਸਰਕਾਰ ਨੇ ਸੀਡ ਫ਼ਾਰਮਜ਼ ਖੋਲੇ ਹਨ। ਇਹ ਵੀ ਇਨ੍ਹਾਂ ਨੂੰ ਐਡਮਿਟ ਕਰਨਾ ਪਏਗਾ ਕਿ ਇਨ੍ਹਾਂ ਲਈ ਜ਼ਮੀਨ ਵੀ ਬੜੀ ਚੰਗੀ ਖਰੀਦੀ ਗਈ ਹੈ ਅਤੇ ਜੇ ਮੈਂ ਇਸ ਫਾਰਮ ਬਾਰੇ ਪੂਰਾ ਅਨੈਲੇਸਿਜ਼ ਕਰਾਂ ਤਾਂ ਇਹ ਗੱਲ ਵੀ ਇਹ ਤਸਲੀਮ ਕਰਨਗੇ ਕਿ ਇਕ 25 ਏਕੜ ਦੇ ਸੀਡ ਫ਼ਾਰਮ ਤੇ ਇਕ ਐਗਰੀਕਲਚਰਲ ਇਨਸਪੈਕਟਰ 24 ਘੰਟੇ ਲਈ ਰਹਿੰਦਾ ਹੈ । ਇਹ ਇਕ ਟਰੇਂਡ ਅਤੇ ਪੜ੍ਹਿਆ ਲਿਖਿਆ ਆਦਮੀ ਹੁੰਦਾ ਹੈ । ਇਸ ਫਾਰਮ ਦੀ ਮੇਨਟੇਨੈਂਸ ਵਾਸਤੇ ਵਧ ਤੋਂ ਵਧ ਖਰਚ ਕੀਤਾ ਜਾਂਦਾ ਹੈ । ਪਿਛਲੇ ਸੈਸ਼ਨ ਦੇ ਮੇਰੇ ਇਕ ਸਵਾਲ ਦੇ ਜਵਾਬ ਵਿਚ ਸਰਕਾਰ ਨੇ ਦਸਿਆ ਸੀ ਕਿ ਸਾਨੂੰ ਇਸ ਸੀਡ ਫਾਰਮ ਵਿਚੋਂ ਘਾਟਾ ਪੈਂਦਾ ਹੈ। ਮੈਂ ਕਹਿੰਦਾ ਹਾਂ ਕਿ ਤੁਹਾਡੇ ਕੋਲ ਸਭ ਕੁਝ ਹੈ। ਸਾਰੇ ਸਾਧਨ ਹਨ, ਫੇਰ ਤੁਸੀਂ ਕਿਉਂ ਹੁਣ ਤਕ ਪੈਦਾਵਾਰ ਦੁਗਣੀ ਨਹੀਂ ਕਰ ਸਕੇ ।

ਇਸ ਤੋਂ ਅਗੇ ਚਲਕੇ ਮੈਂ ਡਰੇਨੇਜ ਦੇ ਮਹਿਕਮੇ ਬਾਰੇ ਵੀ ਕੁਝ ਕਹਿਣਾ ਚਾਹੁੰਦਾ ਹਾਂ । ਡਰੇਨੇਜ ਦਾ ਜੋ ਕੰਮ ਕੀਤਾ ਜਾ ਰਿਹਾ ਹੈ ਇਸ ਦੇ ਨਾਲ ਹਰ ਆਦਮੀ ਨੂੰ ਹਮਦਰਦੀ ਹੈ । ਕੀ ਅਪੋਜ਼ੀਸ਼ਨ ਅਤੇ ਕੀ ਟਰੇਜ਼ਰੀ ਬੈਂਚਿਜ਼ ਸਭ ਨੇ ਇਸ ਹਾਊਸ ਵਿਚ ਚਰਚਾ ਕੀਤੀ । ਹੁਣੇ ਹੁਣੇ ਕੁਝ ਦੋਸਤਾਂ ਨੇ ਇਥੇ ਕੁਝ ਅਫਸਰਾਂ ਦੇ ਨਾਉਂ ਵੀ ਲਏ। ਮੈਂ ਵੀ ਇਥੇ ਮਿਸਾਲਾਂ ਦੇਣੀਆਂ ਚਾਹੁੰਦਾ ਹਾਂ ਕਿ ਇਸ ਮਹਿਕਮੇ ਵਿਚ ਕਿਵੇਂ ਕੰਮ ਕੀਤੇ ਜਾ ਰਹੇ ਹਨ । ਬਸੀਆਂ ਆਊਟ ਫ਼ਾਲ ਡਿਸਟਰਿਕਟ ਫਿਰੋਜ਼ਪੁਰ ਵਿਚ ਦੀ ਜਾਂਦੀ ਹੈ । ਇਸ ਦੀ ਪਹਿਲੀ ਅਲਾਈਨਮੈਂਟ ਜਿਸ ਦੀ ਕਿ ਖੁਦਾਈ ਮੁਕੰਮਲ ਹੋ ਚੁਕੀ ਸੀ ਤਬਦੀਲ ਕਰ ਦਿਤੀ ਗਈ ਹੈ । ਇਹ ਮਹਿਜ਼ ਇਸ ਲਈ ਕਿ ਜਿਹੜੀ ਜਗ੍ਹਾ ਤੋਂ ਐਲਾਈਨਮੈਂਟ ਚੇਂਜ ਕਰਵਾਈ ਗਈ, ਉਸ ਜਗ੍ਹਾ ਦੇ ਵਸਨੀਕਾਂ ਦੀ ਕੁਝ ਸਬੰਧਤ ਅਫ਼ਸਰਾਂ ਤਕ ਅਪਰੋਚ ਸੀ । ਮੈਨੂੰ ਜਦੋਂ ਇਸ ਬਾਰੇ ਸ਼ਕ ਹੋਇਆ ਤਾਂ ਮੈਂ ਇਕ ਸਵਾਲ ਦਿਤਾ ਸੀ ਜਿਸ ਦੇ ਜਵਾਬ ਵਿਚ ਸਿੰਚਾਈ ਮੰਤਰੀ ਸਾਹਿਬ ਨੇ ਮੈਨੂੰ ਯਕੀਨ ਦਵਾਇਆ ਸੀ

[ਸਰਦਾਰ ਗੁਰਚਰਨ ਸਿੰਘ]

ਕਿ ਇਹ ਬਿਲਕੁਲ ਵੀ ਤਬਦੀਲ ਨਹੀਂ ਕੀਤੀ ਜਾਵੇਗੀ । ਪਰ ਇਕ ਸਾਲ ਬਾਅਦ ਜਿਹੜੀ ਮੇਰੀ ਸ਼ਿਕਾਇਤ ਸੀ ਉਹ ਹੀ ਪੂਰੀ ਹੋ ਗਈ, ਯਾਨੀ ਇਸ ਦੀ ਐਲਾਈਨਮੈਂਟ ਦੀ ਤਬਦੀਲੀ ਦਾ ਹੁਕਮ ਦੇ ਦਿਤਾ ਗਿਆ । ਮੈਂ ਇਸ ਬਾਰੇ ਐਕਸੀਐਨਜ਼ ਅਤੇ ਐਸ.ਈ. ਨੂੰ ਦਰਖਾਸਤਾਂ ਭੇਜੀਆਂ । ਮੈਨੂੰ ਇਸ ਦਾ ਜਵਾਬ ਇਕ ਸਰਕਾਰੀ ਚਿੱਠੀ ਰਾਹੀਂ ਦਿਤਾ ਕਿ ਅਜੇ ਅਸੀਂ ਅਲਾਈਨਮੈਂਟ ਦੀ ਪੁਟਾਈ ਨਹੀਂ ਕਰ ਰਹੇ ਅਜੇ ਇਸ ਦੀ ਪੁਟਾਈ ਦੀ ਅਪਰੂਵਲ ਵਾਸਤੇ ਲਿਖਿਆ ਹੋਇਆ ਹੈ । ਪਰ ਹਾਊਸ ਵਿਚ ਇਕ ਸਵਾਲ ਦੇ ਜਵਾਬ ਵਿਚ ਇਹ ਦੱਸਿਆ ਗਿਆ ਕਿ ਇਸ ਡਰੇਨ ਦੀ ਪੁਟਾਈ ਹੋ ਗਈ ਹੈ । ਤੁਸੀਂ ਦੇਖੋ ਇਸ ਇਤਨੀ ਕੁ ਗੱਲ ਦੀ ਖਾਤਰ ਕਿਤਨਾ ਵੱਡਾ ਝੂਠ ਬੋਲਿਆ ਹੈ । ਇਹ ਕਹਿੰਦੇ ਹਨ ਭਾਗੀਕੇ ਪਿੰਡ ਦੀ ਅਲਾਈਨਮੈਂਟ ਅਪਰੂਵਲ ਆਉਣੀ ਹੈ, ਇਨ੍ਹਾ ਨੇ ਮੰਨਿਆਂ ਹੈ ਕਿ ਪੁਟਾਈ ਸ਼ੁਰੂ ਨਹੀਂ ਹੋਈ । ਮੈਂ ਇਹ 1-2-64 ਤਰੀਕ ਦਾ ਲੈਟਰ ਹਾਊਸ ਦੀ ਟੇਬਲ* ਤੇ ਰੱਖਣਾ ਚਾਹੁੰਦਾ ਹਾਂ । ਗੋਲੇਵਾਲ ਦੀ ਡਰੇਨ ਅਲਾਈਨਮੈਂਟ ਹੋ ਚੁਕੀ ਹੈ । ਮੇਰਾ ਖਿਆਲ ਹੈ ਇਸ ਦੀ ਅਪਰੂਵਲ ਵੀ ਮਿਲ ਗਈ ਹੈ । ਪਰ ਇਸ ਦੀ ਅਲਾਈਨਮੈਂਟ ਦੀ ਤਬਦੀਲੀ ਵਾਸਤੇ ਇਸ ਇਲਾਕੇ ਦੇ ਕਾਂਗਰਸੀ ਨੇਤਾਵਾਂ ਨੇ ਮੁਤਬਰ ਲੀਡਰਾਂ ਨੂੰ ਅਪਰੋਚ ਕੀਤਾ ਅਤੇ IPM ਤੇ CM ਨੂੰ ਅਪਰੋਚ ਕੀਤਾ ਗੋਲੇਵਾਲਾ ਡਰੇਨ ਜਿਹੜੀ ਕਿ 120 ਤੋਂ 146 ਫੁਟ ਤਕ ਪੁਟੀ ਜਾ ਚੁਕੀ ਸੀ, ਇਸ ਬਾਰੇ ਮੈਨੂੰ ਆਈ. ਪੀ. ਐਮ. ਸਾਹਿਬ ਨੇ ਇਤਲਾਹ ਦਿਤੀ ਕਿ ਇਹ ਐਲਾਈਨਮੈਂਟ ਗ਼ਲਤ ਹੈ । ਹੁਣ ਜਿਹੜੀ ਇਨ੍ਹਾਂ ਦੇ ਇੰਜਨੀਅਰਾਂ ਦੀ ਸਲਾਹ ਹੈ ਉਹ ਇਹੋ ਹੈ ਕਿ ਇਕ ਤਾਂ ਇਹ ਜਗ੍ਹਾ ਉਚੀ ਹੈ ਅਤੇ ਸਰਕਾਰ ਦਾ ਇਸ ਤੇ 30 ਹਜ਼ਾਰ ਰੁਪਿਆ ਹੋਰ ਵਾਧੂ ਖਰਚ ਹੋਣਾ ਹੈ । ਇਹ ਉਸ ਸੂਬੇ ਦੀ ਐਡਮਨਿਸਟਰੇਸ਼ਨ ਦੀ ਹਾਲਤ ਹੈ ਜਿਸ ਨੂੰ ਇਹ ਕਹਿੰਦੇ ਹਨ ਕਿ ਸਭ ਤੋਂ ਅਗੇ ਅਸੀਂ ਵਧਾ ਦਿਤਾ ਹੈ । ਅਸੀਂ ਚਾਹੁੰਦੇ ਹਾਂ ਕਿ ਡਰੇਨਜ਼ ਦਾ ਕੰਮ ਛੇਤੀ ਤੋਂ ਛੇਤੀ ਮੁਕੰਮਲ ਹੋ ਜਾਵੇ । ਪਰ ਇਥੇ ਕਿਸੇ ਦੀ ਜ਼ਰੂਰਤ ਨੂੰ ਨਹੀਂ ਵੇਖਿਆ ਜਾਂਦਾ ਇਥੇ ਤਾਂ ਪੁਲੀਟੀਕਲ ਬੰਦਿਆਂ ਦੇ ਹਥ ਵਿਚ ਤਾਕਤ ਹੈ ਜਿਥੇ ਵੀ ਇਕ ਗਲ ਤੇ ਪੰਜ-ਚਾਰ ਮੈਂਬਰ ਬਜ਼ਿਦ ਹੋ ਗਏ ਉਥੇ ਹੀ ਉਨ੍ਹਾਂ ਦੀ ਉਹ ਗਲ ਮੰਨ ਲਈ ਜਾਂਦੀ ਹੈ ਚਾਹੇ ਉਹ ਨਾਜਾਇਜ਼ ਕਿਉਂ ਨਾ ਹੋਵੇ । ਸਾਡੇ ਉਤੇ ਇਸ ਤਰ੍ਹਾਂ ਦੇ ਰੀਪਰੇਸ਼ਨ ਪਾਏ ਜਾਂਦੇ ਹਨ ਕਿ ਇਸ ਹਾਊਸ ਵਿਚ ਜਿਨ੍ਹਾਂ ਵੋਟਰਜ਼ ਦੀ ਨੁਮਾਇੰਦਗੀ ਕਰਨੀ ਹੁੰਦੀ ਹੈ ਅਸੀਂ ਉਨਾਂ ਨੂੰ ਭੁਲਾ ਦਿੰਦੇ ਹਾਂ । ਮੈਂ ਕਿਸੇ ਹੋਰ ਤੇ ਕਿਉਂ ਇਲਜ਼ਾਮ ਲਾਵਾਂ ਮੇਰੀ ਆਪਣੀ ਪਾਰਟੀ ਵਿਚੋਂ ਅਜ ਉਹ ਉਧਰ ਕਾਂਗਰਸ ਵਿਚ ਜਾ ਬੈਠੇ ਹਨ । ਇਹ ਉਹ ਲੋਕ ਹਨ ਜਿਨ੍ਹਾਂ ਨੂੰ ਤਾਂ ਲੋਕਾਂ ਨੇ ਵੋਟਾਂ ਦਿਤੀਆਂ ਸਨ ਕਿ ਇਨ੍ਹਾਂ ਨੇ ਕਾਂਗਰਸ ਰਾਜ ਨੂੰ ਖੂਬ ਭੰਡਿਆ ਸੀ, ਇਸ ਨਿਜ਼ਾਮ ਦੇ ਅਸੂਲਾਂ ਨੂੰ ਭੰਡਿਆ ਸੀ, ਪਰ ਅਜ ਉਹ ਇਤਨੇ ਹੋਸ਼ ਵਾਲੇ ਬਣ ਗਏ ਹਨ ਕਿ ਸਾਡੇ ਕਾਂਡਕਟ ਤੇ ਰੀਫਲੈਕਸ਼ਨ ਪਾਉਂਦੇ ਹਨ । ਮੈਂ ਉਨ੍ਹਾਂ ਨੂੰ ਇਕੋ ਹੀ ਗਲ ਕਹਾਂਗਾ ਕਿ ਉਹ ਜਮਾਤ ਕਿਤਨੀ ਘਟੀਆ ਹੈ ਜਿਹੜੀ ਇਸ ਕਿਸਮ ਦੇ ਬੰਦਿਆਂ ਨੂੰ ਜਿਹੜੇ ਅਜ ਤਕ ਇਨ੍ਹਾਂ ਦੀ ਭੰਡੀ ਕਰਦੇ ਰਹੇ ਹੋਣ ਆਪਣੇ ਵਿਚ ਮਿਲਾਉਂਦੀ ਹੈ, ਮਹਿਜ਼ ਆਪਣੀ ਮੈਜਾਰਟੀ ਕਾਇਮ ਰਖਣ ਵਾਸਤੇ । ਕੀ ਇਹ ਹੀ ਉਸ ਦੇ ਅਸੂਲ ਹਨ ।

ਮੈਂ ਤੁਹਾਡੀ ਖਿਦਮਤ ਵਿਚ ਇਕੋ ਹੀ ਗਲ ਅਰਜ਼ ਕਰਾਂਗਾ ਕਿ ਮਾਈਨਰ ਇਰੀਗੇਸ਼ਨ ਵਿਚ ਜਿਹੜਾ ਕੰਮ ਹੋਇਆ ਸੀ ਉਸ ਵਿਚ ਬੜੀਆਂ ਗਲਤੀਆਂ ਹੋਈਆਂ ਸਨ । ਅਸੀਂ ਉਸ ਵੇਲੇ ਜਦੋਂ ਕਿ ਇਹ ਮਹਿਕਮਾ ਸਰਦਾਰ ਦਰਬਾਰਾ ਸਿੰਘ ਜੀ ਕੋਲ ਸੀ ਉਨ੍ਹਾਂ ਦੇ ਨੋਟਿਸ

*Kept in the library.

ਵਿਚ ਲਿਆਂਦਾ ਸੀ ਕਿ ਫਲਾਣੇ ਫਲਾਣੇ ਬਲਾਕ ਵਿਚ ਫਲਾਂ ਫਲਾਂ ਆਦਮੀ ਨੂੰ ਗਲਤ ਲੋਨ ਡਿਸਟਰੀਬਿਊਟ ਕੀਤਾ ਹੈ ਜੇ ਉਸ ਨੇ ਯੂਜ਼ ਕੀਤਾ ਹੈ ਤਾਂ ਗਲਤ ਯੂਟੇਲਾਈਜ਼ ਕੀਤਾ ਹੈ, ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਸਰਦਾਰ ਦਰਬਾਰਾ ਸਿੰਘ ਨੇ ਇਨ੍ਹਾਂ ਦੀ ਇਨਕੁਆਇਰੀ ਦੇ ਆਰਡਰਜ਼ ਵੀ ਕਰ ਦਿਤੇ ਸਨ। ਪਰ ਫਿਰ ਇਹ ਮਹਿਕਮਾ C.M. ਸਾਹਿਬ ਦੇ ਸਪੁਰਦ ਹੋ ਗਿਆ ਅਤੇ ਨਤੀਜਾ ਇਹ ਨਿਕਲਿਆ ਕਿ ਇਨਕੁਆਇਰੀ ਹੋਣ ਦੀ ਬਜਾਏ ਇਹ ਮੁਆਮਲਾ ਹੀ ਠਪ ਕਰ ਦਿਤਾ ਗਿਆ। ਇਹ ਇਨ੍ਹਾਂ ਦੀ ਇਨਸਾਫ ਦੀ ਐਡਮਨਿਸਟਰੇਸ਼ਨ ਹੈ। ਪਿਛਲੇ ਦਿਨਾਂ ਵਿਚ 19-20 ਤਾਰੀਖ ਨੂੰ ਇਸ ਸਬੰਧ ਵਿਚ ਜਦੋਂ ਮੇਰਾ ਇਕ ਸਵਾਲ ਆਇਆ ਤਾਂ ਇਨ੍ਹਾਂ ਨੇ ਇਹ ਜਵਾਬ ਦਿਤਾ that it is not in the public interest ਕਿ ਇਨ੍ਹਾਂ ਦੇ ਨਾਉਂ ਦਸੇ ਜਾਣ।

ਮੈਂ ਡਿਪਟੀ ਸਪੀਕਰ ਸਾਹਿਬਾ, ਚੈਲੰਜ ਕਰਦਾ ਹਾਂ ਕਿ ਅਜਿਹੇ ਗਲਤ ਬੰਦਿਆਂ ਨੂੰ ਲੋਨ ਦਿਤਾ ਗਿਆ ਜਿਨਾਂ ਨੇ ਪੰਜ, ਛੇ ਸਾਲਾਂ ਤੋਂ ਨਾ ਹੀ ਉਨਾਂ ਨੇ ਕੋਈ ਟਿਊਬ ਵੈਲਜ਼ ਲਗਾਏ ਨਾ ਹੀ ਉਨਾ ਨੂੰ ਕਿਸੇ ਨੇ ਪੁਛਿਆ। ਜਿਥੋਂ ਤਕ ਇਸ ਬਜਟ ਦੀਆਂ ਫਿਗਰਜ਼ ਦਾ ਤਾਅਲੁਕ ਹੈ, ਮੈਂ, ਡਿਪਟੀ ਸਪੀਕਰ ਸਾਹਿਬਾ, ਕਹਿਣਾ ਚਾਹੁੰਦਾ ਹਾਂ ਕਿ ਇਸ ਨਾਲ ਲੋਕਾਂ ਦਾ ਕੁਛ ਨਹੀਂ ਬਣ ਸਕਦਾ। ਮੈਂ ਤੁਹਾਡੀ ਰਾਹੀਂ ਡਿਪਟੀ ਸਪੀਕਰ ਸਾਹਿਬਾ, ਇਸ ਸਰਕਾਰ ਦਾ ਧਿਆਨ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ ਕਿ ਜਿਥੇ ਗਲਤ ਬੰਦਿਆਂ ਨੂੰ ਲੋਨਜ਼ ਦਿਤੇ ਗਏ ਹਨ, ਉਨਾਂ ਨੂੰ ਵੇਖੇ ਤੇ ਚੈਕ ਕਰੇ ਔਰ ਛਰੇਨਿਜ਼ ਦੇ ਬਾਰੇ ਜੋ ਗਲਤ ਬਿਆਨੀਆਂ ਕੀਤੀਆਂ ਹਨ ਉਨਾਂ ਨੂੰ ਰਿਮੂਵ ਕਰੇ ਅਤੇ ਕਿਉਂ ਇਸ ਤਰ੍ਹਾਂ ਕੀਤਾ ਗਿਆ ਇਸ ਗਲ ਦਾ ਮਨਿਸਟਰ ਸਾਹਿਬ ਹਸ ਕੇ ਨਹੀਂ, ਸਗੋਂ ਸੰਜੀਦਗੀ ਨਾਲ ਜਵਾਬ ਦੇਣ।

श्री रूप लाल मेहता (पलवल) : आदरणीय डिप्टी स्पीकर साहिबा, फाइनैंस मिनिस्टर साहिब ने जो बजट पेश किया है, उस पर इस सदन में बहस हो रही है । उसी पर आप की आज्ञा से कुछ विचार प्रकट करने के लिए खड़ा हुआ हूं । मैं समझता हूं कि वित्त मंत्री साहब ने जिस सुलझे हुए तरीके के साथ और तजुरबे के साथ 112 करोड़ रुपए का जो बजट पेश किया है हमें उसके लिए उन को क्रेडिट देना चाहिए और इसकी सराहना करनी चाहिए तथा उनको मुबारिकबाद पेश करना चाहिए ।

डिप्टी स्पीकर साहिबा, अगर गहराई से देखा जाए तो पता चलेगा कि 15–16 साल से पंजाब ने बहुत भारी तरक्की की है । और इस साल के बजट में खास यह है कि किसी किस्म का कोई टैक्स का बोझ किसी पर नहीं डाला गया । इस लिए इस तरक्की को देखते हुए और बजट में टैक्स का रिलीफ देखते हुए हमें इस चीज के लिए क्रेडिट देना चाहिए —(विघ्न)— मैं यह समझता हूं कि यह बजट है तो घाटे का लेकिन सरकार इसको अपने रिसोर्सिज के जरिए पूरा करेगी । अपोज़ीशन वाले भाई अगर गहराई से देखें तो उन्हें इस बात का पता चलेगा कि इंडस्ट्रीज के क्षेत्र में, इंजीनियरिंग के क्षेत्र में, तालीम के क्षेत्र में, एग्रीकल्चर के क्षेत्र में गर्ज़ यह कि हर क्षेत्र में इस सूबे ने

[श्री रूप लाल मेहता]

एक नुमायां तरक्की की है। लेकिन हमारे अपोज़ीशन के साथी उस निगाह से नहीं देखते जिस निगाह से कि देखने की जरुरत है। अगर वह सच्चे दिल से मालूम करने की कोशिश करें तो उन्हें पता चलेगा कि क्या अपने मुल्क क्या बाहर के मुल्कों का कोई भी आदमी जब हमारे सूबे में आता है, तो उसे पंजाब की प्रशंसा करनी पड़ती है। यह सब क्या है ? यह इस लिए कि सन् 1947 के बाद हमारे सूबे ने बहुत ज़्यादा प्रौग्रेस की है। हम इतनी बड़ी योजनाएं चलाते हैं, इतने डिवैलपमैंट के काम करते हैं, और लोगों को आगे बढ़ाते, तो फिर क्या वजह है कि उस का क्रेडिट इस सरकार को नहीं दिया जाता ? आपोज़ीशन को चाहिए कि वह इन बातों पर विचार करें।

इस बजट में विशेष बात यह मिलती है कि हमारी सरकार इस सूबे को एक समाजवादी ढांचे में ढालना चाहती है लेकिन यह दूसरी बात है कि उस में टाइम लग सकता है। और यह तो सभी जानते हैं कि कोई देश या एम्पायर एक दिन में नहीं बनता उसके लिए तो टाइम लगता ही है। मगर अपोज़ीशन के लोग जो प्रॉपेगंडा इस सरकार के खिलाफ करते हैं, वह एक सियासी प्रोपेगंडा है। वरना हमारे सूबे ने बहुत अधिक तरक्की की है और इंडस्ट्री के क्षेत्र में तो अमृतसर से लेकर फरीदाबाद तक बराबर काम हुआ है। जिस की सराहना करनी पड़ेगी। (Shri Rup Lal Mehta was still in possession of the House when it adjourned.)

1.30 p.m. **Deputy Speaker** : The House stands adjourned till 9·00 a.m., tomorrow.

(*The Sabha then adjourned till* 9.00 *a.m., on Wednesday, the* 4*th March*, 1964)

24764 PVS—386—14-8-64—C.,P. &S.Pb., Chandigarh.

Published under the authority of the Punjab Vidhan Sabha and printed by the Controller, Printing & Stationery, Punjab, Chandigarh.

Chief Reporter
Punjab Vidhan Sabha
Chandigarh